
ਗੁਰਮਤਿ ਸੰਗੀਤ ਦਾ
ਪਹਿਲਾ ਰਬਾਬੀ
ਭਾਈ ਮਰਦਾਨਾ
ਡਾ. ਹਰਭਜਨ ਸਿੰਘ ਸੇਖੋਂ, ਦਾਖਾ

SIKHBOOKCLUB.COM




SIKHBOOKCLUB.COM





SIKHBOOKCLUB.COM







SIKHBOOKCLUB.COM



ੴ

ਸਤਿਗੁਰ ਪ੍ਰਸਾਦਿ॥

# ਗੁਰਮਤਿ ਸੰਗੀਤ
# ਦਾ ਪਹਿਲਾ
# ਰਬਾਬੀ
# ਭਾਈ ਮਰਦਾਨਾ

ਡਾ. ਹਰਭਜਨ ਸਿੰਘ ਸੇਖੋਂ, ਦਾਖਾ

SIKHBOOKCLUB.COM

# ਸਮੱਰਪਣ

ਰਬਾਬੀ ਭਾਈ ਮਰਦਾਨਾ ਜੀ, ਉਨ੍ਹਾਂ ਦੀ ਬੰਸ ਅਤੇ ਮਹਾਨ ਰਬਾਬੀਆਂ ਨੂੰ ਜਿਨ੍ਹਾਂ ਗੁਰਬਾਣੀ ਸੰਗੀਤ ਨੂੰ ਬੜੇ ਪ੍ਰੇਮ, ਸ਼ਰਧਾ ਅਤੇ ਭਾਵਨਾ ਨਾਲ ਗਾ ਕੇ ਸਿੱਖ ਸੰਗਤ ਦੇ ਮਨਾਂ ਨੂੰ ਆਨੰਦਤ ਕੀਤਾ ਅਤੇ ਕਰ ਰਹੇ ਹਨ।

SIKHBOOKCLUB.COM

ਪਹਿਲੀ ਵਾਰ ਛਪੀ
2015
ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ

ਲੇਖਕ ਡਾ. ਹਰਭਜਨ ਸਿੰਘ ਸੇਖੋਂ
ਪਿੰਡ ਦਾਖਾ, ਕਾਲਜ ਰੋਡ ਦਾਖਾ,
ਜਿਲ੍ਹਾ ਲੁਧਿਆਣਾ – 141102
e-mail : sekhonhsd@yahoo.com
ਫੋਨ ; 9463377009 (ਭਾਰਤ)

ਕੈਨੇਡਾ
Dr Harbhajan Singh Sekhon
13130 69 Ave
Surrey B.C. Canada
V3WIR7
Phone 001-778-218-1432

ਮਾਇਕ ਸਹਾਇਤਾ
ਗੁਰਦੁਆਰਾ ਸਿੰਘ ਸਭਾ
ਕਾਲਜ ਰੋਡ, ਦਾਖਾ ਦੀ ਸੰਗਤ ਵੱਲੋਂ

ਛਾਪਕ
ਫੁਆਇਲ ਪਰਿੰਟ੍ਰਜ਼
ਲੁਧਿਆਣਾ
+91-161-2404979, 2404093
email: foil@vsnl.com
www.foil printers Ludhiana.com.

SIKHBOOKCLUB.COM

# ਤਤਕਰਾ


| | | ਪੰਨਾ |
|---|---|---|
| | ਦੋ ਸ਼ਬਦ | i - ii |
| | ਮੁੱਖ ਬੰਦ | iii-viii |
| | ਭੂਮਿਕਾ | ix-xii |
| 1) | ਜੀਵਨ ਪੰਧ | 1 |
| 2) | ਗੁਰਮਤਿ ਸੰਗੀਤ | 37 |
| 3) | ਰਬਾਬ ਅਤੇ ਰਬਾਬੀ ਘਰਾਣੇ | 53 |
| 4) | ਚਾਰ ਉਦਾਸੀਆਂ ਦਾ ਰਾਹੀ | 73 |
| 5) | ਗੁਰਬਾਣੀ ਰਚੇਤਾ | 118 |
| | ਪੁਸਤਕ ਪ੍ਰਮਾਣ | 126 |


SIKHBOOKCLUB.COM

# ਦੋ ਸ਼ਬਦ

ਸਿੱਖ ਧਰਮ ਵਿੱਚ ਸ਼ਬਦ ਅਤੇ ਸੰਗੀਤ ਦੀ ਅਟੁੱਟ ਸਾਂਝ ਹੈ। ਗੁਰੂ ਸਾਹਿਬਾਨ ਦੁਆਰਾ ਪ੍ਰਚਲਿਤ ਤੇ ਸਥਾਪਤ ਗੁਰੂ ਦਾ ਇਹ ਗੁਰਮਤਿ ਸੰਗੀਤ ਸਦੀਆਂ ਤੋਂ ਜੀਵੰਤ ਰੂਪ ਵਿਚ ਕਾਰਜਸ਼ੀਲ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਨੂੰ ਰਬਾਬੀ ਭਾਈ ਮਰਦਾਨਾ ਦੇ ਇਲਾਹੀ ਨਾਦ ਸੰਗ ਸਮੁੱਚੀ ਮਾਨਵਤਾ ਦੇ ਉਦਾਰ ਲਈ ਸਾਕਾਰ ਕੀਤਾ। ਵਰਤਮਾਨ ਤੱਕ ਗੁਰੂ ਦਾ ਇਹ ਇਲਾਹੀ ਸੰਗੀਤ ਹੁਣ ਗਲੋਬਲ ਪੱਧਰ 'ਤੇ ਇਕ ਸਥਾਪਿਤ ਸੰਗੀਤ ਪਰੰਪਰਾ ਵਜੋਂ ਦ੍ਰਿਸ਼ਮਾਨ ਹੋ ਰਿਹਾ ਹੈ ਜਿਸ ਦਾ ਆਪਣਾ ਸਿਧਾਂਤ, ਸਰੂਪ ਅਤੇ ਇਤਿਹਾਸ ਹੈ। ਗੁਰ ਸ਼ਬਦ ਕੀਰਤਨ ਦੀ ਪਰੰਪਰਾ ਨਾਲ ਪਿਆਰ ਰੱਖਣ ਵਾਲੇ ਅਭਿਲਾਸ਼ੀ ਹਮੇਸ਼ਾ ਹੀ ਗੁਰ ਸ਼ਬਦ ਸੰਗੀਤ ਦੇ ਇਲਾਹੀ ਪੈਂਡਿਆਂ ਦੀਆਂ ਪੈੜਾਂ ਦੀ ਤਲਾਸ਼ ਵਿਚ ਲਗੇ ਰਹਿੰਦੇ ਹਨ ਜਿਨ੍ਹਾਂ ਵਿੱਚੋਂ ਇੱਕ ਡਾ. ਹਰਭਜਨ ਸਿੰਘ ਸੇਖੋਂ ਹਨ। ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦੇ ਰਹਿ ਚੁੱਕੇ ਫਸਲ ਵਿਗਿਆਨੀ ਡਾ. ਸੇਖੋਂ ਨੇ ਟਕਸਾਲੀ ਕੀਰਤਨ ਦੀ ਰੂਹਾਨੀਅਤ ਅਤੇ ਉੱਚ ਕੋਟੀ ਦੇ ਕੀਰਤਨਕਾਰਾਂ ਦੀ ਸੰਗਤ ਨੂੰ ਮਾਣਿਆ ਹੈ। ਇਸ ਅਨੁਭਵ ਕਰਕੇ ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ ਰਬਾਬੀ ਭਾਈ ਮਰਦਾਨਾ ਸਬੰਧੀ ਕਈ ਵਰ੍ਹਿਆਂ ਤੋਂ ਨਿਰੰਤਰ ਖੋਜ ਕਰਦਿਆਂ ਇਸ ਨੂੰ ਪੁਸਤਕ ਰੂਪ ਦੇਣ ਦਾ ਉਪਰਾਲਾ ਕੀਤਾ ਹੈ।

SIKHBOOKCLUB.COM

ਸਿੱਖ ਇਤਿਹਾਸ ਅਤੇ ਸਿੱਖ ਸਰੋਤਾਂ ਵਿਚੋਂ ਗੁਰਮਤਿ ਸੰਗੀਤ ਦੀਆਂ ਪੈੜਾਂ ਲਭਣ ਲਈ ਪ੍ਰਮਾਣਿਕ ਤੇ ਵਿਗਿਆਨਕ ਸੋਚ ਲਾਜ਼ਮੀ ਹੈ। ਸਿੱਖ ਸਰੋਤਾਂ ਵਿਚੋਂ ਗੁਰਮਤਿ ਸੰਗੀਤ ਦਾ ਪ੍ਰਮਾਣਿਕ ਇਤਿਹਾਸ ਵੀ ਅਜੇ ਹੋਰ ਖੋਜ ਦਾ ਮੋਹਤਾਜ ਹੈ। ਅਜਿਹੀ ਸੂਰਤ ਵਿਚ ਡਾ. ਹਰਭਜਨ ਸਿੰਘ ਸੇਖੋਂ ਹੋਰਾਂ ਦਾ ਇਹ ਕਾਰਜ ਮਹੱਤਵਪੂਰਨ ਅਤੇ ਲਾਹੇਵੰਦ ਹੈ। ਡਾ. ਹਰਭਜਨ ਸਿੰਘ ਨੇ ਇਸ ਪੁਸਤਕ ਨੂੰ ਲਿਖਣ ਲਈ ਰਸਾਤਮਕ ਤੇ ਰੋਚਕ ਢੰਗ ਅਪਨਾਇਆ ਤਾਂ ਜੋ ਸਧਾਰਨ ਪਾਠਕ ਸਾਹਵੇਂ ਰਬਾਬੀ ਭਾਈ ਮਰਦਾਨਾ ਦੀ ਨੂਰਾਨੀ, ਰੂਹਾਨੀ ਤੇ ਸਰੋਦੀ ਸ਼ਖਸੀਅਤ ਦਾ ਸ਼ਬਦ ਚਿਤਰਣ ਹੋ ਸਕੇ। ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਨਾਨਕ ਪਾਤਸ਼ਾਹ ਦੇ ਸੰਗ ਮਰਦਾਨੇ ਦਾ ਜ਼ਿਕਰ ਅਗਿਆਨੀ ਸਿੱਖ ਪ੍ਰਚਾਰਕਾਂ ਦੁਆਰਾ ਵਿਕਰਿਤ ਢੰਗ ਨਾਲ ਹੀ ਹੋਇਆ। ਇਸ ਸੰਦਰਭ ਵਿਚ ਲੇਖਕ ਦਾ ਇਹ ਯਤਨ ਵਿਸ਼ੇਸ਼ ਹੈ। ਪੁਸਤਕ ਦੇ ਵੱਖ-ਵੱਖ ਵਿਸ਼ਿਆਂ ਅਧੀਨ ਭਾਗ ਭਰੀ ਤਲਵੰਡੀ, ਗੁਰੂ ਨਾਨਕ ਮਿਲਾਪ, ਮਰਜਾਣੇ ਤੋਂ ਮਰਦਾਨਾ, ਨੀਵੀਂ ਜਾਤ ਦਾ ਮਿਰਾਸੀ ਮਿੱਤਰ, ਕਿਵੇਂ ਗੁਰੂ ਬਾਬੇ ਦਾ ਪਰਮ ਸੰਗੀ ਬਣਿਆ, ਇਹ ਗਾਥਾ ਇਸ ਪੁਸਤਕ ਵਿੱਚ ਹੈ। ਭਾਈ ਮਰਦਾਨਾ ਦੀ ਪਰਿਵਾਰਕ, ਸਮਾਜਿਕ ਅਤੇ ਆਪਣੇ ਜੀਵਨ ਦੀ ਪੂਰਨ ਕੁਰਬਾਨੀ ਪਰਤ-ਦਰ-ਪਰਤ ਇਸ ਪੁਸਤਕ ਵਿਚੋਂ ਪ੍ਰਕਾਸ਼ਮਾਨ ਹੋ ਰਹੀ ਹੈ।

ਸਧਾਰਨ ਪਾਠਕਾਂ ਲਈ ਗੁਰਮਤਿ ਸੰਗੀਤ ਦੇ ਸਿਧਾਂਤ ਦੀ ਆਮ ਸ਼ਬਦਾਂ ਵਿਚ ਲੇਖਕ ਨੇ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਵਲੋਂ ਭਾਈ ਮਰਦਾਨਾ ਦੇ ਰਬਾਬ ਸਾਜ਼ ਸਬੰਧੀ ਹੁਣ ਤੱਕ ਦੀ ਸਮੁੱਚੀ ਜਾਣਕਾਰੀ ਨੂੰ ਸੰਖੇਪ ਰੂਪ ਵਿੱਚ ਬਿਆਨਣ ਦਾ ਯਤਨ ਵੀ ਪ੍ਰਤੱਖ ਹੈ। ਭਾਈ ਮਰਦਾਨਾ ਦੀ ਸ਼ਖਸੀਅਤ ਗੁਰਮਤਿ ਸੰਗੀਤ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਇਤਿਹਾਸ ਤੋਂ ਬਿਨਾਂ ਸੰਪੂਰਨ ਨਹੀਂ ਸੀ ਹੋ ਸਕਦੀ, ਇਸ ਲਈ ਲੇਖਕ ਨੇ ਇਸ ਉਲੇਖ ਸਬੰਧੀ ਉਚੇਚੇ ਯਤਨ ਕੀਤੇ ਹਨ। ਸਮੁੱਚੇ ਰੂਪ ਵਿਚ ਗੁਰਮਤਿ ਸੰਗੀਤ ਦੇ ਅਨਿਨ ਸ਼ਰਧਾਲੂ ਡਾ. ਹਰਭਜਨ ਸਿੰਘ ਸੇਖੋਂ ਦਾ ਇਹ ਯਤਨ ਭਾਈ ਮਰਦਾਨਾ ਦੀ ਸ਼ਖਸੀਅਤ ਦੇ ਸਰਬਾਂਗੀ ਪਹਿਲੂਆਂ ਨੂੰ ਦ੍ਰਿਸ਼ਮਾਨ ਕਰਨ ਵਿਚ ਸਫ਼ਲ ਹੋਵੇ, ਇਹੋ ਅਰਦਾਸ ਹੈ। ਇਸ ਉੱਦਮ ਲਈ ਲੇਖਕ ਨੂੰ ਬਹੁਤ-ਬਹੁਤ ਮੁਬਾਰਕ ਹੈ ਜਿਨ੍ਹਾਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਆਪਣੀ ਪੁਸਤਕ ਦੇ ਲੇਖਨ ਦੁਆਰਾ ਗੁਣਾਤਮਕ ਵਾਧਾ ਕਰਕੇ ਸਾਨੂੰ ਕ੍ਰਿਤਾਰਥ ਕੀਤਾ ਹੈ।

**ਗੁਰਨਾਮ ਸਿੰਘ (ਡਾ.)**
ਪ੍ਰੋਫੈਸਰ ਤੇ ਮੁਖੀ
ਗੁਰਮਤਿ ਸੰਗੀਤ ਚੇਅਰ
ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
drgnam@yahoo.com

SIKHBOOKCLUB.COM

# ਮੁੱਖ ਬੰਦ

*ਗੁਰ ਨਾਨਕ ਦੀਆਂ ਤਾਰਾਂ ਨੇ, ਰਿਸ਼ਤਾ ਤਰਕਵਾਦ ਨਾਲ ਕਰਿਆ।*
*ਹੜ੍ਹ ਆਇਆ ਬਾਣੀ ਦਾ, ਜਿਸ ਨੇ ਸਾਹਿਤ-ਸਮੁੰਦਰ ਭਰਿਆ।*
*ਫਿਰ ਦਿਲ ਦੀਆਂ ਤਾਰਾਂ ਨੇ, ਰਬਾਬੀ ਤਾਰਾਂ ਜਾ ਹਿਲਾਈਆਂ।*
*ਵਿੱਚੋਂ ਰਾਗ-ਰਸ ਝਰਿਆ, ਮਰਦਾਨੇ ਨੂੰ ਮਿਲੀਆਂ ਵਡਿਆਈਆਂ।*
*ਬਾਲਾ ਮਰਦਾਨਾ ਲੈ ਬਾਬੇ, ਚਹੁੰ ਕੂੰਟੀ ਭ੍ਰਮਣ ਕਰਿਆ।*
*ਮਰਦਾਨੇ ਦੀਆਂ ਜੁਗਤਾਂ ਨੇ, ਰਾਗਣੀਆਂ ਰਾਗਾਂ ਨੂੰ ਸੁਰ ਕਰਿਆ।*
*ਬਾਬੇ ਕਿਹਾ ਮਰਦਾਨਾ ਜੀ, ਤੁਸੀਂ ਜਾਉ ਰਬਾਬ ਵਜਾਈ।*
*ਏਧਰੋਂ ਧੁਨਾਂ ਰਬਾਬ ਦੀਆਂ, ਓਧਰੋਂ ਧੁਰ ਕੀ ਬਾਣੀ ਆਈ।*

ਰਾਗ, ਸੁਰ, ਤਾਲ ਅਤੇ ਮਨੁੱਖ ਦਾ ਰਿਸ਼ਤਾ ਮੁੱਢ-ਕਦੀਮੀ ਹੈ। ਮਨੁੱਖ ਸੰਸਾਰ ਦੇ ਕਿਸੇ ਹਿੱਸੇ ਵਿੱਚ ਵੀ ਵਸਦਾ ਹੋਵੇ, ਢਿੱਡ-ਭੁੱਖ ਤੋਂ ਬਾਅਦ ਅਗਲੀ ਭੁੱਖ ਰਾਗ-ਰਸ ਹੈ। ਰਾਗਾਂ ਵਿੱਚੋਂ ਪ੍ਰਾਪਤ ਹੋਣ ਵਾਲੇ ਰਸਾਂ ਦੀ ਗਿਣਤੀ ਨੌਂ ਹੈ, ਜੋ ਸਮੇਂ ਦੇ ਹਾਲਾਤਾਂ ਅਨੁਸਾਰ ਮਨੁੱਖੀ ਜਿੰਦਗੀ ਨੂੰ ਰਸਮਈ ਬਣਾਉਂਦੇ ਹਨ। ਆਲੋਚਕਾਂ ਦਾ ਮੱਤ ਹੈ ਕਿ ਜੇ ਕਿਸੇ ਨੂੰ ਇਨ੍ਹਾਂ ਰਸਾਂ ਤੋਂ ਵਾਂਝਾ ਕਰ ਦਿਓ, ਪਰ ਉਸ ਨੂੰ ਰੋਟੀ ਪਾਣੀ ਦੇਈ ਜਾਓ ਤਾਂ ਜਾਂ ਤਾਂ ਉਹ ਪਾਗਲ ਹੋ ਜਾਏਗਾ ਤੇ ਜਾਂ ਆਤਮ ਹੱਤਿਆ ਕਰ ਲਏਗਾ। ਮਨੁੱਖੀ ਜਿੰਦਗੀ ਲਈ ਰਾਗ ਅਤੇ ਸਾਜ਼ ਦੀ ਲੋੜ ਢਿੱਡ-ਭੁੱਖ ਤੋਂ ਵੀ ਵੱਧ ਹੈ।

SIKHBOOKCLUB.COM

ਸਾਜ਼ਾਂ ਵਿੱਚ ਰਬਾਬ, ਹਾਰਮੋਨੀਅਮ, ਤਬਲਾ, ਢੋਲਕੀ, ਡਫਲੀ, ਅਲਗੋਜੇ, ਢੋਲ, ਤੰਬੂਰ, ਢੱਡ ਸਾਰੰਗੀ, ਘੁੰਗਰੂ ਆਦਿ ਮੁੱਖ ਸਾਜ਼ ਹਨ। ਇਨ੍ਹਾਂ ਸਾਰਿਆਂ ਦਾ ਪ੍ਰਬੰਧ ਖ਼ਾਸ ਰਾਗਾਂ ਅਤੇ ਤਰਜ਼ਾਂ ਨਾਲ ਹੈ। ਇਨ੍ਹਾਂ ਦੇ ਤਾਨ ਅਤੇ ਤਰਜ਼ਾਂ ਵਿੱਚ ਬਿਜਲੀ ਵਰਗੀਆਂ ਤਰੰਗਾਂ ਹਨ ਜੋ ਸਰੋਤਿਆਂ ਦੇ ਦਿਲਾਂ 'ਤੇ ਰਾਜ ਕਰਦੀਆਂ ਹਨ। ਇਨ੍ਹਾਂ ਨੂੰ ਸੁਣ ਹਰ ਸਰੋਤਾ ਫਿਰ ਸਰੀਰਕ ਰਿਦਮ ਵਿੱਚ ਮਸਤ ਹੋ ਜਾਂਦਾ ਹੈ। ਇਹ ਅਸਰ ਕੇਵਲ ਮਨੁੱਖਾਂ ਤੱਕ ਹੀ ਸੀਮਿਤ ਨਹੀਂ, ਜ਼ਹਿਰੀ ਸੱਪ, ਮੋਰ, ਪਸ਼ੂ, ਪੰਛੀ ਤੇ ਬੂਟਿਆਂ ਵਿੱਚ ਵੀ ਪਾਇਆ ਮਿਲਦਾ ਹੈ। ਕਈ ਰਾਗ ਤਾਂ ਅਸਮਾਨ ਤੋਂ ਲੋੜ ਵੇਲੇ ਮੀਂਹ ਵੀ ਵਰਸਾ ਦਿੰਦੇ ਹਨ।

ਰਾਗਾਂ ਦਾ ਵਿਸ਼ਾ ਬਹੁਤ ਹੀ ਵਿਸ਼ਾਲ ਹੈ। ਪਰ ਆਪਾਂ ਤਾਂ ਬਾਬਾ ਨਾਨਕ ਜੀ ਅਤੇ ਮਰਦਾਨਾ ਜੀ ਦੇ ਚਮਤਕਾਰੀ ਸ਼ਬਦ ਗਾਇਨ ਅਤੇ ਰਬਾਬ ਤੱਕ ਹੀ ਗੱਲ ਕਰਨੀ ਹੈ। ਬਾਬਾ ਨਾਨਕ ਸ਼ਬਦ ਰੂਪ ਸਨ ਜਦ ਕਿ ਭਾਈ ਮਰਦਾਨਾ ਸੁਰਤ ਰੂਪ ਸੀ। ਮਰਦਾਨੇ ਦਾ ਪਿਛੋਕੜ ਈਰਾਨ ਨਾਲ ਜੁੜਦਾ ਹੈ। ਇਨ੍ਹਾਂ ਦੇ ਪੁਰਖੇ ਈਰਾਨ ਤੋਂ ਰਾਜਸਥਾਨ ਆਏ। ਗਿਆਰਵੀਂ ਸਦੀ ਵਿੱਚ ਨਾਦਰਸ਼ਾਹ ਹਿੰਦੁਸਤਾਨ ਨੂੰ

ਲੁਟ-ਖਸੁੱਟ ਕੇ ਜਦ ਵਾਪਸ ਮੁੜਿਆ ਤਾਂ ਨਾਲ ਆਏ ਬਹੁਤ ਸਾਰੇ ਰਬਾਬੀ ਕਲਾਕਾਰ ਏਥੇ ਹੀ ਰਹਿ ਪਏ। ਪੰਜਾਬ ਦੇ ਲੋਕਾਂ ਦੀ ਦਿਲੀ ਪਸੰਦ ਅਤੇ ਮੰਗ ਕਾਰਨ ਇਨ੍ਹਾਂ ਰਬਾਬੀਆਂ ਨੇ ਇੱਥੇ ਰਬਾਬੀ ਘਰਾਣੇ ਸਥਾਪਤ ਕਰ ਲਏ। ਇਸਲਾਮ ਅੰਦਰ ਇਨ੍ਹਾਂ ਕੋਮਲ ਕਲਾਕਾਰਾਂ ਨੂੰ ਡੂੰਮ ਜਾਂ ਮਿਰਾਸੀ ਸ਼ਬਦ ਨਾਲ ਸੰਬੋਧਨ ਕਰਦੇ ਸਨ। ਇਹ ਲੋਕ ਸਾਜ਼ਾਂ ਨਾਲ ਗਾਉਂਦੇ ਸਨ। ਇਨ੍ਹਾਂ ਦੀਆਂ ਔਰਤਾਂ ਨਾਚ ਕਰਦੀਆਂ ਸਨ। ਇਹਨਾ ਨੇ ਰਾਸ ਅਤ ਨਾਟ ਨੂੰ ਨਾਟਕੀ ਝਾਕੀਆਂ ਰਾਹੀਂ ਪੇਸ਼ ਕਰਕੇ ਪੰਜਾਬ ਦੇ ਲੋਕਾਂ ਦੀ ਰੀਝ ਪੂਰੀ ਕਰ ਦਿੱਤੀ। ਇਨ੍ਹਾਂ ਦਾ ਸਤਿਕਾਰ ਹੁਣ ਦੇ ਕਲਾਕਾਰਾਂ ਨਾਲੋਂ ਪਰਜਾ ਦੇ ਦਿਲਾਂ ਅੰਦਰ ਕਿਤੇ ਵੱਧ ਸੀ। ਇਹ ਲੋਕ ਕੇਵਲ ਖੁਸ਼ੀ ਦੇ ਸਮਾਗਮਾਂ 'ਤੇ ਜਾਂ ਜਿੱਤਾਂ ਦੇ ਜਸ਼ਨਾ ਵਿੱਚ ਪਰਵਾਰਾਂ ਜਾਂ ਜੇਤੂਆਂ ਦੀ ਵਡਿਆਈ ਪੇਸ਼ ਕਰਦੇ ਸਨ। ਇਹ ਲੋਭੀ ਨਹੀਂ ਸਨ ਅਤੇ ਨਾ ਹੀ ਕੋਈ ਸੌਦੇਵਾਜੀ ਕਰਦੇ ਸਨ। ਇਹ ਹਰ ਵਾਕਿਆ ਨੂੰ ਹਾਸ ਰਸ ਵਿੱਚ ਪੇਸ਼ ਕਰਦੇ ਸਨ। ਜਿਸ ਕਰਕੇ ਇਨ੍ਹਾਂ ਦੀ ਸ਼ਮੂਲੀਅਤ ਵਗੈਰ ਖੁਸ਼ੀ ਦੇ ਦਿਹਾੜੇ ਅਧੂਰੇ ਮੰਨੇ ਜਾਂਦੇ ਸਨ। ਮਰਦਾਨਾ ਜੀ ਦੇ ਪੁਰਖੇ ਹੋਣ ਕਰ ਕੇ ਇਹ ਲੋਕ ਗਾਇਨ ਕਲਾ ਦੀਆਂ ਬਾਰੀਕੀਆਂ ਦੇ ਮਾਹਰ ਸਨ। ਇਨ੍ਹਾਂ ਦੇ ਹਾਸ-ਵਿਅੰਗ ਦੇ ਨਾਲ ਨਾਲ ਯੋਧਿਆਂ ਦੇ ਲਹੂ ਭਿੱਜੇ ਮੈਦਾਨਾਂ ਦੇ ਇਤਿਹਾਸ, ਵੱਢ-ਵਢਾਂਗ, ਜਿੱਤਾਂ-ਹਾਰਾਂ ਦੀ ਮਹਾਨਤਾ ਨਾਲ ਭਰਪੂਰ ਹੋਣ ਕਰ ਕੇ ਸਰੋਤਿਆਂ ਦੇ ਲੂੰ-ਕੰਡੇ ਖੜ੍ਹੇ ਕਰ ਦਿੰਦੇ ਸਨ, ਸੂਰਮਿਆਂ ਵਿੱਚ ਸੱਚ ਦੀ ਖ਼ਾਤਰ ਲੜਨ ਮਰਨ ਦਾ ਚਾਅ ਅਤੇ ਮੁਰਦੀਆਂ ਰੂਹਾਂ ਵਿੱਚ ਜੋਸ਼ ਭਰ ਦਿੰਦੇ ਸਨ।

SIKHBOOKCLUB.COM

ਬਾਬਾ ਨਾਨਕ ਨੇ ਹਿੰਦੁਸਤਾਨੀਆਂ ਦੇ ਸਮਾਜਿਕ ਅਤੇ ਧਾਰਮਿਕ ਹਾਲਤਾਂ ਦੇ ਬਦਲਾਵ ਲਈ ਸੰਗੀਤ ਨੂੰ ਮੁੱਖ ਰੱਖਿਆ। ਸਮਾਜਿਕ ਕੁਰੀਤੀਆਂ ਅਤੇ ਧਰਮ ਦੇ ਪਾਖੰਡਾਂ ਨੂੰ ਖ਼ਤਮ ਕਰਨ ਲਈ, ਔਰਤ ਜ਼ਾਤ ਦੀ ਮੰਦਹਾਲੀ, ਜਾਬਰਾਂ ਨੂੰ ਠੱਲ੍ਹ ਪਾਉਣ ਲਈ, ਆਰਥਿਕਤਾ ਦੀ ਲੁੱਟ-ਖਸੁੱਟ, ਮਿਹਨਤੀਆਂ ਦੀ ਬਿਹਤਰੀ ਲਈ ਗੁਰੂ ਜੀ ਦੇ ਮਨ ਅੰਦਰ ਕਰਾਂਤੀ ਦੀਆਂ ਤਰੰਗਾਂ ਉਬਾਲੇ ਖਾਂਦੀਆਂ ਸਨ। ਧੁਰ ਕੀ ਬਾਣੀ ਰਾਹੀਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਉਨ੍ਹਾਂ ਭਾਈ ਮਰਦਾਨੇ ਨੂੰ ਸਾਥੀ ਬਣਾਇਆ। ਦੇਸ਼ ਵਿੱਚ ਭਾਵੇਂ ਹੋਰ ਵੀ ਬਥੇਰੇ ਰਬਾਬੀ ਸਨ ਪਰ ਉਨ੍ਹਾਂ ਨੂੰ ਖਾਸ ਕਲਾ ਵਾਲਾ, ਸਿਰੜੀ ਅਤੇ ਸੰਜੀਦਾ ਰਬਾਬੀ ਚਾਹੀਦਾ ਸੀ। ਕੁਦਰਤੀ ਭਾਈ ਮਰਦਾਨੇ ਦਾ ਮੇਲ ਗੁਰੂ ਸਾਹਿਬ ਨਾਲ ਦਰਗਾਹੀ ਕ੍ਰਿਸ਼ਮਾ ਸੀ।

*ਭਾਈ ਮਰਦਾਨਾ ਜੀ ਦਾ ਤੇ ਗੁਰੂ ਨਾਨਕ ਦਾ ਮੇਲ, ਹੈ ਇੱਕ ਚਮਤਕਾਰ।*
*ਆਓ ਇਸ ਨੂੰ ਸੀਸ ਝੁਕਾਈਏ, ਲੱਖ ਵਾਰ ਲੱਖ ਵਾਰ।*

ਗੁਰੂ ਨਾਨਕ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਮਾਲ ਮਹਿਕਮੇ ਵਿੱਚ ਉਸ ਸਮੇਂ ਪਟਵਾਰੀ ਸਨ ਤੇ ਉਦੋਂ ਪਟਵਾਰੀ ਦੀ ਪਦਵੀ ਹੁਣ ਦੇ ਸਬ-ਡਵੀਜ਼ਨਲ

ਮੈਜਿਸਟ੍ਰੇਟ ਦੇ ਬਰਾਬਰ ਸੀ। ਉਹ 1700 ਘੁਮਾਂ ਜ਼ਮੀਨ ਦੇ ਮਾਲਕ ਸਨ ਅਤੇ ਉਸ ਸਮੇਂ ਦੇ ਵੱਡੇ ਰਾਜੇ ਦੇ ਰਾਜ ਦੀਆਂ ਅਹਿਮ ਜ਼ਿੰਮੇਵਾਰੀਆਂ ਦੇ ਉਹ ਇੰਚਾਰਜ ਸਨ। ਏਨੇ ਸ਼ਾਹੀ ਘਰਾਣੇ ਵਿੱਚ ਜਨਮ ਲੈ ਕੇ ਰੱਬੀ ਨਾਮ ਦੇ ਪਸਾਰੇ ਵਲ ਤੁਰਨਾ, ਭੁੱਲੀ-ਭਟਕੀ ਜੰਤਾ ਲਈ ਸੋਚਣਾ, ਸੁੱਖ ਅਰਾਮ ਛੱਡ ਕੇ ਦੁਖੀਆਂ ਦਾ ਭਲਾ ਕਰਨਾ ਅਤੇ ਨਵਾਂ ਧਰਮ ਸਾਜ ਦੇਣਾ, ਇੱਕ ਚਮਤਕਾਰ ਹੈ। ਛੋਟੀ ਉਮਰੇ ਆਪਣੇ ਪਰਵਾਰ ਨਾਲੋਂ ਲੋਕਾਈ ਦੇ ਦਰਦ ਨੂੰ ਹੰਢੌਣ ਲਈ, ਰੱਬੀ ਹੋਂਦ ਦਰਸਾਉਣ ਲਈ, ਲੋਕਾਂ ਵਿੱਚ ਮਰ ਚੁੱਕੀ ਅਣਖ ਨੂੰ ਜਗਾਉਣ ਲਈ, ਸਿੱਧਾਂ, ਪੀਰਾਂ, ਨਾਥਾਂ, ਚੋਰਾਂ, ਠੱਗਾਂ, ਯੋਗੀਆਂ, ਬਾਬਰਾਂ, ਜਾਬਰਾਂ, ਕਜ਼ੀਆਂ, ਮੁਲਾਣਿਆਂ, ਪੰਡਤਾਂ, ਬ੍ਰਾਹਮਣਾਂ ਆਦਿ ਦੀ ਪੁੱਠੀ ਸੋਚ ਨੂੰ ਸਿੱਧੀ ਕਰਨ ਲਈ ਚਾਰ ਲੰਬੀਆਂ ਯਾਤਰਾਂ ਦਾ ਸੁਪਨਾ ਲੈਣਾ ਇੱਕ ਦਿੱਬ ਦ੍ਰਿਸ਼ਟੀ ਹੈ।

ਧਰਤੀ, ਸੌਰ ਮੰਡਲ, ਸੂਰਜ, ਚੰਦ, ਹਵਾ, ਪਾਣੀ ਦੀ ਉਤਪਤੀ ਤੇ ਵਿਕਾਸ ਦੀ ਵਿਗਿਆਨਕ ਸੋਚ, ਜੋ ਸਵਾ ਪੰਜ ਸੌ ਸਾਲ ਪਹਿਲਾਂ ਲਿਖ ਦਿੱਤੀ, ਜਿਸ ਨੂੰ ਅੱਜ ਦੀ ਵਿਗਿਆਨ ਬਿਲਕੁਲ ਸੱਚ ਮੰਨਦੀ ਹੈ, ਇੱਕ ਚਮਤਕਾਰ ਹੈ।

ਮਨੁੱਖੀ ਚਿੰਤਾਵਾਂ ਨੂੰ ਦੂਰ ਕਰਨ ਲਈ ਬਾਣੀ ਦਾ ਸੰਗੀਤਕ ਪਰਵਾਹ ਪੇਸ ਕਰਨਾ, ਭਾਈ ਬਾਲਾ ਜੀ ਅਤੇ ਭਾਈ ਮਰਦਾਨਾ ਜੀ ਦੀ ਜਾਨ ਨੂੰ ਜੋਖਮ ਵਿੱਚ ਪਾ ਕੇ ਬੁਰਿਆਂ ਦੇ ਘਰਾਂ ਤੱਕ ਪਹੁੰਚਣਾ, ਬਿਬੇਕ ਦੀ ਤੱਕੜੀ ਰਾਹੀਂ ਹਰ ਸਮੱਸਿਆ ਹੱਲ ਕਰਨੀ, ਸੱਚ ਲਈ ਤਸੀਹੇ ਝੱਲਣੇ, ਦੂਰ ਤੱਕ ਸਮਾਜਵਾਦੀ ਲਹਿਰ ਨੂੰ ਲਾਮਬੰਦ ਕਰਨਾ ਇੱਕ ਅਲੌਕਿਕ ਕ੍ਰਿਸ਼ਮਾ ਹੈ।

SIKHBOOKCLUB.COM

ਮਰਦਾਨਾ ਜੀ ਨੂੰ ਭਾਈ ਪਦ ਨਾਲ ਸੰਬੋਧਨ ਕਰਨਾ ਇੱਕ ਮਾਣ ਵਾਲੀ ਗੱਲ ਸੀ ਕਿਉਂਕਿ ਉਸ ਸਮੇਂ ਭਾਈ ਸ਼ਬਦ ਦਾ ਸਤਿਕਾਰ ਸਰਬੋਤਮ ਹੁੰਦਾ ਸੀ। ਮਰਜਾਣੇ ਤੋਂ ਮਰਦਾਨਾ ਬਣਾਉਣਾ, ਰਬਾਬੀ ਸੁਰਾਂ ਬਾਰੇ ਗਿਆਨ ਬਖਸ਼ਣਾ ਅਤੇ ਗੁਰਬਾਣੀ ਰਚੇਤਾ ਬਣਾਉਣਾ ਇੱਕ ਕਰਾਮਾਤੀ ਖੇਡ ਹੈ। ਸਾਰੀ ਬਾਣੀ ਨੂੰ ਰਾਗਾਂ ਅਤੇ ਰਾਗਣੀਆਂ ਵਿੱਚ ਪੇਸ਼ ਕਰ ਦੇਣਾ, ਉਸ ਸਮੇਂ ਦੇ ਭਗਤਾਂ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਕੋਲ ਆਪ ਪਹੁੰਚਣਾ, ਉਨ੍ਹਾਂ ਦੀ ਬਾਣੀ ਇਕੱਤਰ ਕਰਨਾ ਨਿਮਰਤਾ ਦੀ ਨਿਸ਼ਾਨੀ ਅਤੇ ਕਲਾਮਈ ਚਮਤਕਾਰ ਹੈ।

ਹਥਲੀ ਪੁਸਤਕ ਡਾਕਟਰ ਹਰਭਜਨ ਸਿੰਘ ਸੇਖੋਂ ਵੱਲੋਂ ਰਚੀ ਨੌਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਇਨ੍ਹਾਂ ਨੇ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਿੱਖ ਵਿਰਸੇ 'ਤੇ ਡੂੰਘੀ ਖੋਜ ਕਰਦਿਆਂ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਵਿੱਚ ਵੱਡਮੁੱਲਾ ਹਿੱਸਾ ਪਾਇਆ ਹੈ। ਇਸ ਪੁਸਤਕ ਵਿੱਚ ਸੇਖੋਂ ਸਾਹਿਬ ਨੇ ਬਹੁਤ ਹੀ ਜ਼ਰੂਰੀ ਪਰ ਇੱਕ ਅਣਗੌਲੇ ਵਿਸ਼ੇ ਨੂੰ ਪੇਸ਼ ਕੀਤਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਵਿਸ਼ੇ ਪੱਖੋਂ

ਅਤੇ ਕਲਾ ਪੱਖੋ ਜਿਸ ਮਹਾਨ ਪੱਧਰ ਦੀ ਲਖਾਇਕ ਹੈ, ਉਸ ਨੂੰ ਉਸੇ ਹੀ ਮਹਾਨਤਾ ਵਿੱਚ ਪੇਸ਼ ਕਰਨਾ ਜਣੇ ਖਣੇ ਦਾ ਕੰਮ ਨਹੀਂ ਸੀ। ਇਹ ਤਾਂ ਰੱਬੀ ਕ੍ਰਿਪਾ ਹੈ ਕਿ ਗੁਰੂ ਜੀ ਦੇ ਪਿੰਡ ਦੇ ਵਿੱਚ ਹੀ ਇੱਕ ਮਹਾਨ ਕਲਾਕਾਰ ਘਰਾਣੇ ਦਾ ਹਮ-ਉਮਰ ਅਤੇ ਹਮ-ਧਿਆਨ ਲੜਕਾ, ਭਾਵ ਮਰਦਾਨਾ ਜੀ ਰਜ਼ਾਮੰਦ ਹੋ ਗਏ ਅਤੇ ਜਗਤ ਜਲੰਦੇ ਦੀ ਅਗਨੀ ਮਿਟਾਉਣ ਲਈ ਦੋਹਾਂ ਨੇ ਹੀ ਘਰ ਵਾਰ ਛੱਡ ਕੇ ਚਾਰ ਉਦਾਸੀਆਂ ਸੰਪੂਰਨ ਕੀਤੀਆਂ। ਭਾਈ ਮਰਦਾਨੇ ਦੇ ਜੀਵਨ ਸੰਬੰਧੀ ਬਹੁਤ ਘੱਟ ਲਿਖਤਾਂ ਹਨ। ਸੋ ਸੇਖੋਂ ਸਾਹਿਬ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਇਸ ਘਾਟ ਨੂੰ ਪੂਰਨ ਕਰਨ ਲਈ ਬੜੀ ਭੱਜ ਦੌੜ ਕੀਤੀ ਹੈ।

ਪੁਸਤਕ ਦੇ ਪਹਿਲੇ ਕਾਂਡ ਵਿੱਚ ਭਾਈ ਮਰਦਾਨਾ ਜੀ ਦੇ ਪੁਰਖਿਆਂ ਦੀ ਪੰਜਾਬ ਵਿੱਚ ਆਮਦ, ਉਨ੍ਹਾਂ ਦੇ ਸਮਾਜ ਅਤੇ ਕੌਮ ਵਿਚਲੇ ਕਲਾਕਾਰੀ ਰੁਤਬੇ, ਗੁਰੂ ਜੀ ਨਾਲ ਛੋਟੀ ਉਮਰੇ ਮੇਲ, ਨੀਚ-ਉਚ ਦੀ ਏਕਤਾ, ਭਾਈ ਦਾ ਰੁਤਬਾ ਦੇਣਾ, ਗ੍ਰਹਿਸਤ ਜੀਵਨ, ਅਟੁੱਟ ਰਿਸ਼ਤਾ, ਕੀਰਤਨ ਦੀ ਨਿਪੁੰਨਤਾ, ਘਰ ਬਾਰ ਛੱਡ ਬਿਖੜੇ ਪੈਂਡੇ ਤਹਿ ਕਰਨਾ, ਮਰਦਾਨਾ ਜੀ ਦੇ ਘਰਾਣੇ ਦਾ ਰੁਤਬਾ ਸਤਿਕਾਰ ਬਣ ਜਾਣਾ, ਉਨ੍ਹਾਂ ਦਾ ਪ੍ਰਲੋਕ-ਗਮਨ ਤੇ ਅਗਲੀ ਵੰਸ਼ ਦਾ ਵਰਨਣ ਬੜੀ ਹੀ ਬਰੀਕਬੀਨੀ ਨਾਲ ਕੀਤਾ ਗਿਆ ਹੈ।

ਦੂਜੇ ਕਾਂਡ ਵਿੱਚ ਗੁਰੂ ਮੱਤ ਵਿੱਚ ਸੰਗੀਤ ਦੀ ਲੋੜ ਅਤੇ ਲੋਰ ਦਾ ਜ਼ਿਕਰ ਹੈ। ਸੰਗੀਤ ਦੀਆਂ ਸਾਰੀਆਂ ਹੀ ਸੁਰਾਂ ਦਾ ਮੂਲ ਪਿਛੋਕੜ ਪੰਛੀਆਂ ਅਤੇ ਜਨੌਰਾਂ ਦੀਆਂ ਕੁਦਰਤੀ ਆਵਾਜ਼ਾਂ ਦਰਸਾਇਆ ਹੈ। ਇਨ੍ਹਾਂ ਆਵਾਜ਼ਾਂ ਨੂੰ ਸੁਰਾਂ ਦਾ ਰੂਪ ਦੇਣਾ ਅਤੇ ਇਨ੍ਹਾਂ ਸੁਰਾਂ ਨੂੰ ਸਾਜਾਂ ਵਿੱਚੋਂ ਕੱਢਣਾ ਇੱਕ ਜਲਵਾ ਹੈ। ਭਾਰਤੀ ਅਤੇ ਪੱਛਮੀ ਸੰਗੀਤ ਦਾ ਟਾਕਰਾ ਅਤੇ ਸੁਮੇਲ, ਗੁਰਬਾਣੀ ਅਤੇ ਸੰਗੀਤ ਦਾ ਰਹੱਸਮਈ ਰਿਸ਼ਤਾ ਦਸਦਿਆਂ ਸੁਚੇਤ ਕੀਤਾ ਹੈ ਕਿ ਗੁਰਬਾਣੀ ਗਾਇਕ ਹੰਕਾਰ ਵਿੱਚ ਨਾ ਗਾਵੇ, ਨਿਮਰਤਾ ਅਤੇ ਪਿਆਰ ਨਾਲ ਹੀ ਗਾਵੇ ਤਾਂ ਹੀ ਕੀਰਤਨ ਸੰਗਤ ਦੀ ਰੂਹ 'ਤੇ ਯੋਗ ਅਸਰ ਕਰ ਸਕੇਗਾ ਤੇ ਸਰੋਤੇ ਖੀਵੇ ਹੋ ਸਕਣਗੇ। ਫ਼ਿਲਮੀ ਤਰਜਾਂ 'ਤੇ ਰੌਲੇ-ਗੌਲੇ ਵਿੱਚ, ਹੰਕਾਰ ਵਿੱਚ ਜਾਂ ਮਜਬੂਰੀ ਵਿੱਚ ਗਾਈ ਬਾਣੀ ਸੁਆਦਹੀਣ ਅਤੇ ਰਸਹੀਣ ਹੋ ਜਾਂਦੀ ਹੈ। ਰਾਗ ਦਾ ਅਸਰ ਕੁਦਰਤੀ ਕ੍ਰਿਸ਼ਮਾ ਹੈ। ਇਹ ਰੋਗ, ਸੋਗ, ਚਿੰਤਾ ਅਤੇ ਵਿਯੋਗ ਮਿਟਾ ਦਿੰਦੇ ਹਨ। ਜਦੋਂ ਮੈਨੂੰ ਹਾਈ ਬਲੱਡ ਪ੍ਰੈਸ਼ਰ ਹੋ ਜਾਂਦਾ ਹੈ ਤਾਂ ਮੈਂ ਆਸਾ ਦੀ ਵਾਰ ਜਾਂ ਸੁਖਮਨੀ ਸਾਹਿਬ ਦਾ ਪਾਠ ਸੁਣਦਾ ਹਾਂ ਤਾਂ ਮੈਂ ਤੰਦਰੁਸਤ ਹੋ ਜਾਂਦਾ ਹਾਂ ਤੇ ਜਦੋਂ ਮੈਨੂੰ ਲੋ-ਬਲੱਡ ਪ੍ਰੈਸ਼ਰ ਹੁੰਦਾ ਹੈ ਤਾਂ ਮੈਂ ਸੂਰਮਿਆਂ ਦੀਆਂ ਵਾਰਾਂ ਦਾ ਢਾਡੀ ਗਾਇਨ ਸੁਣਦਾ ਹਾਂ ਤਾਂ ਵੀ ਮੈਂ ਤੰਦਰੁਸਤ ਹੋ ਜਾਂਦਾ ਹਾਂ। ਇਸੇ ਤਰ੍ਹਾਂ ਸਰੋਤਿਆਂ ਦੇ ਮਨਾਂ 'ਤੇ ਗੁਰਬਾਣੀ ਦਾ ਗਾਇਨ ਬਹੁ-ਪੱਖੀ ਅਸਰ ਕਰਦਾ ਹੈ, ਮਨਾਂ ਦੀ ਮੈਲ ਧੋ ਪਵਿੱਤਰਤਾ ਪ੍ਰਾਪਤ ਹੁੰਦੀ ਹੈ।

SIKHBOOKCLUB.COM

ਤੀਜੇ ਕਾਂਡ ਵਿੱਚ ਅਸਲੀ ਵਿਸ਼ੇ ਰਬਾਬ ਨੂੰ ਕੇਂਦਰਤ ਕੀਤਾ ਹੈ। ਪੰਦਰਵੀਂ ਸਦੀ ਵਿੱਚ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਰਬਾਬ ਸਾਜ਼ ਪ੍ਰਧਾਨ ਸੀ। ਅਰਬ, ਈਰਾਨ, ਇਰਾਕ ਤੇ ਅਫ਼ਗਾਨਿਸਤਾਨ ਦਾ ਇਹ ਕੌਮੀ ਸਾਜ਼ ਸੀ। ਪੰਜਾਬ ਵਿੱਚ ਇਹ ਈਰਾਨ ਤੋਂ ਪਹੁੰਚਿਆ। ਗੁਰੂ ਨਾਨਕ ਸਾਹਿਬ ਨੇ ਇਸ ਵਿੱਚ ਲੋੜੀਂਦੀਆਂ ਤਬਦੀਲੀਆਂ ਕਰਕੇ ਹਿੰਦੁਸਤਾਨੀ ਲੋਕਾਂ ਦੇ ਦਿਲਾਂ ਦਾ ਜਾਦੂ ਬਣਾ ਦਿੱਤਾ ਅਤੇ ਭਾਈ ਮਰਦਾਨਾ ਜੀ ਦੇ ਅੰਦਾਜ਼ ਨੇ ਸਰੋਤਿਆਂ ਦੇ ਮਨਾਂ 'ਤੇ ਕਬਜ਼ਾ ਕਰ ਲਿਆ। ਇਸੇ ਕਾਂਡ ਵਿੱਚ ਗੁਰੂ ਘਰ ਦੇ ਮਹਾਨ ਰਬਾਬੀਆਂ ਦਾ ਵਿਸਥਾਰ ਵਰਨਣ ਹੈ।

ਚੌਥੇ ਕਾਂਡ ਵਿੱਚ ਗੁਰੂ ਜੀ ਦੀ ਪਾਈ ਅਲੌਕਿਕ ਪਿਰਤ ਦਾ ਵਰਨਣ ਹੈ। ਉਹ ਇਹ ਕਿ ਸੰਸਾਰ ਪੱਧਰ 'ਤੇ ਹਮੇਸ਼ਾ ਪਾਠਕ ਗਿਆਨ ਲੈਣ ਲਈ ਘਰੋਂ ਬੇ-ਘਰ ਹੋ ਕੇ ਗਿਆਨਵਾਨ ਕੋਲ ਪਹੁੰਚਦਾ ਹੈ, ਪਰ ਗੁਰੂ ਜੀ ਨੇ ਦੋ ਪਿਆਰੇ ਸਾਥੀ ਲੈ ਕੇ ਚੌਹਾਂ ਦਿਸ਼ਾਵਾਂ ਵਿੱਚ ਆਪ ਪੈਦਲ ਚੱਲ ਕੇ ਗਿਆਨ ਵੰਡਿਆ। ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਬੁਰਾਈਆਂ ਦਾ ਭਾਂਡਾ, ਚੁਰਾਹੇ ਵਿੱਚ ਭੰਨਣ ਲਈ ਲੰਬੀ ਯਾਤਰਾ ਕੀਤੀ। ਉਸ ਸਮੇਂ ਦੀ ਇਹ ਯਾਤਰਾ ਮਾਨੋ ਇੱਕ ਜਾਗੋ ਸੀ ਜੋ ਹਰ ਬੁਰਾਈ ਦੀ ਜੜ੍ਹ ਪੁੱਟਣ ਲਈ ਲੋਕਾਂ ਨੂੰ ਜਗਾਉਂਦੀ ਤੁਰੀ ਗਈ।

ਪੰਜਵੇਂ ਕਾਂਢ ਵਿੱਚ ਗੁਰੂ-ਕਾਵਿ ਦਾ ਵਿਸਥਾਰ ਪੇਸ਼ ਕੀਤਾ ਹੈ। ਬਾਣੀ ਤੇ ਰਾਗਾਂ ਦੇ ਰਿਸ਼ਤੇ 'ਤੇ ਝਾਤ ਪਾਈ ਹੈ। ਭਾਈ ਮਰਦਾਨਾ ਜੀ ਦਾ 50 ਸਾਲ ਤੋਂ ਵੀ ਵੱਧ ਸਮੇਂ ਦਾ ਬਿਖੜਾ ਸਫ਼ਰ ਬਿਆਨਿਆਂ ਹੈ। ਭਾਈ ਮਰਦਾਨਾ ਜੀ ਦੇ ਮੁੱਖੋਂ ਰਚੀ ਬਾਣੀ ਦਾ ਨਿਰੂਪਣ ਕੀਤਾ ਹੈ।

ਇਸ ਖਰੜੇ ਦੀ ਸਮੁੱਚੀ ਰਚਨਾ ਬਹੁਤ ਵਡਮੁੱਲੀ ਏਸ ਗੱਲੋਂ ਹੈ ਕਿ ਸੇਖੋਂ ਸਾਹਿਬ ਨੇ ਗੁਰੂ-ਕਾਲ ਦੇ ਅਣਗੌਲੇ ਪਰ ਅਤੀ ਮਹੱਤਵ ਪੂਰਨ ਵਿਸ਼ੇ 'ਤੇ ਡੂੰਘੀ ਖੋਜ ਕੀਤੀ ਹੈ। ਵਿਸ਼ਾ ਬਹੁਤ ਹੀ ਲੋੜੀਂਦਾ ਅਤੇ ਮਹਾਨ ਹੈ, ਕਿਤੇ ਕਿਤੇ ਗੈਰ-ਕੁਦਰਤੀ ਵਰਨਣ ਵੀ ਹੈ, ਜੋ ਅੱਜ ਦੀ ਵਿਗਿਆਨਕ ਸੋਚ ਤਾਂ ਨਹੀਂ ਮੰਨਦੀ ਪਰ ਰਚਨਾ ਦੇ ਸਮੇਂ ਦੇ ਹਿਸਾਬ ਨਾਲ ਇਹ ਪੰਦਰਵੀਂ ਸਦੀ ਦੇ ਲੋਕਾਂ ਦੀ ਪਿਆਰੀ ਸੋਚ ਸੀ। ਚਾਰ ਉਦਾਸੀਆਂ ਦੀ ਤਰਕਮਈ ਲੰਬੀ ਯਾਤਰਾ ਸੰਸਾਰ ਅੰਦਰ ਇਹ ਪਹਿਲੀ ਅਤੇ ਆਖਰੀ ਫੇਰੀ ਹੈ, ਜੋ ਜਿਧਰ ਵੀ ਗਈ ਲੋਕਾਈ ਦਾ ਜੀਵਨ ਪਲਟਦੀ ਗਈ। ਇਹ ਫੇਰੀ ਨਵੇਂ ਕਿਸਮ ਦੇ ਸਮਾਜ ਅਤੇ ਲੋਕ-ਜੀਵਨ ਦੀ ਸਿਰਜਨਾ ਕਰ ਗਈ।

ਇਸ ਰਚਨਾ ਅੰਦਰ ਬੋਲੀ ਬੜੀ ਹੀ ਠੇਠ, ਸਰਲ ਅਤੇ ਪੰਜਾਬੀ ਦੇ ਮੁਹਾਵਰਿਆਂ ਨਾਲ ਭਰਪੂਰ ਹੈ। ਵਾਕ ਬਣਤਰ ਆਮ ਪੇਂਡੂ ਬੋਲ-ਚਾਲ ਵਾਲੀ ਹੈ। ਅੰਤ ਵਿੱਚ ਮੈਂ ਡਾਕਟਰ ਸੇਖੋਂ ਸਾਹਿਬ ਨੂੰ ਇਸ ਵੱਡਮੁੱਲੇ ਕਰਜ ਲਈ ਵਧਾਈ

SIKHBOOKCLUB.COM

ਦਿੰਦਾ ਹਾਂ ਤੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਇਨ੍ਹਾਂ ਨੂੰ ਤੰਦਰੁਸਤੀ ਅਤੇ ਏਦਾਂ ਦਾ ਸਾਹਿਤ ਲਿਖਣ ਦੀ ਸਮਰਥਾ ਬਖਸ਼ਣ।

ਧੰਨਵਾਦ ਸਹਿਤ।

**ਸੁਰਜੀਤ ਸਿੰਘ**
ਸਾਬਕਾ ਮੁਖੀ, ਪੰਜਾਬੀ ਵਿਭਾਗ
ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ (ਜਲੰਧਰ)
ਡ੍ਰੀਕ 28 ਨਵੰਬਰ 2014

SIKHBOOKCLUB.COM

# ਭੂਮਿਕਾ

ਸੰਸਾਰ ਅੰਦਰ ਗੁਰੂ ਅਤੇ ਚੇਲੇ ਦਾ ਰਿਸ਼ਤਾ ਬਹੁਤ ਹੀ ਗਹਿਰਾ, ਗੰਭੀਰ ਅਤੇ ਗੂਹਜ ਹੈ। ਇਹ ਰਿਸ਼ਤਾ ਮਾਨੋ ਨਹੁੰ ਅਤੇ ਮਾਸ ਦੇ ਰਿਸ਼ਤੇ ਦੇ ਸਮਾਨ ਹੁੰਦਾ ਹੈ ਜਾਂ ਕਹਿ ਲਉ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਾਂਗ ਮੰਨਿਆਂ ਜਾਂਦਾ ਹੈ। ਇਹ ਸਬੰਧ ਅਸਲ ਵਿੱਚ ਦਿਲ ਮਿਲਿਆਂ ਦੀ ਨਿਸ਼ਾਨੀ ਦਰਸਾਉਂਦਾ ਹੈ ਅਤੇ ਇਸ ਵਿੱਚ ਦਿਲਾਂ ਦਾ ਸੌਦਾ ਹੁੰਦਾ ਹੈ। ਇਹ ਮਿਲਾਪ ਕੁਦਰਤੀ ਤੌਰ 'ਤੇ ਧੁਰ ਦਰਗਾਹ ਤੋਂ ਹੀ ਬਣਦਾ ਹੈ, ਕਿਉਂਕਿ ਇੱਕ ਦੂਜੇ ਦੇ ਹਿਰਦੇ ਬੜੇ ਸਾਫ਼, ਸਪਸ਼ਟ ਅਤੇ ਠਰ੍ਹੰਮੇ ਵਾਲੇ ਹੁੰਦੇ ਹਨ। ਇਸ ਲਈ ਇਹ ਰਿਸ਼ਤਾ ਬੜਾ ਅਦਭੁੱਤ, ਅਟੁੱਟ, ਅਤੇ ਅਮੁੱਕ ਹੁੰਦਾ ਹੈ। ਪਰ ਜ਼ਰੂਰਤ ਹੈ ਗੁਰੂ ਪੂਰਾ ਹੋਵੇ ਤੇ ਚੇਲਾ ਉਸ ਦੇ ਉਪਦੇਸ਼ 'ਤੇ ਪੂਰਾ ਉੱਤਰੇ। ਗੁਰੂ ਦਾ ਉਪਦੇਸ਼ ਹੈ ਚੇਲੇ ਨੂੰ ਅਧਿਆਤਮਕ ਪੱਖ ਤੋਂ ਪੱਕਾ ਕਰ ਦੇਣਾ ਅਤੇ ਚੇਲੇ ਦੀ ਇੱਛਿਆ ਹੁੰਦੀ ਹੈ ਮੈਂ ਗੁਰੂ ਵਰਗਾ ਬਣ ਜਾਵਾਂ। ਧਰਮ ਦੀ ਦੁਨੀਆਂ ਅੰਦਰ ਗੁਰੂ ਆਪਣੇ ਨਿੱਜੀ ਬਲ ਅਤੇ ਗਿਆਨ ਨਾਲ ਚੇਲੇ ਦੇ ਮਨ ਨੂੰ ਹਨੇਰੇ ਚੋਂ ਕੱਢ ਕੇ ਨੂਰੀ ਚਾਨਣ ਪ੍ਰਗਟ ਕਰ ਕੇ ਜੀਵਨ ਦਾ ਗਾਡੀ ਰਸਤਾ ਦਿਖਾ ਦਿੰਦਾ ਹੈ। ਉਸ ਨੂੰ ਜੀਵਨ ਦਾਤੇ ਅਤੇ ਰੋਜ਼ੀ-ਦਹਿੰਦ ਨਾਲ ਜੋੜਨ ਦਾ ਪੂਰਾ ਯਤਨ ਕਰਦਾ ਹੈ। ਪਰ ਚੇਲਾ ਆਪਣੇ ਜੀਵਨ ਉਦੇਸ਼ ਵਿੱਚ ਤਾਂ ਹੀ ਸਫਲ ਹੋ ਸਕਦਾ ਹੈ ਜੇਕਰ ਗੁਰੂ ਕਾਮਲ ਹੋਵੇ ਅਤੇ ਮੁਰੀਦ ਆਮਲ ਹੋਵੇ। ਇਸ ਪ੍ਰਾਪਤੀ ਲਈ ਚੇਲੇ ਦੇ ਹਿਰਦੇ ਅੰਦਰ ਗੁਰੂ ਪ੍ਰਤੀ ਪੂਰਨ ਪ੍ਰੇਮ ਅਤੇ ਸ਼ਰਧਾ ਹੋਣੀ ਬਹੁਤ ਜ਼ਰੂਰੀ ਹੈ। ਇਹ ਆਮ ਸੁਣਨ ਵਿੱਚ ਆਉਂਦਾ ਹੈ ਕਿ ਗੁਰੂ ਗੁਰੂ ਹੀ ਰਿਹਾ ਅਤੇ ਚੇਲਾ ਚੇਲਾ ਹੀ ਰਿਹਾ। ਪਰ ਗੁਰੂ ਨਾਨਕ ਦੇਵ ਜੀ ਨੇ ਉਲਟੀ ਗੰਗਾ ਵਗਾ ਦਿੱਤੀ ਅਤੇ ਚੇਲੇ ਵਿੱਚ ਆਪਣੀ ਜੋਤ ਟਿਕਾ ਕੇ ਚੇਲੇ ਨੂੰ ਆਪ ਵਰਗਾ ਬਣਾ ਦਿੱਤਾ। ਅਜੇਹੀ ਮਿਸਾਲ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਮਿਲਦੀ।

SIKHBOOKCLUB.COM

ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਚਲਾਇਆ ਜਿਸ ਰਾਹੀਂ ਖ਼ੁਦੀ, ਬਖ਼ੀਲੀ, ਤਕੱਬਰੀ 'ਚ ਫਸੀ ਅਤੇ ਭੁੱਲੀ ਭਟਕੀ ਲੋਕਾਈ ਨੂੰ ਵੱਡਮੁੱਲੇ ਮਨੁੱਖੀ ਜਨਮ ਨੂੰ ਸਮਝਣ, ਇਸ ਨੂੰ ਇੱਕ ਅਕਾਲ ਪੁਰਖ ਦੇ ਲੜ ਲਗਾਉਣ, ਉੱਤਮ ਬਨਾਉਣ, ਆਪਣੇ ਫਰਜ਼ ਸਮਝਣ, ਨਿਭਾਉਣ ਅਤੇ ਆਜ਼ਾਦਮਈ ਵਿਚਰਨ ਦਾ ਸਬਕ ਸਿਖਾਇਆ। ਸਿੱਖੀ ਦੇ ਮਾਰਗ ਦੇ ਕਾਰਜ ਅਤੇ ਸਿਧਾਂਤਾਂ ਨੂੰ ਦੂਰ ਦੂਰ ਤੱਕ ਫੈਲਾਉਣ ਦਾ ਵਸੀਲਾ ਉਨ੍ਹਾਂ ਸਮਿਆਂ ਅੰਦਰ ਬਹੁਤ ਹੀ ਅੱਤ ਕਠਨ ਮਾਨੋਂ ਖੰਡੇ ਦੀ ਧਾਰ 'ਤੇ ਤੁਰਨ ਵਾਲਾ ਸੀ। ਗੁਰੂ ਸਾਹਿਬ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਇਨਕਲਾਬੀ, ਅੰਮ੍ਰਿਤਮਈ ਮਿੱਠੇ ਬੋਲਾਂ ਦੇ ਸੰਗੀਤ ਅਤੇ ਸੰਗਤ ਨੂੰ ਮੁੱਖ ਰੱਖਿਆ'। ਰੱਬੀ ਜੋਤ ਦੀ ਸ਼ਕਤੀ ਦੁਆਰਾ ਆਈ ਬਾਣੀ ਦੇ ਬੋਲਾਂ ਨੂੰ ਬਹੁਤ

ਸਰਲ ਢੰਗ ਨਾਲ ਸਮਝਾ ਕੇ ਸੰਸਾਰੀਆਂ ਨੂੰ ਸਿੱਧੇ ਰਸਤੇ 'ਤੇ ਤੋਰਿਆ। ਗੁਰੂ ਜੀ ਨੇ ਆਪਣਾ ਮਾਰਗ ਦਰਸ਼ਨ ਉਦਾਸੀਆਂ ਦੇ ਰੂਪ ਵਿੱਚ ਆਰੰਭਿਆ। ਇਨ੍ਹਾਂ ਉਦਾਸੀਆਂ ਦੌਰਾਨ ਰਬਾਬੀ ਭਾਈ ਮਰਦਾਨੇ ਨੂੰ ਸਦਾ ਲਈ ਨਾਲ ਰੱਖਿਆ। ਗੁਰੂ ਬਾਬਾ ਸ਼ਬਦ ਦਾ ਗਨੀ ਸੀ ਅਤੇ ਮਰਦਾਨਾ ਰਬਾਬ ਦਾ ਧਨੀ ਸੀ। ਇਨ੍ਹਾਂ ਦੇ ਸੰਗੀਤ ਦੀਆਂ ਅਜਬ ਤੇ ਗਜ਼ਬ ਦੀਆਂ ਧੁਨਾਂ ਸੁਣ ਲੋਕਾਈ ਇਨ੍ਹਾਂ ਵਲ ਪਾਣੀ ਦੇ ਵਹਿਣ ਵਾਂਗ ਵਹਿ ਤੁਰਦੀ ਸੀ। ਗੁਰੂ ਸਾਹਿਬ ਦਾ ਜਾਹੋ-ਜਲਾਲ ਤੱਕ ਮਿੱਠੇ ਅੰਮ੍ਰਿਤਮਈ ਅਤੇ ਮਿਕਨਾਤੀਸੀ ਬੋਲ ਸੁਣ ਦਿਮਾਗ ਦੇ ਕਵਾੜ ਖੁੱਲ੍ਹ ਜਾਂਦੇ ਸਨ ਅਤੇ ਸੁੱਤੀ ਕਲਾ ਜਾਗ ਪੈਂਦੀ ਸੀ। ਭਾਈ ਮਰਦਾਨਾ ਜੀ ਦੇ ਸਾਥ ਬਾਰੇ ਗਿਆਨੀ ਗਿਆਨ ਸਿੰਘ ਦੇ ਸ਼ਬਦ ਹਨ :

*ਤਲਵੰਡੀ ਤੈ ਪੁਨ ਮਰਦਾਨਾ। ਆਯੋ ਢਿਗ ਰਹਿਉ ਮਹਾਨਾ। (ਪੰਥ ਪ੍ਰਕਾਸ਼)*

ਸੰਗੀਤ ਕਲਾ ਬਹੁਤ ਹੀ ਕੋਮਲ, ਨਿਰਮਲ ਅਤੇ ਵਿਸਮਾਦੀ ਹੈ। ਇਹ ਸੱਭਿਆਚਾਰ ਦਾ ਅਨਿਖੜਵਾਂ ਅੰਗ ਵੀ ਹੈ। ਇਸ ਲਈ ਮਨੁੱਖੀ ਜਜ਼ਬਾਤਾਂ ਅਤੇ ਅਹਿਸਾਸਾਂ ਦਾ ਸੁਮੇਲ ਹੁੰਦਾ ਹੈ। ਸੰਗੀਤ ਦੀਆਂ ਧੁਨਾਂ ਸਰੋਤਿਆਂ ਦੇ ਮਨ ਅੰਦਰ ਅਗੰਮੀ ਰਸ ਦੀ ਝੁਣਕਾਰ ਪੈਦਾ ਕਰ ਕੇ ਹਿਰਦੇ ਪਸੀਜ਼ ਦਿੰਦੀਆਂ ਹਨ। ਗੁਰਮਤਿ ਸੰਗੀਤ ਦੇ ਸ਼ਬਦਾਂ ਦੀ ਧੁਣ ਧੁਣੀ ਬੰਦੇ ਦੇ ਰੋਗ, ਸੋਗ, ਵਿਜੋਗ, ਚਿੰਤਾ ਅਤੇ ਕੂੜੀ ਸੋਚ ਮਿਟਾ ਕੇ ਆਤਮਿਕ ਅਨੰਦ ਦੀ ਛਹਿਬਰ ਲਾ ਦਿੰਦੀ ਹੈ।

SIKHBOOKCLUB.COM

ਸੰਗਤ ਦੀ ਸੰਸਾਰ ਅੰਦਰ ਵੱਡੀ ਮਹਾਨਤਾ ਹੈ। ਆਮ ਕਹਾਵਤ ਹੈ 'ਜੈਸੀ ਸੰਗਤ ਤੈਸੀ ਰੰਗਤ'। ਸੰਗਤ ਦੋ ਪ੍ਰਕਾਰ ਦੀ ਮੰਨੀ ਗਈ ਹੈ-ਕੁਸੰਗਤ ਅਤੇ ਸਤਿ ਸੰਗਤ। ਕੁਸੰਗਤ ਬੰਦੇ ਦੇ ਚੰਚਲ ਮਨ ਅੰਦਰ ਹਉਮੈ, ਭਰਮ ਅਤੇ ਵਿਕਾਰ ਪੈਦਾ ਕਰਦੀ ਹੈ ਜਿਸ ਕਰ ਕੇ ਉਹ ਪਾਪ ਅਤੇ ਕੁਕਰਮ ਕਰਦਾ ਹੈ। ਇਹ ਔਗਣ ਮਾਨੋ ਉਸ ਦੇ ਗਲ ਵਿੱਚ ਐਸੀ ਜੰਜੀਰ ਪਾ ਦਿੰਦੇ ਹਨ ਕਿ ਉਹ ਅਨਮੋਲ ਮਨੁੱਖਾ ਜਨਮ ਹਾਰ ਕੇ ਜਹਾਨ ਤੋਂ ਜਾਂਦਾ ਹੈ। ਪਰ ਸਤਿ ਸੰਗਤ ਸੱਚੇ ਪ੍ਰਭੂ ਦੇ ਨਾਮ ਨਾਲ ਜੋੜ ਕੇ, ਸਹੀ ਮਾਰਗ 'ਤੇ ਤੋਰ ਕੇ ਮਨ ਵਿੱਚ ਸਬਰ, ਸੰਤੋਖ, ਸਹਿਜ, ਸਿਮਰਨ ਅਤੇ ਸੇਵਾ ਭਾਵਨਾ ਪੈਦਾ ਕਰ ਕੇ ਬੰਦੇ ਨੂੰ ਜੀਵਨ ਸਫਲਤਾ ਦਿਵਾ ਦਿੰਦੀ ਹੈ। ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਸੀ ਕਿ ਪੁਰਖਾ ਤੈਨੂੰ ਕਿਸ ਦੀ ਓਟ ਹੈ ਤਾਂ ਉਤੱਰ ਸੀ:

*ਗੁਰ ਸੰਗਤਿ ਬਾਣੀ ਬਿਨਾਂ ਦੂਜੀ ਓਟ ਨਹੀ ਹੈ ਰਾਈ॥*

*(ਵਾਰ 1, ਪਉੜੀ ੫੨)*

ਸੰਸਾਰ ਅੰਦਰ ਅਕਾਲ ਪੁਰਖ ਦੇ ਨਿਵਾਜੇ ਅਨੇਕਾਂ ਹੀ ਮਹਾਨ ਦਾਰਸ਼ਨਿਕ, ਅਜੋੜ ਸਖਸ਼ੀਅਤਾਂ, ਸਫਰੀ ਅਤੇ ਮਲਾਹ ਹੋਏ ਹਨ। ਉਨ੍ਹਾਂ ਆਪਣੇ ਮਿਸ਼ਨ ਨੂੰ

ਮੁੱਖ ਰੱਖ ਕੇ ਬੜੇ ਲੰਬੇ ਪੈਂਡੇ ਤਹਿ ਕੀਤੇ। ਪਰ ਉਨ੍ਹਾਂ ਦੇ ਮਿਸ਼ਨ ਪਦਾਰਥਵਾਦੀ, ਰਾਜ ਭਾਗ ਵਧਾਉਣ, ਲੁੱਟ-ਮਾਰ ਕਰਨ, ਜ਼ਮੀਨ ਹਥਿਆਉਣ, ਨਵੇਂ ਨਵੇਂ ਇਲਾਕਿਆਂ ਅਤੇ ਦੇਸ਼ਾਂ ਦੀ ਭਾਲ ਕਰਨਾ ਆਦਿ ਸਨ। ਇਹ ਸਫ਼ਰ ਵੀ ਉਨ੍ਹਾਂ ਘੋੜੇ, ਹਾਥੀਆਂ, ਊਠਾਂ , ਬੈਲ ਗੱਡੀਆਂ (ਰਥਾਂ) ਅਤੇ ਜਹਾਜ਼ ਨੁਮਾ ਸਮੁੰਦਰੀ ਬੇੜਿਆਂ 'ਤੇ ਕੀਤੇ। ਪਰ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਇਨ੍ਹਾਂ ਸਭ ਨਾਲੋਂ ਵੱਖਰਾ, ਬੇਜੋੜ, ਅਨੋਖਾ ਅਤੇ ਵਿਸ਼ੇਸ਼ ਸੀ। ਉਨ੍ਹਾਂ ਰਬਾਬੀ ਭਾਈ ਮਰਦਾਨੇ ਅਤੇ ਬਹੁਤੀ ਥਾਈਂ ਭਾਈ ਬਾਲੇ ਨੂੰ ਨਾਲ ਲੈ ਕੇ ਸਭ ਤੋਂ ਵੱਧ ਸਫਰ ਕੀਤਾ ਅਤੇ ਉਹ ਵੀ ਬਹੁਤਾਤ ਵਿੱਚ ਪੈਦਲ ਤੁਰ ਕੇ। ਇਸ ਮਿਸ਼ਨ ਨੂੰ ਉਨ੍ਹਾਂ ਚਾਰ ਲੰਬੀਆਂ ਉਦਾਸੀਆਂ ਕਰ ਕੇ ਪੂਰਨ ਕੀਤਾ। ਮਿਸ਼ਨ ਦਾ ਮੁੱਖ ਮਕਸਦ ਸਿੱਖੀ ਦਾ ਪ੍ਰਚਾਰ, ਇੱਕ ਅਕਾਲ ਪੁਰਖ ਦੀ ਮਨੌਤ, ਪਰਉਪਕਾਰ, ਦੰਬੀਆਂ ਤੇ ਪਾਖੰਡੀਆਂ ਦੇ ਪਾਜ ਉਦੇੜਨੇ, ਰਾਜੇ, ਰਾਣਿਆਂ ਅਤੇ ਉਨ੍ਹਾਂ ਦੇ ਵਜੀਰਾਂ ਦਾ ਮਾਣ ਹੰਕਾਰ ਤੋੜਨਾਂ, ਚੋਰਾਂ, ਠੱਗਾਂ ਅਤੇ ਤਸ਼ਕਰਾਂ ਨੂੰ ਮਾੜੇ ਕੰਮਾਂ ਤੋਂ ਵਰਜ ਕੇ ਚੰਗੇ ਕੰਮੀ ਲਾਉਣਾ ਅਤੇ ਸੁੱਤੀ ਪਰਜਾ ਨੂੰ ਜਗਾ ਕੇ ਉਨ੍ਹਾਂ ਨੂੰ ਬੇਪ੍ਰਵਾਹ ਹੋ ਕੇ ਆਜ਼ਾਦ ਜੀਵਨ ਬਤਾਉਣ ਲਈ ਪ੍ਰੇਰਨਾ ਸੀ।

ਗੁਰੂ ਕ੍ਰਿਪਾ ਸਦਕਾ ਦਾਸ ਦੇ ਮਨ ਅੰਦਰ ਫੁਰਨਾ ਫੁਰਿਆ ਕਿ ਭਾਈ ਮਰਦਾਨੇ ਦੇ ਜੀਵਨ ਪੰਧ ਬਾਰੇ ਲਿਖਿਆ ਜਾਵੇ ਕਿਉਂਕਿ ਇਸ ਨੇ ਆਪਣਾ ਜੀਵਨ ਗੁਰੂ ਨਾਨਕ ਦੇ ਚਰਨਾਂ ਵਿੱਚ ਅਰਪਣ ਕਰ ਦਿੱਤਾ ਸੀ। ਐਸਾ ਦ੍ਰਿੜ, ਅਣਥੱਕ, ਸ਼ਰਧਾਵਾਨ, ਉਪਾਸ਼ਕ, ਅਨੁਰਾਗੀ ਅਤੇ ਰਬਾਬੀ ਚੇਲਾ ਕੋਈ ਵਿਰਲਾ ਹੀ ਸੰਸਾਰ 'ਤੇ ਹੋ ਸਕਦਾ ਹੈ। ਪੂਰਨ ਗੁਰੂ ਦੀ ਸੇਵਾ ਅਤਿਅੰਤ ਫ਼ਲਦਾਇਕ ਹੁੰਦੀ ਹੈ ਪਰ ਨਿਭਾਉਣੀ ਬੜੀ ਕਠਿਨ ਹੈ। ਇਸ ਦਾ ਵੱਲ ਭਾਈ ਮਰਦਾਨਾ ਜੀ ਨੇ ਗੁਰਸਿੱਖਾਂ ਨੂੰ ਸਿਖਾ ਦਿੱਤਾ। ਗੁਰਬਾਣੀ ਦੇ ਸ਼ਬਦ ਹਨ:

SIKHBOOKCLUB.COM

*ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥*
*ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥ (644)*
*ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥*
*ਸਬਦਿ ਮਰਹਿ ਫਿਰਿ ਨ ਮਰਹਿ ਤਾ ਸੇਵਾ ਪਵੈ ਸਭ ਥਾਇ॥*
*ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ॥*
*ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰ ਮਿਲੈ ਪ੍ਰਭੁ ਆਇ॥*
*ਨਾਨਕ ਗਣਤੈ ਸੇਵਕੁ ਨ ਮਿਲੈ ਜਿਸੁ ਬਖਸੇ ਸੋ ਪਵੈ ਥਾਇ॥ 649॥*

ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਪ੍ਰਥਮ ਸਿੱਖ, ਗੁਰਮਤਿ ਸੰਗੀਤ ਦੇ ਪਹਿਲੇ ਰਬਾਬੀ ਅਤੇ ਪਹਿਲੇ ਸਰੋਤੇ ਹੋਏ ਹਨ। ਸਿੱਖੀ ਅੰਦਰ ਉਨ੍ਹਾਂ ਦੀ ਪਦਵੀ ਜਿਤਨੀ ਮਹਾਨ ਹੈ ਲਿਖਾਰੀਆਂ ਅਤੇ ਇਤਿਹਾਸਕਾਰਾਂ ਨੇ ਵੀ ਆਪਣੀਆਂ

ਲਿਖਤਾਂ ਵਿੱਚ ਉਤਨਾ ਮਾਣ ਸਤਿਕਾਰ ਨਹੀਂ ਦਿੱਤਾ ਅਤੇ ਨਾ ਹੀ ਉਨ੍ਹਾਂ ਦੇ ਜੀਵਨ ਬਾਰੇ ਖੋਜ ਕਰ ਕੇ ਲਿਖਿਆ ਹੈ। ਵੱਖ ਵੱਖ ਲਾਇਬ੍ਰੇਰੀਆਂ ਵਿੱਚ ਅਤੇ ਕਿਤਾਬਾਂ ਦੀਆਂ ਦੁਕਾਨਾਂ 'ਤੇ ਚੰਦ ਕੁ ਗਿਣਤੀ ਦੀਆਂ ਕਿਤਾਬਾਂ ਭਾਈ ਮਰਦਾਨਾ ਜੀ ਦੇ ਜੀਵਨ ਸਬੰਧੀ ਉਪਲਬਦ ਹਨ। ਅਖ਼ਬਾਰਾਂ, ਰਸਾਲਿਆਂ ਆਦਿ ਵਿੱਚ ਵੀ ਉਨ੍ਹਾਂ ਸਬੰਧੀ ਘੱਟ ਹੀ ਲਿਖਤਾਂ ਮਿਲਦੀਆਂ ਹਨ। ਦਾਸ ਨੇ ਗੁਰੂ ਕ੍ਰਿਪਾ ਸਦਕਾ ਬਹੁਤੀਆਂ ਪੁਰਾਤਨ ਅਤੇ ਕੁਝ ਕੁ ਨਵੀਆਂ ਲਿਖਤਾਂ ਪੜ੍ਹ ਕੇ ਉਸ ਮਹਾਨ ਸੰਗੀਤ ਆਚਾਰੀਆ ਦੇ ਜੀਵਨ ਸੰਬੰਧੀ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਪਾਠਕ ਜਨ ਇਸ ਨੂੰ ਪੜ੍ਹ ਕੇ ਖੁਸ਼ੀ ਅਤੇ ਗਿਆਨ ਹਾਸਲ ਕਰਨਗੇ। ਹੋ ਸਕਦਾ ਹੈ ਕਿ ਸਾਹਿਤਕ, ਇਤਿਹਾਸਕ ਜਾਂ ਵਿਦਵਤਾ ਦੇ ਪੱਖੋਂ ਇਹ ਪੁਸਤਕ ਕਸੌਟੀ 'ਤੇ ਨਾ ਉਤੱਰੇ, ਦਾਸ ਉਸ ਦੀ ਮੁਆਫ਼ੀ ਚਾਹੇਗਾ। ਇਸ ਲਿਖਤ ਵਿੱਚ ਸਾਦੇ, ਸਰਲ ਅਤੇ ਆਮ ਬੋਲੀ ਵਾਲੇ ਸ਼ਬਦ ਵਰਤਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਪਾਠਕ ਵਾਰਤਾ ਨੂੰ ਸਹਿਜ ਹੀ ਸਮਝ ਸਕਣ। ਕਈ ਵਿਸ਼ੇ, ਸਾਖੀਆਂ ਅਤੇ ਕਹਾਣੀਆਂ ਭਾਂਵੇਂ ਲੰਬੀਆਂ ਸਨ ਪਰ ਉਨ੍ਹਾਂ ਨੂੰ ਸੰਖੇਪ ਵਿੱਚ ਲਿਖਿਆ ਗਿਆ ਹੈ।

ਦਾਸ ਪ੍ਰੋਫੈਸਰ ਸੁਰਜੀਤ ਸਿੰਘ ਜੀ ਦਾ ਅਤੀ ਧੰਨਵਾਦੀ ਹੈ ਜਿਨ੍ਹਾਂ ਨੇ ਆਪਣੇ ਰੁਝੇਵੇਂ ਭਰੇ ਸਮੇਂ ਵਿੱਚੋਂ ਸਮਾਂ ਕੱਢ ਕੇ ਇਸ ਪੁਸਤਕ ਦੇ ਖਰੜੇ ਨੂੰ ਬਹੁਤ ਹੀ ਗਹੁ ਨਾਲ ਪੜ੍ਹਿਆ। ਪੜ੍ਹਨ ਉਪਰੰਤ ਮੁੱਖ ਬੰਦ ਨੂੰ ਕਲਮਬੰਦ ਕੀਤਾ। ਮੁੱਖ ਬੰਦ ਦੇ ਸ਼ੁਰੂ ਵਿੱਚ ਉਨ੍ਹਾਂ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਜੀ ਦੇ ਸੁਮੇਲ ਨੂੰ ਕੁਝ ਕਾਵਿ ਸਤਰਾਂ ਰਾਹੀਂ ਬੜੇ ਸੁੰਦਰ ਸ਼ਬਦਾਂ ਵਿੱਚ ਤਾਤਪਰਜ ਕਰ ਦਿੱਤਾ ਹੈ ਅਤੇ ਅੱਗੇ ਵੀ ਸਾਰੇ ਵਿਸ਼ੇ ਨੂੰ ਵੱਡਮੁੱਲੇ ਸ਼ਬਦਾਂ ਵਿੱਚ ਲਿਖਿਆ ਹੈ। ਖਰੜੇ ਵਿੱਚ ਮੌਜੂਦ ਕੁਝ ਤਰੁਟੀਆਂ ਨੂੰ ਵੀ ਉਨ੍ਹਾਂ ਦੂਰ ਕਰ ਦਿੱਤਾ ਸੀ।

SIKHBOOKCLUB.COM

ਦਾਸ ਗੁਰਨਾਮ ਸਿੰਘ (ਡਾ.) ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਬੜੀ ਮਿਹਨਤ ਨਾਲ ਕਿਤਾਬ ਦੇ ਵਿਸ਼ੇ ਨੂੰ ਚੰਗੀ ਨਾਲ ਪੜ੍ਹਿਆ, ਆਪਣੇ ਵਡਮੁੱਲੇ ਸ਼ਬਦ ਵੀ ਲਿਖੇ ਅਤੇ ਕੁਝ ਸੁਝਾਅ ਵੀ ਦਿੱਤੇ।

ਦਾਸ ਦੀ ਸੁਪਤਨੀ ਰਾਜਿੰਦਰ ਪਾਲ ਕੌਰ (ਸੇਵਾ ਮੁਕਤ ਪੰਜਾਬੀ ਲੈਕਚਰਾਰ) ਨੇ ਵੀ ਇਸ ਖਰੜੇ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਸੋਧਿਆ।

**ਹਰਭਜਨ ਸਿੰਘ ਸੇਖੋਂ (ਰੀਟਾਇਰਡ)**
ਸਾਬਕਾ ਪ੍ਰੋਫੈਸਰ ਤੇ ਇੰਚਰਾਜ ਦਾਲ ਸੈਕਸ਼ਨ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

ਮਿਤੀ: 21.3.2015

SIKHBOOKCLUB.COM

# 1

# ਜੀਵਨ ਪੰਧ

ਪੰਦਰਵੀਂ ਸਦੀ ਦੇ ਮੱਧ ਵਿੱਚ ਪੰਜਾਬ ਦੀ ਧਰਤੀ 'ਤੇ ਵਸੇ ਪਿੰਡ ਰਾਏ ਭੋਇੰ ਦੀ ਤਲਵੰਡੀ (ਜ਼ਿਲ੍ਹਾ ਸ਼ੇਖੂਪੁਰਾ) ਜੋ ਅੱਜ ਕਲ੍ਹ ਪਾਕਿਸਤਾਨ ਵਿੱਚ ਹੈ ਅਤੇ ਜਿਸ ਨੂੰ ਨਨਕਾਣਾ ਸਾਹਿਬ ਵੀ ਕਹਿੰਦੇ ਹਨ, ਵਿਖੇ ਦੋ ਮਹਾਨ ਰੱਬੀ ਰੂਹਾਂ ਨੇ ਪ੍ਰਕਾਸ਼ ਧਾਰਨ ਕੀਤਾ। ਇੱਕ ਸਨ ਬਾਬਾ ਨਾਨਕ (ਸਿੱਖ ਧਰਮ ਦੇ ਮੋਢੀ ਗੁਰੂ) ਅਤੇ ਦੂਜੇ ਭਾਈ ਮਰਦਾਨਾ (ਰਬਾਬੀ) ਜਿਹੜੇ ਗੁਰੂ ਜੀ ਤੋਂ ਤਕਰੀਬਨ 10 ਸਾਲ ਵੱਡੇ ਸਨ। ਇਨ੍ਹਾਂ ਦਾ ਜਨਮ ਮਾਤਾ ਲੱਖੋਂ ਦੀ ਕੁੱਖੋਂ ਪਿਤਾ ਮੀਰ ਬਦਰਾ (ਮਿਰਾਸੀ) ਦੇ ਗ੍ਰਿਹ ਵਿਖੇ ਫੱਗਣ ਸੰਮਤ 1516 (ਫ਼ਰਵਰੀ ਸੰਨ 1459) ਨੂੰ ਹੋਇਆ। ਸੰਸਾਰ ਦਾ ਕਰਤਾ ਅਕਾਲ ਪੁਰਖ ਜਦੋਂ ਦੇਖਦਾ ਹੈ ਕਿ ਸਮੇਂ ਦੇ ਹਾਕਮ ਲੋਕਾਈ 'ਤੇ ਭਾਰੀ ਜ਼ੁਲਮ ਅਤੇ ਜਬਰ ਢਾਹ ਰਹੇ ਹਨ ਅਤੇ ਉਨ੍ਹਾਂ ਦੀ ਬਾਂਹ ਪਕੜਨ ਵਾਲਾ ਕੋਈ ਨਹੀਂ ਤਾਂ ਉਹ ਪਰਉਪਕਾਰੀ ਸਖ਼ਸ਼ੀਅਤਾਂ ਭੇਜਦਾ ਹੈ। ਉਨ੍ਹਾਂ ਪਰਉਪਕਾਰੀਆਂ ਅੰਦਰ ਉਹ ਦਾਤਾ ਐਸੀ ਕਲਾ ਪਾ ਕੇ ਭੇਜਦਾ ਹੈ ਜਿਸ ਨਾਲ ਉਹ ਲੋਕਾਈ ਦੇ ਦੁੱਖ ਤਕਲੀਫ ਦੂਰ ਕਰਨ 'ਚ ਸਫ਼ਲ ਹੋ ਜਾਂਦੇ ਹਨ। ਜਿਵੇਂ ਪ੍ਰਭੂ ਜੋਤ ਨੂੰ ਅਤੇ ਉਸ ਦੇ ਹੁਕਮ ਨੂੰ ਜਾਣਨਾ ਅਤੇ ਪਛਾਣਨਾ ਬੜਾ ਮੁਸ਼ਕਿਲ ਹੈ ਤਿਵੇਂ ਗੁਰੂ ਦੇ ਗੁਣਾ ਨੂੰ ਬਿਆਨ ਕਰਨਾ ਮਨੁੱਖੀ ਸੋਚ ਤੋਂ ਬਾਹਰ ਦੀ ਗੱਲ ਹੈ। ਪਰ ਇਤਿਹਾਸਕਾਰਾਂ ਅਤੇ ਲਿਖਾਰੀਆਂ ਨੇ ਗੁਰੂ ਨਾਨਕ ਦੀ ਕੀਰਤੀ, ਕਿਰਤ, ਕਰਨੀ, ਕ੍ਰਿਸ਼ਮਿਆਂ ਅਤੇ ਕ੍ਰਿਪਾ ਦ੍ਰਿਸ਼ਟੀ ਨੂੰ ਤੱਕ ਅਤੇ ਜਾਣ ਕੇ ਉਨ੍ਹਾਂ ਨੂੰ ਜਾਹਰ ਪੀਰ ਜਗਤ ਗੁਰੂ ਬਾਬਾ, ਮੁਰਸ਼ਦੇ-ਏ-ਕਾਮਲ, ਮਸਤੀ ਦਾ ਨਮਾਜੀ, ਸੱਚ ਦਾ ਵਪਾਰੀ , ਏਕਤਾ ਦਾ ਅਲੰਬਰਦਾਰ, ਮਹਾਂ ਇਨਕਲਾਬੀ, ਨਾਨਕ ਸ਼ਾਹ ਫ਼ਕੀਰ ਆਦਿ ਲਿਖਿਆ ਹੈ। ਡਾਕਟਰ ਜੀਤ ਸਿੰਘ ਸੀਤਲ ਅਨੁਸਾਰ ਬਾਬਾ ਨਾਨਕ ਸ਼ਬਦ ਰੂਪ ਸੀ ਤੇ ਭਾਈ ਮਰਦਾਨਾ ਸੁਰਤ ਰੂਪ ਸੀ। ਬਾਬਾ ਰੱਬੀ ਬਾਣੀ ਗਾਉਂਦਾ ਸੀ ਜਦ ਕਿ ਮਰਦਾਨਾ ਰਬਾਬ ਵਜਾਉਂਦਾ ਸੀ। ਇਸ ਸ਼ਬਦ-ਸੁਰਤ ਦੇ ਸੁਮੇਲ ਦੀਆਂ ਧੁਨਾਂ ਨਾਲ ਕਲਯੁਗੀ ਜੀਵਾਂ ਦਾ ਦੂਰ-ਦੁਰਾਡੇ ਆਪ ਪੈਦਲ ਚੱਲ ਕੇ ਅਤੇ ਮਿਲਾਪ ਕਰ ਕੇ ਉਧਾਰ ਕੀਤਾ। ਉਨ੍ਹਾਂ ਨੂੰ ਪ੍ਰਭੂ ਮਾਰਗ ਦਾ ਗਾਡੀ ਰਸਤਾ ਸਿਖਾਇਆ, ਵਹਿਮਾਂ-ਭਰਮਾਂ, ਊਚ-ਨੀਚ, ਛੂਤ-ਛਾਤ, ਹਉਮੈ, ਪਾਖੰਡ, ਦਵੈਤ-ਭਾਵਨਾ, ਨਫ਼ਰਤ, ਵਿਤਕਰਾ ਆਦਿ ਨੂੰ ਤਿਆਗਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਭਾਈ ਮਰਦਾਨੇ ਨੂੰ ਸਾਥ ਲੈ ਕੇ ਸੰਸਾਰੀਆਂ ਨੂੰ ਸਮਝਾਇਆ ਕਿ ਪ੍ਰਭੂ ਭਗਤੀ ਬੰਦੇ ਦੀ ਜ਼ਮੀਰ ਦੀ ਅਗਵਾਈ ਕਰਦੀ ਹੈ, ਇਸ ਨਾਲ ਧਰਮ ਪਦਵੀ ਦੀ ਪ੍ਰਾਪਤੀ ਦੇ ਦਰਵਾਜ਼ੇ ਖੁੱਲ੍ਹ ਜਾਂਦੇ ਹਨ ਅਤੇ ਨਿਰਭੈਤਾ ਵਾਲਾ ਆਚਰਨ ਬਣਦਾ ਹੈ। ਬੰਦੇ ਦੇ ਕੀਤੇ ਨੇਕ ਕੰਮ,

SIKHBOOKCLUB.COM

ਸੋਚੀ ਨੇਕ ਸੋਚ, ਅਪਣਾਈ ਨੇਕ ਨੀਤੀ ਅਤੇ ਮਨੁੱਖਤਾ ਤੇ ਹੋਰ ਜੀਵਾਂ ਪ੍ਰਤੀ ਨੇਕ ਪ੍ਰੀਤੀ ਉਸ ਦੀ ਜ਼ਮੀਰ ਉੱਚੀ ਕਰ ਦਿੰਦੀ ਹੈ। ਉੱਚੀ-ਸੁੱਚੀ ਜ਼ਮੀਰ ਅੰਦਰਲੀ ਰੋਸ਼ਨੀ (ਆਤਮਾ) ਪਰਮਾਤਮਾ ਨਾਲ ਜੁੜ ਕੇ ਜੀਵਨ ਦੀ ਬਾਜ਼ੀ ਜਿਤਾ ਦਿੰਦੀ ਹੈ।

## ਭਾਗਭਰੀ ਤਲਵੰਡੀ

ਉਪਰੋਕਤ ਦੋਹਾਂ ਰੂਹਾਂ ਦੇ ਤਲਵੰਡੀ ਵਿਖੇ ਪਰਕਾਸ਼ ਧਾਰਨ ਕਰ ਕੇ ਇਹ ਜਗ੍ਹਾ ਭਾਗਾਂ ਵਾਲੀ ਹੋ ਗਈ। ਤਲਵੰਡੀ ਨਗਰ ਦੀ ਮੋੜ੍ਹੀ ਰਾਏ ਭੋਇ ਨੇ 1429 ਈਸਵੀ ਨੂੰ ਗੱਡੀ ਸੀ। ਇਹ ਜ਼ਮੀਨ ਦਿੱਲੀ ਦੇ ਸੱਯਦ ਸੁਲਤਾਨਾਂ (1414-1451) ਦੇ ਸਮੇਂ ਉਸ ਦੀਆਂ ਸੇਵਾਵਾਂ ਬਦਲੇ ਜਾਗੀਰ ਵਜੋਂ ਦਿੱਤੀ ਸੀ। ਅਸਲ ਵਿੱਚ ਰਾਏ ਭੋਇ ਭੱਟੀ ਰਾਜਪੂਤ ਸੀ। ਗਿਆਰਵੀਂ ਸਦੀ ਵਿੱਚ ਨਾਦਰ ਸ਼ਾਹ ਦੇ ਹਮਲਿਆਂ ਕਾਰਨ ਹਿੰਦੁਸਤਾਨ ਗੁਲਾਮ ਹੋ ਗਿਆ ਸੀ। ਮੁਗਲਾਂ ਦੇ ਜ਼ੁਲਮਾਂ, ਅੱਤਿਆਚਾਰਾਂ ਅਤੇ ਰਾਜਿਆਂ ਦੇ ਸ਼ਾਹੀ ਫੁਰਮਾਨਾਂ ਕਾਰਨ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਜਾ ਰਿਹਾ ਸੀ। ਇਸ ਧਿੰਗੋਜ਼ੋਰੀ ਕਾਰਨ ਰਾਏ ਭੋਇ ਨੇ ਵੀ ਇਸਲਾਮ ਧਾਰਨ ਕਰ ਲਿਆ ਸੀ। ਰਾਏ ਭੋਇ ਤਾਂ 1461 ਈਸਵੀ ਵਿੱਚ ਚਲਾਣਾ ਕਰ ਗਿਆ ਸੀ। ਇਸ ਦਾ ਨਿਕਾਹ ਜਲੰਧਰ ਦੇ ਹਾਕਮ ਦੌਲਤ ਖਾਂ ਦੀ ਧੀ ਨਾਲ ਹੋਇਆ ਸੀ, ਜਿਸ ਤੋਂ ਇਕਲੌਤਾ ਪੁੱਤਰ ਰਾਏ ਬੁਲਾਰ ਸੀ।

ਰਾਏ ਬੁਲਾਰ 1500 ਮੁਰੱਬਿਆਂ ਦਾ ਮਾਲਕ ਸੀ। ਇਸ ਨੇ ਤਲਵੰਡੀ ਨੂੰ ਆਬਾਦ ਕਰਨ ਦਾ ਮਨ ਬਣਾਇਆ ਅਤੇ ਆਪਣੇ ਪਰਮ ਮਿੱਤਰ ਸ਼ਿਵ ਨਾਰਾਇਣ ਬੇਦੀ (ਮਹਿਤਾ ਕਾਲੂ ਦੇ ਪਿਤਾ ਜੀ) ਨੂੰ ਵੀ ਪਰਵਾਰ ਸਮੇਤ ਤਲਵੰਡੀ ਦੀ ਭੋਂਅ 'ਤੇ ਵਸਣ ਲਈ ਬੁਲਾ ਲਿਆ। ਬੇਦੀ ਪਰਵਾਰ ਜਠੇਰੇ ਪਿੰਡ ਗੋਡੇ ਤੋਂ ਇਥੇ ਵਸਣ ਲਈ ਆ ਗਿਆ। ਸਰਦਾਰ ਸਿਮਰਜੀਤ ਸਿੰਘ, ਸੰਪਾਦਕ ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਲੇਖ, 'ਗੁਰਬਾਣੀ ਦਾ ਪਹਿਲਾ ਸੰਗੀਤਕਾਰ ਭਾਈ ਮਰਦਾਨਾ', ਜ਼ਿਲਦ 56, ਪੰਨਾ 50 ਅਨੁਸਾਰ ਸ਼ਿਵ ਨਾਰਾਇਣ ਬੇਦੀ ਦੇ ਨਾਲ ਇਨ੍ਹਾਂ ਦੇ ਖ਼ਾਨਦਾਨੀ ਡੂੰਮ ਮੀਰ ਬਦਰਾ (ਪਿਤਾ ਭਾਈ ਮਰਦਾਨਾ) ਵੀ ਤਲਵੰਡੀ ਆ ਗਏ ਸਨ। ਡਾਕਟਰ ਮਹਿੰਦਰ ਕੌਰ ਦੀ ਲਿਖਤ ਮੁਤਾਬਕ ਪਿੰਡ ਲਖਣਕੇ ਤੋਂ ਸੰਧੂ ਜਿੰਮੀਦਾਰ ਜਿਨ੍ਹਾਂ ਵਿੱਚ ਭਾਈ ਬਾਲਾ ਜੀ ਸਨ ਵੀ ਇੱਥੇ ਆ ਵਸੇ। ਰਾਏ ਬੁਲਾਰ ਨੇ ਮਹਿਤਾ ਕਾਲੂ ਨੂੰ ਇਲਾਕੇ ਦੇ ਪਟਵਾਰੀ ਵੱਜੋਂ ਜ਼ਿੰਮੇਦਾਰੀ ਸੌਂਪ ਦਿੱਤੀ। ਸੰਨ 1469 ਵਿੱਚ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਨ ਕੀਤਾ। ਨਵੇਂ ਜਨਮੇ ਪੁੱਤਰ ਦੀਆਂ ਪਰਵਾਰ ਨੂੰ ਵਧਾਈਆਂ ਮਿਲਣ ਲੱਗੀਆਂ। ਰਿਸ਼ਤੇਦਾਰ, ਸਾਕ-ਸਬੰਧੀ, ਦੋਸਤ-ਮਿੱਤਰ ਅਤੇ ਵਿਹੀ-ਵਿਹੜੇ ਵਾਲੇ ਵੀ ਪੁੱਤਰ ਦੀ ਦਾਤ ਦੀਆਂ ਵਧਾਈਆਂ ਦੇਣ ਉਮਡ ਪਏ। ਬਾਬੇ ਨਾਨਕ ਦਾ ਜਾਹੋ-ਜਲਾਲ ਤੱਕ ਅਤੇ ਨੂਰੀ ਚਿਹਰੇ ਦੀ ਖ਼ਬਰ ਸੁਣ ਕੇ

ਲੋਕਾਈ ਤਲਵੰਡੀ ਵਲ ਇੰਵ ਖਿੱਚੀ ਰਈ ਜਿਵੇਂ ਚੰਦਰਮਾ ਦੀ ਖਿੱਚ ਕਾਰਨ ਪੂਰਨਮਾਸ਼ੀ ਵਾਲੇ ਦਿਨ ਸਮੁੰਦਰ 'ਚ ਜਵਾਰਭਾਟਾ ਆ ਜਾਂਦਾ ਹੈ। ਬਾਲ ਗੁਰੂ ਦੀ ਚਾਂਦਨੀ ਰੂਪ ਆਭਾ ਦੇਖ ਵੇਖਣ ਵਾਲਿਆਂ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਅਤੇ ਹਿਰਦੇ ਖੁਸ਼ੀ ਨਾਲ ਭਰ ਜਾਂਦੇ ਸਨ। ਗੱਲ ਕੀ ਗੁਰੂ ਜੀ ਦੀ ਸੋਭਾ ਕਾਰਨ ਤਲਵੰਡੀ ਦੂਰ ਦੂਰ ਤੱਕ ਮਸ਼ਹੂਰ ਹੋ ਗਈ। ਇਸ ਨਗਰ ਦਾ ਨਾਂ ਸਾਰੇ ਸੰਸਾਰ ਅੰਦਰ ਅੱਜ ਵੀ ਸੂਰਜ ਦੀ ਨਿਆਈਂ ਚਮਕ ਰਿਹਾ ਹੈ ਅਤੇ ਅਣਗਿਣਤ ਨਾਨਕ ਨਾਮ ਲੇਵਾ ਇਸ ਧਰਤੀ 'ਤੇ ਨਤਮਸਤਕ ਹੋ ਕੇ ਨਦਰੋਂ ਨਦਰ ਨਿਹਾਲ ਹੋ ਰਹੇ ਹਨ।

## ਮਰਦਾਨੇ ਦਾ ਗੁਰੂ ਨਾਨਕ ਨਾਲ ਮਿਲਾਪ

ਜਿਵੇਂ ਲੋਕਾਈ ਬਾਲ ਨਾਨਕ ਦੇ ਦਰਸ਼ਨ ਕਰਨ ਅਤੇ ਮਹਿਤਾ ਕਾਲੂ ਨੂੰ ਵਧਾਈਆਂ ਦੇਣ ਆ ਰਹੀ ਸੀ ਤਿਵੇਂ ਬਦਰਾ ਸੋਹਣੇ ਕਪੜੇ ਪਾ ਕੇ, ਹੱਥ ਵਿੱਚ ਡਫਲੀ ਫੜ ਕੇ ਆਪਣੇ ਮੁੰਡੇ (ਮਰਦਾਨੇ) ਨੂੰ ਨਾਲ ਲੈ ਕੇ ਕਾਲੂ ਪਟਵਾਰੀ ਦੇ ਘਰ ਵੱਲ ਟੁਰ ਪਿਆ। ਬਦਰਾ ਨੇ ਆਪਣੀ ਡਫਲੀ ਵਜਾ ਕੇ ਉੱਚੀ ਸੁਰ ਵਿੱਚ 'ਵੇਲਾਂ' ਅਤੇ 'ਰਸੀਦੇ' ਅਲਾਪਣੇ ਸ਼ੁਰੂ ਕਰ ਦਿੱਤੇ। ਮਹਿਤਾ ਕਲਿਆਣ ਦਾਸ ਪਟਵਾਰੀ ਅਤੇ ਉਸ ਦਾ ਛੋਟਾ ਭਰਾ ਮਹਿਤਾ ਲਾਲ ਵਿਹੜੇ ਵਿੱਚ ਮੰਜੀ ਉੱਤੇ ਬੈਠੇ ਲੋਕਾਂ ਦੀਆਂ ਵਧਾਈਆਂ ਅਤੇ ਸ਼ੁੱਭ ਕਾਮਨਾਵਾਂ ਲੈ ਰਹੇ ਸਨ (ਇਹ ਸ਼ਬਦ ਕੁਲਦੀਪ ਸਿੰਘ ਸੂਰੀ ਨੇ ਆਪਣੀ ਪੁਸਤਕ ਦੇ ਪੰਨਾ 29 'ਤੇ ਦਰਜ਼ ਕੀਤੇ ਹਨ)। ਮਰਦਾਨਾ ਕਿਉਂਕਿ ਅਜੇ ਬਚਪਨ ਵਿੱਚ ਹੀ ਸੀ। ਇਸ ਉਮਰੇ ਬੱਚਿਆਂ ਨੂੰ ਨਵੇਂ ਜਨਮੇ ਬੱਚੇ ਦੇਖਣ ਦੀ ਮਨ ਵਿੱਚ ਵਧੇਰੇ ਖਿੱਚ ਹੁੰਦੀ ਹੈ। ਮਰਦਾਨਾ ਵੀ ਬਾਲ ਨਾਨਕ ਨੂੰ ਤੱਕ ਕੇ ਬਹੁਤ ਖੁਸ਼ ਹੋਇਆ ਹੋਵੇਗਾ ਅਤੇ ਅੰਤਰਜਾਮੀ ਗੁਰੂ ਜੀ ਵੀ ਉਸ ਨੂੰ ਦੇਖ ਪ੍ਰਸੰਨ ਹੋਏ ਹੋਣਗੇ ਅਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਉਸ ਉੱਪਰ ਕਰ ਦਿੱਤੀ ਹੋਵੇਗੀ। ਪਰ ਮਰਦਾਨੇ ਨੂੰ ਕੀ ਪਤਾ ਸੀ ਕਿ ਬਾਲ ਗੁਰੂ ਨਾਨਕ ਨੇ ਉਸ ਨੂੰ ਮਰਜਾਣੇ ਤੋਂ ਮਰਦਾਨਾ, ਆਪਣਾ ਭਾਈ ਬਣਾ ਕੇ ਭਾਈ ਦੀ ਪਦਵੀ ਅਤੇ ਰਬਾਬ ਦੀ ਬਖਸ਼ਿਸ਼ ਕਰ ਕੇ ਰਬਾਬੀ ਦਾ ਅਹੁਦਾ ਬਖਸ਼ ਦੇਣਾ ਹੈ ਅਤੇ ਜੀਵਨ ਭਰ ਸਾਥ ਰੱਖਣਾ ਹੈ।

ਜਦੋਂ ਬਾਲ ਨਾਨਕ ਤੁਰਨ ਲੱਗ ਗਿਆ ਤਾਂ ਘਰੋਂ ਬਾਹਰ ਨਿਕਲ ਜਾਂਦਾ ਸੀ। ਸਰਦਾਰ ਸੂਰੀ ਨੇ ਆਪਣੀ ਕਿਤਾਬ ਦੇ ਪੰਨਾ 30 ਤੇ ਲਿਖਿਆ ਹੈ "ਮਾਤਾ ਤ੍ਰਿਪਤਾ ਨੇ ਇੱਕ ਦਿਨ ਮਰਦਾਨੇ ਨੂੰ ਘਰ ਬੁਲਾ ਕੇ ਕਿਹਾ, ਵੇਖ ਮਰਦਾਨੇ, ਨਾਨਕ ਤੇਰਾ ਛੋਟਾ ਵੀਰ ਏ, ਤੂੰ ਇਸ ਦਾ ਖਿਆਲ ਰੱਖਿਆ ਕਰ। ਇਹ ਬੜਾ ਭੋਲਾ ਏ। ਆਪਣੇ ਨਾਲ ਦੇ ਮੁੰਡਿਆਂ ਵਿੱਚ ਬਹੁਤਾ ਰਲਦਾ ਨਹੀਂ । ਤੇਰੇ ਨਾਲ ਇਸ ਦਾ ਕਾਫੀ ਜੋਤ ਏ, ਤੂੰ ਇਸ ਦੇ ਨਾਲ ਨਾਲ ਰਿਹਾ ਕਰ"। ਮਰਦਾਨੇ ਨੇ ਕਿਹਾ, "ਠੀਕ ਹੈ ਮਾਤਾ ਜੀ!.... ਇਹ ਖੇਲੈ ਬਾਲਕਹੁੰ ਸਾਥ, ਪਰ ਬੋਲੈ ਬ੍ਰਹਮ ਗਿਆਨ,

ਨਸੀਹਤ ਦੇ ਬਾਲਕਾਂ ਕਉ ਅਰ ਵੱਡਿਆਂ ਕਉ।....ਮਾਤਾ ਜੀ ਮੈਨੂੰ ਤਾਂ ਇਹਦੇ ਚਿਹਰੇ 'ਚੋਂ ਅਰਸ਼ੀ ਨੂਰ ਨਜ਼ਰ ਆਵੈ।"

ਇੱਕ ਮੁਸਲਮਾਨ ਲਿਖਾਰੀ ਦੇ ਵੀ ਸ਼ਬਦ ਹਨ, ਬਾਲਕ ਨਾਨਕ ਅਜੇ 5 ਕੁ ਸਾਲ ਦੇ ਸਨ। ਮਰਦਾਨਾ ਜੋ ਨਾਨਕ ਤੋਂ 10 ਕੁ ਸਾਲ ਵੱਡਾ ਸੀ ਅਤੇ ਜਿਸ ਦਾ ਘਰ ਕੁਝ ਕਦਮ 'ਤੇ ਹੀ ਸੀ। ਇੱਕ ਦਿਨ ਜਦੋਂ ਉਹ ਰਬਾਬ ਵਜਾਉਂਦਾ ਨਾਨਕ ਦੇ ਘਰ ਅੱਗੋਂ ਦੀ ਲੰਘਿਆ ਤਾਂ ਮਾਤਾ ਤ੍ਰਿਪਤਾ ਨਾਨਕ ਨੂੰ ਚੂਰੀ ਖੁਆ ਰਹੀ ਸੀ। ਰਬਾਬ ਦੇ ਤਰਾਨੇ ਸੁਣ ਬਾਲ ਨਾਨਕ ਚੂਰੀ ਵਿੱਚੇ ਹੀ ਛੱਡ ਮਰਦਾਨੇ ਦੇ ਘਰ ਜਾ ਵੜਿਆ। ਮਰਦਾਨੇ ਦੀ ਮਾਂ ਨੇ ਜਦ ਨਾਨਕ ਨੂੰ ਦੇਖਿਆ ਤਾਂ ਕਿਹਾ, "ਮਰਜਾਣਿਆਂ, ਨਾਨਕ ਨੂੰ ਜਲਦੀ ਇਨ੍ਹਾਂ ਦੇ ਘਰ ਛੱਡ ਕੇ ਆ। ਇਨ੍ਹਾਂ ਦੇ ਘਰ ਵਾਲੇ ਲੱਭਦੇ ਫਿਰਦੇ ਹੋਣੇ ਨੇ"। ਬਾਲ ਨਾਨਕ ਨੇ ਕਿਹਾ, "ਮਾਂ ! ਤੂੰ ਇਸ ਨੂੰ ਮਰਜਾਣਾ ਕਿਉਂ ਕਿਹਾ ਹੈ?" ਮਰਦਾਨਾ ਮਾਂ ਦਾ ਹੁਕਮ ਮੰਨ ਕੇ ਨਾਨਕ ਨੂੰ ਗੋਦੀ ਚੱਕ ਕੇ ਉਸ ਦੇ ਘਰ ਛੱਡ ਆਇਆ।

## ਮਰਜਾਣੇ ਤੋਂ ਮਰਦਾਨਾ ਕਹਾਉਣਾ

ਇਤਿਹਾਸਕਾਰਾਂ ਦੀ ਖੋਜ ਦਰਸਾਉਂਦੀ ਹੈ ਕਿ ਮੀਰ ਬਦਰੇ ਦੇ ਘਰ ਪਹਿਲੇ ਜਨਮੇ 6 ਬੱਚੇ ਮਰ ਗਏ ਸਨ। ਇਹ ਸੱਤਵਾਂ ਬੱਚਾ ਜਦ ਪੈਦਾ ਹੋਇਆ ਤਾਂ ਇਸ ਦਾ ਨਾਂ 'ਮਰਜਾਣਾ' ਰੱਖ ਦਿੱਤਾ। ਬਾਲ ਨਾਨਕ ਨੇ ਇਸ ਦੀ ਮਾਂ ਨੂੰ ਆਖਿਆ, "ਮਾਂ ਇਸ ਨੂੰ ਮਰਜਾਣਾ ਨਾ ਕਹੋ। ਇਹ ਤਾਂ ਮਰਦਾਨਾ ਹੈ। ਅੱਲਾ ਦਾ ਸ਼ੁਕਰ ਕਰਿਆ ਕਰ, ਇਸ ਦੇ ਕੇਸ ਨਾ ਕੱਟੀਂ ਅਤੇ ਮਨ ਵਿੱਚ ਦਇਆ ਧਾਰਨ ਕਰ ਕੇ ਆਪਣੀ ਕਮਾਈ 'ਚੋਂ ਗਰੀਬ-ਗੁਰਬੇ, ਬੇ-ਸਹਾਰਾ, ਦੀਨ-ਦੁਖੀਆਂ ਅਤੇ ਲੋੜ ਵੰਦਾਂ ਦੀ ਸਹਾਇਤਾ ਕਰਿਆ ਕਰ"। ਬਾਲ ਗੁਰੂ ਨਾਨਕ ਦੇ ਮੁੱਖ 'ਚੋਂ ਨਿਕਲੇ ਇਹ ਬੋਲ ਪੂਰੇ ਹੋ ਗਏ।

ਭਾਵੇਂ ਮਰਦਾਨਾ ਬਚਪਨ ਤੋਂ ਹੀ ਹੁੰਦੜ ਹੇਲ, ਹੁਸੀਨ, ਮਿੱਠ-ਬੋਲੜਾ, ਉਦੱਮੀ, ਮਿਹਨਤੀ ਅਤੇ ਸਿਆਣਾ ਸੀ। ਪਰ ਗੁਰੂ ਬਚਨਾਂ ਕਾਰਨ ਸੱਚ-ਮੁੱਚ ਮਰਦਾਨਾ ਬਣ ਗਿਆ। ਮਰਦਾਨਾ ਸ਼ਬਦ ਮਰਦ+ਦਾਨਾ ਦਾ ਸੁਮੇਲ ਹੈ। 'ਮਰਦ' ਦਾ ਭਾਵ ਹੈ ਦਲੇਰ, ਨਿਡਰ, ਹੌਸਲੇ ਵਾਲਾ ਅਤੇ ਜਿਹੜਾ ਗੰਭੀਰ ਤੋਂ ਗੰਭੀਰ ਖ਼ਤਰੇ ਦੀ ਵੀ ਪ੍ਰਵਾਹ ਨਾ ਕਰੇ। 'ਦਾਨਾ' ਦਾ ਅਰਥ ਹੈ ਸਿਆਣਾ, ਸੁਚੇਤ, ਸਾਦਾ, ਸੁਸ਼ੀਲ, ਉੱਚੀ-ਸੁੱਚੀ ਸੋਚ ਵਾਲਾ ਅਤੇ ਕਿਸੇ ਖਾਸ ਵਿਸ਼ੇ ਦਾ ਤਜ਼ਰਬਾ ਰੱਖਣ ਵਾਲਾ । ਸੋ ਮਰਦਾਨਾ ਦਾ ਭਾਵ ਹੈ ਪੂਰਨ ਮਰਦ ਜਾਂ ਅਮਰ ਪਦਵੀ ਦਾ ਲਖਾਇਕ। ਗੁਰਬਾਣੀ ਅੰਦਰ ਮਰਦ ਦਾ ਅਰਥ ਸੂਰਮਾ ਵੀ ਹੈ ਜੈਸੇ ਗੁਰਵਾਕ ਹੈ, ਸੋਈ ਮਰਦ ਮਰਦ ਮਰਦਾਨਾ'। ਇੰਞ ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਜੀ ਨਾਲ ਜੁੜ ਕੇ ਸਰਵ ਉੱਚ ਪਦਵੀ ਪ੍ਰਾਪਤ ਕਰ ਲਈ ਅਤੇ ਇਲਾਹੀ ਬਾਣੀ ਵੀ

ਆਪਣੇ ਮੁੱਖ ਤੋਂ ਉਚਾਰਨ ਕੀਤੀ ਜੋ ਤਿੰਨ ਸਲੋਕਾਂ ਵਿੱਚ ਸ੍ਰੀ ਗੁਰੂ ਸਾਹਿਬ ਜੀ ਦੇ ਪੰਨਾ 553 'ਤੇ ਸੁਸ਼ੋਭਤ ਹੈ। ਇਸ ਤਰ੍ਹਾਂ ਬਾਬੇ ਨਾਨਕ ਨੇ ਭਾਈ ਮਰਦਾਨੇ ਨੂੰ ਜੁਗੋ ਜੁਗ ਅਟੱਲ ਬਾਣੀ ਦੇ ਬੋਹਿਥ ਵਿੱਚ ਸਦਾ ਲਈ ਆਪਣੇ ਨਾਲ ਬਿਠਾ ਲਿਆ।

ਭਾਸਦਾ ਹੈ ਕਿ ਗੁਰੂ ਨਾਨਕ ਅਤੇ ਰਬਾਬੀ ਮਰਦਾਨੇ ਵਿੱਚ ਇਸ ਸੰਸਾਰ ਵਿੱਚ ਵਿਚਰਨ ਤੋਂ ਪਹਿਲਾਂ ਹੀ ਕੋਈ ਖ਼ਾਸ ਸੰਬੰਧ ਹੋਵੇਗਾ। ਭਾਈ ਸਾਹਿਬ ਪਿਛਲੇ ਜਨਮਾਂ-ਜਨਮਾਂਤਰਾਂ ਅਤੇ ਕਰਮਾਂ ਦੀ ਕੀਤੀ ਭਗਤੀ, ਸੁਰਾਂ ਦੀ ਸ਼ਕਤੀ ਅਤੇ ਗੁਰੂ ਪ੍ਰਸਤੀ ਧੁਰ ਦਰਗਾਹੋਂ ਨਾਲ ਲੈ ਕੇ ਆਏ ਸਨ। ਗੁਰ ਸਿੱਖੀ ਦੇ ਇਸ ਅਮੁੱਲੇ ਲਾਲ ਨੇ ਰਬਾਬੀ ਬਣ ਕੇ ਅਤੇ ਰਬਾਬ ਦੀਆਂ ਸੁਰਾਂ ਨੂੰ ਸੁਰਤ ਨਾਲ ਜੋੜ ਕੇ ਅਤੇ ਰਾਗ ਬੱਧ ਕਰਕੇ ਗੁਰਬਾਣੀ ਦੇ ਸ਼ਬਦ, ਜੋ ਗੁਰੂ ਨਾਨਕ ਦੇ ਮੁੱਖੋਂ ਨਿਕਲਦੇ ਸਨ, ਦੇ ਤਰਾਨੇ ਬੜੀ ਸ਼ਰਧਾ ਭਾਵਨਾ ਨਾਲ ਵਜਾਏ ਅਤੇ ਗਾਏ ਜਿਨ੍ਹਾਂ ਨੂੰ ਸੁਣ ਲੋਕਾਈ ਮੁਗਧ, ਮਸਤਾਨੀ ਤੇ ਦੀਵਾਨੀ ਹੋ ਜਾਂਦੀ ਸੀ। ਪਰ ਇਹ ਸਭ ਬਰਕਤ ਅਤੇ ਰਹਿਮਤ ਗਤਿ ਦਾਨੀ, ਸੁੱਖ ਦਾਨੀ, ਜੁਗਤ ਦਾਨੀ, ਭੁਗਤ ਦਾਨੀ, ਪਿਆਰ ਦਾਨੀ ਅਤੇ ਮੁਕਤ ਦਾਨੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਸੀ। ਪਰ ਇੱਥੇ ਇਹ ਕਹਿਣਾ ਬਣਦਾ ਹੈ:

*ਨਾਨਕ ਕੋ ਡੂੰਮ ਸੰਗਿ ਮਰਦਾਨਾ।*
*ਜਿਸ ਕੇ ਜਾਗੇ ਭਾਗ ਮਹਾਨਾ।*

SIKHBOOKCLUB.COM

ਮਿਰਾਸੀ, ਡੂੰਮ, ਭੱਟ, ਢਾਡੀ, ਰਾਗੀ ਆਮ ਕਰ ਕੇ ਪਿਤਾ ਪੁਰਖੀ ਕਿੱਤਾ ਹੈ। ਇਹ ਬਹੁਤ ਹੀ ਵਿਲੱਖਲਣ ਹੁਨਰ ਹੈ ਅਤੇ ਪ੍ਰਭੂ ਵੱਲੋਂ ਮਿਲੀ ਅਗੰਮੀ ਬੁੱਧੀ ਅਤੇ ਮਿੱਠੇ ਬੋਲਾਂ ਦੀ ਦੇਣ ਹੈ। ਜਿਸ ਕਾਰਨ ਇਹ ਕਲਾ ਅਤੇ ਸਿੱਧੀ ਆਪ-ਮੁਹਾਰੇ ਬੰਦੇ ਦੇ ਮਨ ਵਿੱਚ ਉਪਜਦੀ ਹੈ।

ਮਿਰਾਸੀ ਅਰਬੀ ਦੇ ਸ਼ਬਦ 'ਮਿਰਾਸ' ਤੋਂ ਹੋਂਦ ਵਿੱਚ ਆਇਆ ਹੈ ਜਿਸ ਦਾ ਮਤਲਬ ਹੈ 'ਮਾਲਕੀ', ਵਿਰਸੇ ਦੇ ਦਾਅਵੇਦਾਰ ਜਾਂ ਹੱਕਦਾਰ। ਕੁਦਰਤ ਵੱਲੋਂ ਇਨ੍ਹਾਂ ਦੇ ਵਿਰਸੇ ਅੰਦਰ ਸੁਰੀਲੇ ਗਲਿਆਂ ਦੀ ਦਾਤ, ਚੰਗੀ ਤੁਕਬੰਦੀ, ਸੁਰ ਤਾਲ ਅਤੇ ਕਾਵਿ ਛੰਦਾਂ ਦੀ ਰਚਨਾ ਦਾ ਅਭਿਆਸ ਹੁੰਦਾ ਹੈ। ਇਹ ਰਾਜੇ, ਰਾਣੇ ਅਤੇ ਅਮੀਰਾਂ ਦੇ ਦਰਬਾਰ ਵਿੱਚ ਗਾਉਣ-ਵਜਾਉਣ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਇਹ ਮੇਲਿਆਂ,ਗਲੀਆਂ ਮੁਹੱਲਿਆਂ ਵਿੱਚ ਵੀ ਜਾ ਕੇ ਗਾਉਂਦੇ ਹਨ। ਇਨ੍ਹਾਂ ਦੀ ਰੋਜ਼ੀ ਰੋਟੀ ਦਾ ਇਹ ਮੁੱਖ ਧੰਦਾ ਹੈ।

ਇਤਿਹਾਸਕ ਤੱਥਾਂ ਮੁਤਾਬਿਕ ਮਿਰਾਸੀਆਂ ਦਾ ਕੁਰਸੀਨਾਮਾ ਹਜ਼ਰਤ ਮੁਹੰਮਦ ਸਾਹਿਬ ਨਾਲ ਜਾ ਜੁੜਦਾ ਹੈ। ਹਜ਼ਰਤ ਮੁਹੰਮਦ ਦਾ ਵਡੇਰਾ ਅਬਦੁਲ ਮੁਨਾਫ਼ ਸੀ। ਉਸ ਦੇ ਪੁੱਤਰ ਹਜ਼ਰਤ ਹਾਸ਼ਮ ਦਾ ਲੜਕਾ ਹਜ਼ਰਤ ਮੁਤੱਲਿਬ ਹੋਇਆ। ਇਸ ਦੇ ਤਿੰਨ ਪੁੱਤਰ ਹਜ਼ਰਤ ਅਮੀਨ, ਹਜ਼ਰਤ ਅਬਦੁਲਾ ਅਤੇ ਹਜ਼ਰਤ ਅਬੂਤਾਲਵੀ

ਹੋਏ। ਹਜ਼ਰਤ ਅਮੀਨ ਦੇ ਉਕਾਸਾ ਜਨਮਿਆ। ਇੱਕ ਗਾਥਾ ਅਨੁਸਾਰ ਉਕਾਸਾ ਵੱਲੋਂ ਕੀਤੀ ਕਿਸੇ ਗਲਤੀ ਕਾਰਨ ਹਜ਼ਰਤ ਮੁਹੰਮਦ ਨੇ ਉਸ ਦੇ ਕੋਰੜੇ ਮਰਵਾਏ। ਪਰ ਜਦੋਂ ਹਜ਼ਰਤ ਮੁਹੰਮਦ ਮਦੀਨੇ ਪਹੁੰਚਿਆ ਤਾਂ ਆਖਿਆ, " ਜੇ ਮੈਂ ਕਿਸੇ ਦਾ ਬੁਰਾ ਕੀਤਾ ਹੈ ਤਾਂ ਬਦਲਾ ਲੈ ਲਵੇ"। ਉਕਾਸਾ ਨੇ ਉੱਤਰ ਵਿੱਚ ਕਿਹਾ, "ਪਿੱਠ ਨੰਗੀ ਕਰ"। ਇਹ ਸੁਣ ਕੇ ਹਜ਼ਰਤ ਮੁਹੰਮਦ ਨੇ ਆਪਣੀ ਪਿੱਠ ਨੰਗੀ ਕਰ ਲਈ। ਪਰ ਉਕਾਸਾ ਨੇ ਕੋਰੜੇ ਮਾਰਨ ਦੀ ਬਜਾਏ ਪਿੱਠ ਚੁੰਮ ਲਈ। ਇਸ ਨਿਮਰਤਾ ਨੂੰ ਤੱਕ ਲੋਕਾਈ ਉਕਾਸਾ ਦੀ ਉਸਤਤੀ ਕਰਨ ਲੱਗੀ। ਹਜ਼ਰਤ ਉਕਾਸਾ ਦੀ ਬੰਸ 'ਕੁਰੈਸ਼ੀ' ਸੀ ਜੋ ਆਪਣੇ ਆਪ ਨੂੰ ਉੱਚੇ ਖਾਨਦਾਨ ਵਾਲੇ ਕਹਾਉਂਦੇ ਸਨ।

ਉਕਾਸਾ ਖਾਨਦਾਨ ਪਹਿਲਾਂ ਈਰਾਨ 'ਚ ਸੀ। ਇਹ ਈਰਾਨ ਤੋਂ ਖੁਆਜਾ ਮੁਹੰਮਦ-ਦੀਨ-ਚਿਸ਼ਤੀ-ਅਜਮੇਰੀ ਦੇ ਨਾਲ ਪਰਵਾਰ ਅਤੇ ਸੰਬੰਧੀਆਂ ਸਮੇਤ ਰਾਜਸਥਾਨ ਪਹੁੰਚਿਆ। ਇਹਨਾਂ ਦੀ ਗਾਇਕੀ ਦੀਆਂ ਉੱਚੀਆਂ ਬੁਲੰਦੀਆਂ ਸੁਣ ਅਤੇ ਦੇਖ ਰਾਜਿਆਂ ਨੇ ਇਨ੍ਹਾਂ ਨੂੰ ਦਰਬਾਰੀ ਗਵੱਈਏ ਰੱਖ ਲਿਆ। ਇਹ ਜੰਗ-ਯੁੱਧਾਂ ਵਿੱਚ ਵੀ ਸ਼ਾਮਲ ਹੋ ਕੇ ਸਿਪਾਹ-ਸਲਾਰਾਂ ਦੇ ਮਨਾਂ 'ਚ ਲੜ ਮਰਨ ਲਈ ਵਾਰਾਂ ਗਾ ਕੇ ਜੋਸ਼ ਭਰਦੇ ਸਨ। ਇਨ੍ਹਾਂ ਦੀਆਂ ਵਾਰਾਂ ਵਿੱਚੋਂ ਬੀਰ ਰਸ ਡੁੱਲ੍ਹ ਡੁੱਲ੍ਹ ਪੈਂਦਾ ਸੀ ਅਤੇ ਸੂਰਮੇ ਜੰਗ ਲਈ ਉਤਸ਼ਾਹਤ ਹੁੰਦੇ ਸਨ। ਹੌਲੀ ਹੌਲੀ ਇਹ ਪੰਜਾਬ ਅਤੇ ਹਿੰਦੁਸਤਾਨ ਦੇ ਦੂਜੇ ਭਾਗਾਂ ਵਿੱਚ ਵੀ ਫੈਲ ਗਏ।

ਇਤਿਹਾਸਕਾਰਾਂ ਦੀ ਖੋਜ ਦਰਸਾਉਂਦੀ ਹੈ ਕਿ ਗਿਆਰਵੀਂ ਸਦੀ ਵਿੱਚ ਨਾਦਰਸ਼ਾਹ ਨੇ ਜਦੋਂ ਹਿੰਦੁਸਤਾਨ 'ਤੇ ਹਮਲਾ ਕੀਤਾ ਤਾਂ ਉਸ ਦੀ ਫ਼ੌਜ ਨਾਲ ਵੀ ਬਹੁਤ ਸਾਰੇ ਰਬਾਬੀ ਢਾਡੀ ਆਏ ਸਨ। ਉਹ ਲੁੱਟ ਮਾਰ ਕਰਕੇ ਹਿੰਦੂਆਂ ਦੇ ਮੰਦਰਾਂ ਵਿੱਚੋਂ ਸੋਨੇ ਦੀਆਂ ਮੂਰਤੀਆਂ, ਕੋਹੇਨੂਰ ਹੀਰਾ ਅਤੇ ਹੋਰ ਕੀਮਤਾਂ ਵਸਤਾਂ ਲੁੱਟ ਕੇ ਈਰਾਨ ਨੂੰ ਵਾਪਸ ਮੁੜ ਗਿਆ ਪਰ ਉਸ ਦੇ ਨਾਲ ਆਏ ਕੁਝ ਸਿਪਾਹੀ ਹਿੰਦੁਸਤਾਨ ਹੀ ਠਹਿਰ ਗਏ ਸਨ। ਇਹ ਗਵਾਲੀਅਰ, ਆਗਰਾ, ਲਖਨਊ ਆਦਿ ਸ਼ਹਿਰਾਂ ਵਿੱਚ ਜਾ ਵਸੇ ਸਨ। ਇਨ੍ਹਾਂ ਦੀ ਬੰਸ ਦੇ ਬੰਦਿਆਂ ਨੇ ਸਮਾਂ ਪਾ ਕੇ ਰਬਾਬੀ ਘਰਾਣੇ ਸਥਾਪਤ ਕਰ ਲਏ। ਮੁਸਲਮਾਨੀ ਮੱਤ ਵਿੱਚ ਗਾਉਣ ਵਜਾਉਣ ਵਾਲਿਆਂ ਲਈ ਮਿਰਾਸੀ ਜਾਂ ਡੂੰਮ ਸ਼ਬਦ ਵਰਤਦੇ ਹਨ। ਮਿਰਾਸੀਆਂ ਬਾਰੇ 'ਪੰਜਾਬੀ ਲੋਕ-ਧਾਰਾ ਵਿਸ਼ਵਕੋਸ਼' ਜੋ 1912 ਦੀ ਲਿਖਤ ਹੈ ਵਿੱਚ ਇੰਵ ਲਿਖਿਆ ਹੋਇਆ ਹੈ:

*ਗੁਣੀਆਂ ਕੇ ਸਾਗਰ ਹੈਂ, ਜਾਤ ਕੋ ਉਜਾਗਰ ਹੈਂ।*
*ਭਿਖਾਰੀ ਬਾਦਸ਼ਾਹ ਕੋ, ਪਰਭੋ ਕੋ ਮਿਰਾਸ।*
*ਸਭ ਹਮੇ ਜਾਨਤ ਹੈਂ, ਡੂਮ ਮਾਲ ਜਦੋਂ ਕੇ।*

ਡੂੰਮ ਸੰਸਕ੍ਰਿਤ ਸ਼ਬਦ ਡੋਮੰ ਤੋਂ ਬਣਿਆ ਹੈ। ਇਸ ਸ਼ਬਦ ਨੂੰ ਬੋਲਣ ਸਮੇਂ ਡਰੱਮ 'ਤੇ ਡੱਗਾ ਮਾਰਨ ਵਰਗੀ ਧੁਨੀ ਉਪਜਦੀ ਹੈ। ਵੇਦਾਂ ਵਿੱਚ ਡੌਮਾ, ਡੋਮਰਾ, ਡੋਮਾਕਾ, ਡੋਬਾਰੀ ਆਦਿ ਸ਼ਬਦ ਵਰਤੇ ਹੋਏ ਹਨ। ਇਹ ਡੂੰਮ ਜਾਂ ਮਿਰਾਸੀ ਰਾਸਾਂ ਵੀ ਪਾਉਂਦੇ ਹਨ। ਇਹ ਢੋਲ ਜਾਂ ਰਬਾਬ ਆਦਿ ਵਜਾਉਂਦੇ ਸਨ ਅਤੇ ਇਸਤਰੀਆਂ ਡਾਂਸ ਕਰਦੀਆਂ ਸਨ। ਅੱਜ ਕਲ੍ਹ 'ਪੌਪ ਗਾਇਕੀ' ਅਤੇ ਵਜਾਉਣ ਦੇ ਨਵੇਂ ਸਾਜ਼ ਆਉਣ ਕਾਰਨ ਇਹ ਰਾਸਾਂ ਵਗੈਰਾ ਖ਼ਤਮ ਹੋ ਗਈਆਂ ਹਨ। ਪਰ ਇੱਥੇ ਇਹ ਵਰਨਣ ਕਰਨਾ ਜ਼ਰੂਰੀ ਹੈ ਕਿ ਪੁਰਾਤਨ ਸੰਗੀਤ ਬੜਾ ਹੀ ਸੱਭਿਅਕ, ਸਾਰਥਿਕ, ਸੰਵੇਦਨਸ਼ੀਲ, ਸਹਿਜ ਅਤੇ ਸੁਹਿਰਦਤਾ ਵਾਲਾ ਸੀ ਜਦ ਕਿ ਪੌਪ ਗਾਇਕੀ ਅਸ਼ਲੀਲ, ਵਿਸ਼ੇਗ੍ਰਸਤ, ਸ਼ੋਰ-ਸ਼ਰਾਬੇ ਅਤੇ ਪ੍ਰਦੂਸ਼ਨ ਭਰੀ ਹੈ। ਪੁਰਾਤਨ ਗਾਇਕ ਬੜੇ ਹੀ ਕਲਾਵਾਨ, ਮਿਹਨਤੀ, ਸਿਰੜੀ ਅਤੇ ਲੋਭ ਰਹਿਤ ਸਨ। ਇਹ ਰਾਗਾਂ ਅਤੇ ਸਾਜ਼ਾਂ ਬਾਰੇ ਬੜੇ ਨਿਪੁੰਨ ਸਨ। ਪਰ ਅੱਜ ਕਲ੍ਹ ਦੀ ਗਾਇਕੀ ਦਾ ਸੰਬੰਧ ਨਾ ਤਾਂ ਪਿਤਾ-ਪੁਰਖੀ ਹੈ ਅਤੇ ਨਾ ਹੀ ਰਾਗਾਂ ਸਾਜ਼ਾਂ ਪ੍ਰਤੀ ਇਨ੍ਹਾਂ ਨੂੰ ਕੋਈ ਬਹੁਤਾ ਗਿਆਨ ਹੈ। ਇਸ ਤੋਂ ਇਲਾਵਾ ਇਹ ਉੱਚੇ-ਸੁੱਚੇ ਜੀਵਨ ਤੋਂ ਵੀ ਸੱਖਣੇ ਹਨ ਅਤੇ ਲੋਭ ਲਹਿਰ ਵਿੱਚ ਗਲਗੱਚ ਹਨ।

ਭੱਟਾਂ ਦੇ ਪ੍ਰੋਹਿਤ ਸਰਸਵਤੀ ਬ੍ਰਹਮਣ ਸਨ। ਇਹ ਬਹੁਤਾਤ ਵਿੱਚ ਸਰਸਵਤੀ ਦਰਿਆ ਦੇ ਕੰਢੇ 'ਤੇ ਵਸੇ ਹੋਏ ਸਨ। ਪਰ ਕੁਝ ਤੱਥਾਂ ਮੁਤਾਬਕ 2000 ਬੀ.ਸੀ. (Before Christ) ਨੂੰ ਬਾਰਸ਼ ਨਾ ਹੋਣ ਕਰਕੇ ਸਰਸਵਤੀ ਦਰਿਆ ਸੁੱਕ ਗਿਆ ਸੀ। ਪਾਣੀ ਦੀ ਘਾਟ ਕਾਰਨ ਇਹ ਕਸ਼ਮੀਰ ਅਤੇ ਹੋਰ ਪਹਾੜੀ ਇਲਾਕਿਆਂ ਵਿੱਚ ਜਾ ਵਸੇ। ਇਨ੍ਹਾਂ ਦਾ ਵਡੇਰਾ ਭੱਟੀ ਸੀ ਜਿਸ ਕਾਰਨ ਇਨ੍ਹਾਂ ਨੂੰ ਲੋਕ ਭਾਟ ਜਾਂ ਭੱਟ ਕਹਿਣ ਲੱਗ ਪਏ। ਇਹ ਉੱਤਮ ਜਾਤ ਦੇ ਹੋਣ ਕਾਰਨ ਚੰਗੇ ਪੜ੍ਹੇ ਲਿਖੇ ਅਤੇ ਵਿਦਵਾਨ ਸਨ। ਭਾਈ ਸੰਤੋਖ ਸਿੰਘ ਦੁਆਰਾ ਰਚੇ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਦੇ ਪੰਨਾ 2121 'ਤੇ ਅੰਕਿਤ ਹੈ ਕਿ ਇਹ ਵੇਦਾਂ ਦੇ ਅਵਤਾਰ ਸਨ ਅਤੇ ਉਨ੍ਹਾਂ ਦੇ ਰਚਨਹਾਰੇ ਸਨ। ਆਪਣੀ ਰੋਜ਼ੀ ਰੋਟੀ ਲਈ ਇਹ ਰਾਜੇ ਮਹਾਰਾਜਿਆਂ ਦੇ ਦਰਬਾਰਾਂ ਅੰਦਰ ਗਾਉਣ ਵਜਾਉਣ ਦਾ ਕਿੱਤਾ ਕਰਦੇ ਸਨ। ਸ੍ਰੀ ਮਤੀ ਮਹਿੰਦਰ ਕੌਰ ਗਿੱਲ ਵੱਲੋਂ ਲਿਖੀ ਪੁਸਤਕ 'ਭਾਈ ਮਰਦਾਨਾ' ਵਿੱਚ ਉਨ੍ਹਾਂ ਲਿਖਿਆ ਹੈ ਕਿ ਭਾਵੇਂ ਇਹ ਭੱਟ ਬ੍ਰਾਹਮਣ (ਉੱਚੀ ਜਾਤ ਵਾਲੇ) ਸਨ ਪਰ ਬ੍ਰਹਮਣ ਇਨ੍ਹਾਂ ਨੂੰ ਨੀਵੀਂ ਜਾਤ ਵਿੱਚ ਹੀ ਗਿਣਦੇ ਸਨ ਕਿਉਂਕਿ ਇਹ ਵਿਧਵਾ ਇਸਤਰੀਆਂ ਦੇ ਵਿਆਹ ਕਰਨ ਲੱਗ ਪਏ ਸਨ।

ਹਿੰਦੁਸਤਾਨ ਅੰਦਰ ਭੱਟਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਨ੍ਹਾਂ ਨੇ ਭੱਟ ਵਹੀਆਂ ਵੀ ਤਿਆਰ ਕੀਤੀਆਂ ਜਿਨ੍ਹਾਂ ਵਿੱਚ ਇਤਿਹਾਸਕ ਘਟਨਾਵਾਂ, ਗੁਰੂਆਂ, ਸੰਤਾਂ, ਭਗਤਾਂ, ਰਿਸ਼ੀਆਂ ਮੁਨੀਆਂ ਬਾਰੇ ਵਰਨਣ ਕੀਤਾ ਹੋਇਆ ਹੈ। ਇਸ ਤੋਂ

ਇਲਾਵਾ ਇਨ੍ਹਾਂ ਨੇ ਇਕੱਲੀ ਇਕੱਲੀ ਕੁੱਲ ਦੇ ਕੁਰਸੀਨਾਮੇ ਵੀ ਤਿਆਰ ਕੀਤੇ ਹੋਏ ਹਨ ਜੋ ਅੱਜ ਵੀ ਉਪਲਭਦ ਹਨ।

ਭੱਟਾਂ ਦੀ ਕਲਾ, ਕਮਾਈ ਅਤੇ ਕੀਰਤੀ ਉਸ ਸਮੇਂ ਪ੍ਰਗਟ ਹੋ ਗਈ ਜਦੋਂ ਇਹ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪਹੁੰਚੇ। ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਇਨ੍ਹਾਂ ਆਪਣੇ ਅਦੁੱਤੀ ਗੁਣਾਂ ਸਦਕਾ ਰਚੀ ਰਚਨਾ ਗੁਰੂ ਸਾਹਿਬ ਅੱਗੇ ਪੇਸ਼ ਕੀਤੀ ਤਾਂ ਇਨ੍ਹਾਂ ਦੀ ਘੋਲ ਕਮਾਈ ਨੂੰ ਐਸਾ ਫਲ ਲੱਗਿਆ ਜੋ ਸਦਾ ਲਈ ਅਟੱਲ ਹੋ ਗਿਆ। ਉਨ੍ਹਾਂ ਭੱਟਾਂ (ਕਲਸਹਾਰ, ਗਯੰਦ, ਭਿੱਖਾ, ਕੀਰਤ, ਮਥੁਰਾ, ਜਾਲਪ, ਸਲ੍ਹ, ਭੱਲ, ਬੱਲ, ਹਰਿਬੰਸ ਅਤੇ ਨਲ ਜੀ) ਦੇ ਮੁੱਖੋਂ ਉਚਾਰੇ 121 ਸਵੱਈਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹੋ ਗਏ। ਇਨ੍ਹਾਂ ਸਵੱਈਆਂ ਵਿੱਚ ਗੁਰੂ ਦੀ ਸਿਫ਼ਤ ਸਲਾਹ ਨੂੰ ਬਹੁਤ ਹੀ ਨਿਰਾਲੇ, ਵਿਲੱਖਣ ਅਜ਼ਬ ਅਤੇ ਗਜ਼ਬ ਦੇ ਅੰਦਾਜ਼ ਵਿੱਚ ਉਚਾਰਨ ਕੀਤਾ ਹੋਇਆ ਹੈ। ਸੋ ਜਿਨ੍ਹਾਂ ਨੂੰ ਬ੍ਰਹਮਣ ਲੋਕ ਨੀਵੀਂ ਜਾਤ ਦੇ ਕਹਿੰਦੇ ਸਨ ਗੁਰੂ ਜੀ ਨੇ ਉਨ੍ਹਾਂ ਨੂੰ ਇਤਨਾ ਮਹਾਨ ਮਾਣ ਸਤਿਕਾਰ, ਪਿਆਰ ਅਤੇ ਸ਼ਿੰਗਾਰ ਦਿੱਤਾ ਕਿ ਆਪਣੇ ਨਾਲ ਹੀ ਬਿਠਾ ਲਿਆ।

ਇਸੇ ਤਰ੍ਹਾਂ ਢਾਡੀ ਪਰੰਪਰਾ ਨੂੰ ਸਿੱਖੀ ਅੰਦਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਵਿਸ਼ੇਸ਼ ਸਥਾਨ ਦਿੱਤਾ। ਇਹ ਕਲਾ ਪ੍ਰਭੂ ਵੱਲੋਂ ਮਿਲੀ ਅਗੰਮੀ ਅਤੇ ਆਗਾਧ ਬੁੱਧੀ ਦੀ ਦੇਣ ਹੈ। ਇਹ ਕਲਾ ਜਬਰ-ਜ਼ੁਲਮ ਅੱਗੇ ਡਟਣ, ਧਰਮ ਦੋਖੀਆਂ ਦੇ ਨਾਸ਼, ਗੁਰ-ਸਿੱਖਾਂ ਨੂੰ ਚੜ੍ਹਦੀ ਕਲਾ ਅਤੇ ਸੂਰਮਿਆਂ ਨੂੰ ਹੋਸ਼ ਵਿੱਚ ਰਹਿਣ ਅਤੇ ਕੁਰਬਾਨ ਹੋਣ ਲਈ ਜੋਸ਼ ਭਰਦੀ ਹੈ। ਭਾਵੇਂ ਇਹ ਕਲਾ ਪਹਿਲੇ ਪਹਿਲ ਅਰਬ ਦੇਸ਼ਾਂ ਤੋਂ ਆਈ, ਰਾਜਸਥਾਨ ਵਿੱਚ ਇਸ ਦਾ ਵਿਕਾਸ ਹੋਇਆ ਪਰ ਪੰਜਾਬ ਦੀ ਧਰਤੀ 'ਤੇ ਇਹ ਵਧੀ ਫੁੱਲੀ ਅਤੇ ਅੱਜ ਵੀ ਸਿੱਖਰਾਂ ਛੋਹ ਰਹੀ ਹੈ। ਇਸ ਕਲਾ ਸਦਕਾ ਸਿੱਖਾਂ ਨੇ ਬੜੀਆਂ ਮੱਲਾਂ ਮਾਰੀਆਂ ਅਤੇ ਨੀਚਾਂ ਨੂੰ ਬਰਾਬਰਤਾ ਦੇ ਹੱਕ ਦਿਵਾਏ। ਭਾਈ ਮਰਦਾਨਾ ਨੇ ਗੁਰੂ ਬਾਬੇ ਦੇ ਬੋਲਾਂ 'ਚੋਂ ਰਾਮ ਰਸ ਪ੍ਰਾਪਤ ਕਰਕੇ ਗੁਰੂ ਜਸ ਗਾਇਨ ਕੀਤਾ ਅਤੇ ਸਿੱਖੀ ਅੰਦਰ ਪਹਿਲੇ ਢਾਡੀ ਹੋਣ ਦਾ ਨਾਮਨਾ ਹਾਸਲ ਕੀਤਾ। ਬਾਬੇ ਨਾਨਕ ਨਾਲ ਰਹਿ ਕੇ ਉਹ ਰਹਿਣੀ, ਬਹਿਣੀ, ਕਹਿਣੀ, ਕਥਨੀ ਅਤੇ ਕਰਨੀ ਵਿੱਚ ਇਤਨਾ ਪ੍ਰਪਕ ਹੋ ਗਿਆ ਕਿ ਦੋਹਾਂ ਵਿੱਚ ਕੋਈ ਅੰਤਰ ਨਾ ਰਿਹਾ। ਸੱਚੇ-ਸੁੱਚੇ ਢਾਡੀ ਬਾਰੇ ਗੁਰਬਾਣੀ ਦੇ ਬੋਲ ਹਨ:

*ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ॥*
*ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥*
*ਢਾਢੀ ਦਰੁ ਘਰਿ ਪਾਇਸੀ ਸਚੁ ਰਖੈ ਉਰਧਾਰਿ॥*
*ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰੁ॥*
*ਢਾਢੀ ਕੀ ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ॥ (516)*

# ਨੀਵੀਂ ਜਾਤ ਦੇ ਮਿਰਾਸੀ ਨੂੰ ਕਿਉਂ ਮਿੱਤਰ ਬਣਾਇਆ?

ਪਰਮਾਤਮਾ ਨੇ ਸਾਰੇ ਬੰਦੇ ਇੱਕ ਵਿਧੀ ਨਾਲ ਹੀ ਪੈਦਾ ਕੀਤੇ ਹੋਏ ਹਨ ਅਤੇ ਸਾਰਿਆਂ ਦੇ ਸਰੀਰ ਵੀ ਪੰਜ ਭੌਤਕ ਤੱਤਾਂ ਤੋਂ ਹੀ ਬਣੇ ਹੋਏ ਹਨ। ਸਭ ਅੰਦਰ ਇੱਕ ਜੋਤ ਹੀ ਮੌਜੂਦ ਹੈ। ਹਾਂ, ਜਲਵਾਯੂ ਦੇ ਆਧਾਰ 'ਤੇ ਅਤੇ ਸੰਸਾਰ ਅੰਦਰ ਵੱਖੋ ਵੱਖ ਖਿੱਤਿਆਂ ਵਿੱਚ ਮਨੁੱਖਾਂ ਦਾ ਰੰਗ-ਰੂਪ, ਕੱਦ-ਕਾਠ ਅਤੇ ਰਹਿਣੀ-ਬਹਿਣੀ ਅਤੇ ਬੋਲ-ਚਾਲ ਵੱਖਰੀ ਜ਼ਰੂਰ ਹੈ। ਪਰ ਮਨੁੱਖ ਨੇ ਚੰਚਲ ਮਨ ਰਾਹੀਂ ਅਤੇ ਆਪਣਾ ਉੱਲੂ ਸਿੱਧਾ ਕਰਨ ਲਈ ਮਨੁੱਖਤਾ ਵਿੱਚ ਵੰਡੀਆਂ ਪਾ ਦਿੱਤੀਆਂ। ਕਿਤੇ ਜ਼ਾਤ-ਪਾਤ, ਉਚ-ਨੀਚ ਤੇ ਛੂਤ-ਛਾਤ ਦਾ ਝਗੜਾ ਖੜ੍ਹਾ ਕਰ ਦਿੱਤਾ ਅਤੇ ਕਿਤੇ ਨਸਲੀ ਵਿਤਕਰੇ ਉਭਾਰ ਕੇ ਟਾਕਰਾ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਗੱਲਾਂ ਕਾਰਨ ਨਾ-ਬਰਾਬਰੀ ਦਾ ਪਾੜਾ ਵਧ ਗਿਆ। ਇੱਕ ਦੂਜੇ ਨਾਲ ਘ੍ਰਿਣਾ, ਨਫਰਤ ਅਤੇ ਦਵੈਸ਼ ਭਾਵਨਾ ਵਧ ਗਈ। ਉੱਚੀ ਜਾਤੀ ਕਹਾਉਣ ਵਾਲੇ ਨੀਵਿਆਂ ਨਾਲ ਬਦਸਲੂਕੀ ਕਰਨ ਲੱਗ ਪਏ। ਪਰ ਹੋ ਰਿਹਾ ਅਜੇਹਾ ਬਦਸਲੂਕ ਜਾਂ ਤਸ਼ਕਰੀ ਸੱਚਾ-ਸੁੱਚਾ ਬੰਦਾ ਨਹੀਂ ਸਹਾਰ ਸਕਦਾ। ਇਹ ਦੇਖ ਗੁਰੂ ਨਾਨਕ ਨੇ ਨਵੇਂ ਖੜ੍ਹੇ ਕੀਤੇ ਸਿੱਖ ਧਰਮ ਅੰਦਰ ਗੁਰਬਾਣੀ ਦੇ ਬੋਲਾਂ ਰਾਹੀਂ ਇਨ੍ਹਾਂ ਆਦਮਖੋਰਾਂ 'ਤੇ ਕਰਤੀ ਸੱਟ ਮਾਰੀ ਤੇ ਇਸ ਤਰ੍ਹਾਂ ਮਾਨਵ ਜ਼ਾਤੀ ਦੇ ਕਹੇ ਜਾਂਦੇ ਨੀਚ ਵਰਗ ਉੱਤੇ ਹੋ ਰਹੇ ਅੰਨ੍ਹੇ-ਜ਼ੁਲਮ ਅਤੇ ਅਨਿਆਂ ਨੂੰ ਠੱਲ੍ਹ ਪਾਉਣ ਦਾ ਸਰਵੋਤਮ ਯਤਨ ਕੀਤਾ। ਉਨ੍ਹਾਂ ਉਚਾਰਿਆ:

SIKHBOOKCLUB.COM

*ਨ ਹਮ ਉਤਮ ਨੀਚ ਨ ਮਧਮ ਹਰਿ ਸਰਣਾਈ ਹਰਿ ਕੇ ਲੋਗਾ॥*

ਭਾਵ ਗੁਰੂ ਨਾਨਕ ਨੇ ਸਿੱਖੀ ਸਿਧਾਂਤਾਂ ਰਾਹੀਂ ਮਨੁੱਖਤਾ ਅੰਦਰ ਬਰਾਬਰੀ ਅਤੇ ਏਕਤਾ ਦਾ ਉਪਦੇਸ਼ ਦਿੱਤਾ। ਹਿੰਦੁਸਤਾਨ ਅੰਦਰ ਜ਼ਾਤ-ਪਾਤ ਦਾ ਪਾੜਾ ਵਿਦਵਾਨ ਬ੍ਰਹਮਣਾਂ ਅਤੇ ਪੰਡਿਤਾਂ ਨੇ ਖੜ੍ਹਾ ਕੀਤਾ ਸੀ। ਗੁਰੂ ਜੀ ਕਹਿੰਦੇ ਜ਼ਾਤ ਕਰ ਕੇ ਕੋਈ ਬ੍ਰਹਮਣ ਜਾਂ ਪੰਡਿਤ ਨਹੀਂ ਬਣ ਸਕਦਾ। ਇਹ ਕੇਵਲ ਸੰਸਾਰੀ ਸੋਚ ਹੈ, ਨਿਰੰਕਾਰ ਦੇ ਘਰ ਤਾਂ ਸੰਸਾਰ ਵਿੱਚ ਕੀਤੇ ਕਰਮਾਂ (ਕੰਮਾਂ) ਦੇ ਆਧਾਰ 'ਤੇ ਨਿਬੇੜਾ ਹੋਣਾ ਹੈ, ਜੈਸੇ:

*ਜਾਤਿ ਜਨਮੁ ਨਹ ਪੂਛੀਐ ਸਚੁ ਘਰੁ ਲੇਹੁ ਬਤਾਇ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥ (1330)*

ਆਪਣੇ ਆਪ ਨੂੰ ਉੱਚੀ ਜਾਤ ਵਾਲਾ ਬ੍ਰਹਮਣ ਕਹਾਉਣ ਵਾਲੇ ਸੰਬੰਧੀ ਭਗਤ ਕਬੀਰ ਦੇ ਬੋਲ ਸੁਣੋ :

*ਕਹੁ ਕਬੀਰ ਜੋ ਬ੍ਰਹਮ ਬੀਚਾਰੈ॥ ਸੋ ਬ੍ਰਹਮਣ ਕਹੀਅਤ ਹੈ ਹਮਾਰੈ॥(224)*

ਪੰਡਿਤ ਨੂੰ ਗੁਰਬਾਣੀ ਰਾਹੀਂ ਉਪਦੇਸ਼ :

*ਸੋ ਪੰਡਿਤੁ ਜੋ ਮਨੁ ਪਰਬੋਧੈ॥ ਰਾਮ ਨਾਮੁ ਆਤਮ ਮਹਿ ਸੋਧੈ॥ (274)*

ਇਸ ਲਈ :

*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (1128)*

ਭਾਵ ਉੱਚੀ ਜਾਤ ਦਾ ਅਭਿਮਾਨ ਤਾਂ ਮਨੁੱਖ ਨੂੰ ਹੰਕਾਰੀ, ਵਿਕਾਰੀ, ਦੁਰਾਚਾਰੀ ਅਤੇ ਸੰਸਾਰੀ ਬਣਾ ਦਿੰਦਾ ਹੈ। ਇਸ ਹੰਕਾਰ ਕਾਰਨ ਉਹ ਨਿਰੰਕਾਰੀ ਨਹੀਂ ਬਣ ਸਕਦਾ। ਵਿਦਵਾਨ ਬਣਨ ਨਾਲ ਜਾਂ ਬਾਹਰੀ ਚਿੰਨ੍ਹਾਂ ਨਾਲ ਤਾਂ ਬੰਦਾ ਕਰਮ-ਕਾਂਡ ਤੱਕ ਹੀ ਸੀਮਤ ਰਹਿ ਜਾਂਦਾ ਹੈ ਧਰਮ ਕਾਂਡ ਨਹੀਂ ਕਰ ਸਕਦਾ। ਬਾਹਰੀ ਚਿੰਨ੍ਹ ਬਿਲਕੁਲ ਨਿਰਾਰਥ ਹਨ, ਜੇਕਰ ਮਨ ਸਾਫ਼ ਨਹੀਂ ਹੋਇਆ। ਗੁਰਬਾਣੀ ਦੇ ਬੋਲ ਹਨ, 'ਮਨ ਮੈਲਾ ਸਭ ਕਿਛ ਮੈਲਾ'।

ਗੁਰੂ ਨਾਨਕ ਨੇ ਤਾਂ ਜੀਵਨ ਦਾਤੇ ਤੋਂ ਕੇਵਲ ਨਾਮ ਅਤੇ ਗਰੀਬੀ ਦੀ ਦਾਤ ਹੀ ਮੰਗੀ ਹੈ। ਗਰੀਬੀ (ਨਿਮਰਤਾ) ਵਿੱਚ ਹੀ ਪ੍ਰਭੂ ਯਾਦ ਆਉਂਦਾ ਹੈ ਅਤੇ ਗਰੀਬੀ ਅੰਦਰ ਹੀ ਪ੍ਰੇਮ ਦਾ ਅਤੇ ਪ੍ਰਤੀਤ ਦਾ ਵਾਸਾ ਹੁੰਦਾ ਹੈ। ਗਰੀਬ ਦੇ ਦਿਲ ਅੰਦਰ ਦਇਆ, ਧਰਮ, ਸੰਤੋਖ, ਮਾਣ ਅਤੇ ਸਤਿਕਾਰ ਦੀ ਭਾਵਨਾ ਹੁੰਦੀ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰਖਦਿਆਂ ਬਾਬੇ ਨਾਨਕ ਨੇ ਨੀਵੀਂ ਜ਼ਾਤ ਨਾਲ ਸੰਬੰਧ ਰੱਖਣ ਵਾਲੇ ਭਾਈ ਮਰਦਾਨੇ (ਮਿਰਾਸੀ), ਉਹ ਵੀ ਮੁਸਲਮਾਨ ਨੂੰ ਆਪਣਾ ਪੱਕਾ ਸੰਗੀ ਬਣਾਇਆ। ਭਾਵੇਂ ਜ਼ਾਤ ਵਜੋਂ ਉਹ ਨੀਵਾਂ ਕਹਿਲਾਉਂਦਾ ਸੀ ਪਰ ਉਹ ਉੱਚੀ ਕਲਾ (ਰਬਾਬ) ਦਾ ਮਾਹਰ ਸੀ। 'ਕਲਜੁਗ ਮਹਿ ਕੀਰਤਨ ਪਰਧਾਨਾ' ਦੇ ਸ਼ਬਦਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਗੁਰਦੇਵ ਨਾਨਕ ਨੇ ਸੰਗੀਤ ਦੇ ਜਾਣਕਾਰ ਨੂੰ ਪਹਿਲਾ ਵਿਦਿਆਰਥੀ, ਸਿਖਿਆਰਤੀ ਅਤੇ ਸਿੱਖ ਬਣਾਇਆ।

ਜਦੋਂ ਮਰਦਾਨਾ ਜੀ ਨੂੰ ਗੁਰੂ ਸਾਹਿਬ ਆਪਣੇ ਨਾਲ ਹੀ ਰੱਖਣ ਲੱਗ ਪਏ ਤਾਂ ਬਾਬੇ ਦੀ ਕੁੱਲ ਵਾਲੇ ਬਾਬਾ ਜੀ ਨੂੰ ਮੰਦਾ ਬੋਲਣ ਲੱਗੇ ਤੇ ਫਿਟਕਾਰਾਂ ਪਾਉਣ ਲੱਗੇ। ਪਿੰਡ ਵਾਸੀ ਅਤੇ ਸਾਕ ਸੰਬੰਧੀ ਬਾਬੇ ਨੂੰ ਭੂਤਨਾ ਅਤੇ ਬੇਤਾਲਾ ਕਹਿਣ ਲੱਗੇ। ਲੋਕਾਂ ਦੀ ਅਜੇਹੀ ਸ਼ਬਦਾਵਲੀ ਸੁਣ ਕੇ ਸਤਿਗੁਰਾਂ ਉਚਾਰਨ ਕੀਤਾ।

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ (15)*

ਭਾਵ, ਹੇ ਪ੍ਰਭੂ! ਮੇਰੀ ਤੇਰੇ ਪਾਸ ਇਹੀ ਮੰਗ ਹੈ ਕਿ ਮੇਰਾ ਸਾਥ ਨੀਚ ਤੋਂ ਨੀਚ ਕਹਾਉਣ ਵਾਲੇ ਇਨਸਾਨਾ ਨਾਲ ਬਣਾ ਦੇ। ਮੇਰੇ ਦਿਲ ਅੰਦਰ ਆਪਣੇ ਆਪ

ਨੂੰ ਵੱਡੇ ਕਹਾਉਣ ਵਾਲਿਆਂ ਨਾਲ ਤੁਰਨ ਫਿਰਨ ਦੀ ਕੋਈ ਤਾਂਘ ਨਹੀਂ। ਤੇਰੀ ਮਿਹਰ ਦੀ ਨਜ਼ਰ ਹਮੇਸ਼ਾ ਗਰੀਬਾਂ 'ਤੇ ਹੀ ਪੈਂਦੀ ਹੈ।

ਵਿਦਵਾਨਾਂ ਦੇ ਕਥਨ ਅਨੁਸਾਰ ਉਸ ਮਾਲਕ ਵੱਲੋਂ ਭੇਜੀਆਂ ਮਹਾਨ ਰੂਹਾਂ ਦੇ ਦਿਲਾਂ ਅੰਦਰ ਗਰੀਬਾਂ ਅਤੇ ਨੀਚਾਂ ਪ੍ਰਤੀ ਹੀ ਤੜਫ ਹੁੰਦੀ ਹੈ। ਉਨ੍ਹਾਂ ਦੇ ਕਰਤਵ ਸੰਸਾਰੀਆਂ ਤੋਂ ਉਲਟ ਹੁੰਦੇ ਹਨ। ਉਹ ਇਸ ਗੱਲੋਂ ਬੇਪਰਵਾਹ ਹੁੰਦੇ ਹਨ ਕਿ ਲੋਕਾਈ ਉਨ੍ਹਾਂ ਨੂੰ ਕੀ ਕਹਿ ਰਹੀ ਹੈ। ਅੰਜੀਲ ਅੰਦਰ ਵੀ ਦਰਜ਼ ਹੈ:

But God chose the foolish things of the world, that he might put to shame them that are wise, and God chose the weak things of the world that he might put to shame the things that are strong.

ਭਾਵ ਪਰਮਾਤਮਾ ਨੇ ਮੂਰਖਾਂ (ਬੇਤਾਲਾਂ ਜਾ ਭੂਤਨਿਆਂ) ਨੂੰ ਚੁਣਿਆਂ ਤਾਂ ਕਿ ਉਹ ਆਪਣੇ ਆਪ ਨੂੰ ਅਕਲ ਵਾਲੇ ਕਹਾਉਣ ਵਾਲਿਆਂ ਦੀ ਅਸਲੀਅਤ ਨੂੰ ਜੱਗ-ਜਾਹਿਰ ਕਰਕੇ ਸ਼ਰਮਿੰਦਾ ਕਰਨ, ਅਰਥਾਤ ਉਨ੍ਹਾਂ ਦੀ ਮੰਦੀ ਸੋਚ ਦੇ ਪਾਜ ਉਦੇੜਨ। ਖੁਦਾ ਨੇ ਨਾਲ ਹੀ ਕਮਜ਼ੋਰਾਂ ਨੂੰ ਚੁਣਿਆਂ ਜੋ ਸਚਾਈ 'ਤੇ ਚੱਲਣ ਵਾਲਿਆਂ ਦਾ ਸਾਥ ਦੇ ਕੇ ਤਾਕਤਵਰਾਂ (ਵੱਡਿਆਂ) ਨੂੰ ਸ਼ਰਮਿੰਦਾ ਕਰਨ। ਇਹ ਇਸ ਲਈ ਕਿ ਖੁਦਾ ਦੇ ਸਾਮ੍ਹਣੇ ਵੱਡੀ ਅਕਲ ਵਾਲੇ ਫ਼ਖਰ ਨਾ ਕਰਨ।

ਯਹੂਦੀਆਂ ਨੇ ਈਸਾ ਨੂੰ ਪਾਗਲ ਕਿਹਾ, ਵਿਰੋਧ ਕੀਤਾ ਅਤੇ ਸੂਲੀ 'ਤੇ ਟੰਗ ਦਿੱਤਾ। ਮੁਹੰਮਦ ਸਾਹਿਬ ਨੂੰ ਵੀ ਲੋਕਾਈ ਨੇ ਪਾਗਲ ਕਿਹਾ। ਬਕਸਰ (ਸਾਊਦੀ ਅਰਬ) ਦੀ ਲੜਾਈ 'ਚ ਪੱਥਰ ਮਾਰੇ ਅਤੇ ਦੰਦ ਤੋੜ ਦਿੱਤੇ। ਇੱਕ ਵਾਰ ਕਲਗੀਧਰ ਪਾਤਸ਼ਾਹ ਨੇ ਭਾਈ ਨੰਦ ਲਾਲ ਗੋਇਆ ਨੂੰ ਖੁਸ਼ੀ 'ਚ ਆ ਕੇ ਕਿਹਾ, " ਨੰਦ ਲਾਲ ਜੀ! ਤੇਰੀ ਕੀਰਤੀ ਨੂੰ ਦੇਖ ਮੈਂ ਤੈਨੂੰ ਕੁਝ ਦੇਣਾ ਚਾਹੁੰਦਾ ਹਾਂ। ਤੂੰ ਆਪਣੀ ਦਿਲੀ ਮੰਗ ਦੱਸ ਮੈਂ ਕੀ ਦਵਾਂ"। ਉਤੱਰ 'ਚ ਭਾਈ ਸਾਹਿਬ ਨੇ ਕਿਹਾ :

*ਯਾ ਇਲਾਹੀ ਚਸ਼ਮੇ ਬੀਨਾਇ ਬਿਦੇ, ਦਰ ਸਦਨ ਅਜ਼ ਇਸ਼ਕੇ ਸੌਦਾਇ ਬਿਦੇ।*

ਭਾਵ ਸਾਹਿਬ ਜੀਉ, ਜੇ ਦੇਣਾ ਹੈ ਤਾਂ ਐਸਾ ਇਸ਼ਕ ਦਿਉ ਕਿ ਬੱਚਾ ਬੱਚਾ ਕਹੇ ਨੰਦ ਲਾਲ ਪਾਗਲ ਹੈ।

ਕਬੀਰ ਸਾਹਿਬ ਨੂੰ ਵੀ ਲੋਕਾਈ ਨੇ ਕਮਲਾ ਕਿਹਾ। ਉਨ੍ਹਾਂ ਦੇ ਆਪਦੇ ਸ਼ਬਦ ਹਨ:

*ਲੋਗੁ ਕਹੈ ਕਬੀਰੁ ਬਉਰਾਨਾ॥ (1157)*

ਬੁਲ੍ਹੇ ਸ਼ਾਹ ਫ਼ਕੀਰ ਦੇ ਵੀ ਸ਼ਬਦ ਸੁਣੋ:

*ਬੁਲ੍ਹਿਆ ਆਸ਼ਕ ਹੋਇਉਂ ਰੱਬ ਦਾ, ਮਲਾਮਤ ਹੋਈ ਲਾਖ।*
*ਲੋਕ 'ਕਾਫ਼ਰ ਕਾਫ਼ਰ' ਆਖਦੇ, ਤੂ ਆਹੋ ਆਹੋ ਆਖ।*

ਸੰਸਾਰ ਅੰਦਰ ਵੱਡਾ ਕਹਾਉਣ ਵਾਲਾ (ਅਮੀਰ) ਇਹ ਸਮਝ ਕੇ ਕਿ ਨੀਚ (ਗਰੀਬ) ਤਾਂ ਨੰਗ-ਭੁੱਖ ਨਾਲ ਖੇਡ ਰਿਹਾ ਹੈ, ਇਸ ਤੋਂ ਕੀ ਲੈਣਾ ਹੈ ਕਦੇ ਉਸ ਦਾ ਸਤਿਕਾਰ ਨਹੀਂ ਕਰਦਾ ਜੈਸੇ ਗੁਰਬਾਣੀ ਦਾ ਵਾਕ ਹੈ 'ਨਿਰਧਨ ਆਦਰ ਕੋਈ ਨ ਦੇਇ'। ਪਰ ਇਸ ਦੇ ਉਲਟ ਗਰੀਬ ਅਮੀਰ ਦਾ ਦਿਲੋਂ ਆਦਰ ਮਾਣ ਕਰਦਾ ਹੈ:

*ਜਉ ਸਰਧਨੁ ਨਿਰਧਨ ਕੈ ਜਾਇ॥*
*ਦੀਯਾ ਆਦਰੁ ਲੀਆ ਬੁਲਾਇ॥ (1159)*

ਪਰ ਅਧਿਆਤਮਕ ਤੌਰ 'ਤੇ ਗਰੀਬ (ਨੀਚ) ਨੂੰ ਉੱਤਮ ਗਿਣਿਆ ਜਾਂਦਾ ਹੈ। ਜਿਵੇਂ ਤੱਕੜੀ ਦਾ ਨੀਵਾਂ ਪਲੜਾ ਹਮੇਸ਼ਾ ਭਾਰਾ ਹੁੰਦਾ ਹੈ। ਨੀਵੇਂ ਬੂਟਿਆਂ ਅਰਥਾਤ ਨੀਵੀਆਂ ਟਹਿਣੀਆਂ ਨੂੰ ਵਧੇਰੇ ਫ਼ਲ ਲੱਗਿਆ ਹੁੰਦਾ ਹੈ ਅਤੇ ਪਾਣੀ ਹਮੇਸ਼ਾ ਨਿਮਾਣ ਵੱਲ ਹੀ ਵਹਿੰਦਾ ਹੈ।

ਗਰੀਬ ਦੀ ਕਮਾਈ ਹੱਕੀ ਹੁੰਦੀ ਹੈ ਜੋ ਪ੍ਰਭੂ ਤੇ ਉਸ ਦੇ ਭਗਤਾਂ ਨੂੰ ਚੰਗੀ ਲਗਦੀ ਹੈ। ਦ੍ਰਿਸ਼ਟਾਂਤ ਵਜੋਂ ਸ੍ਰੀ ਰਾਮ ਜੀ ਭੀਲਣੀ ਦੇ ਬੇਰ ਖਾਣ ਲਈ ਆਪ ਉਸ ਪਾਸ ਚੱਲ ਕੇ ਗਏ ਜੋ ਗਰੀਬ ਸੀ ਅਤੇ ਲੋਕਾਈ ਦੀਆਂ ਅੱਖਾਂ 'ਚ ਨੀਚ ਸੀ। ਭਗਵਾਨ ਸ੍ਰੀ ਕ੍ਰਿਸ਼ਨ ਜੀ ਬਿਦਰ ਦੀ ਕੁੱਲੀ ਵਿੱਚ ਠਹਿਰੇ ਸਨ, ਰਾਜਾ ਦਰਯੋਧਨ ਦੇ ਮਹਿਲਾਂ ਵਿੱਚ ਨਹੀਂ। ਰਾਜਾ ਦਰਯੋਧਨ ਨੇ ਜਦੋਂ ਪੁੱਛਿਆ, "ਕ੍ਰਿਸ਼ਨ ਜੀ। ਤੁਸੀਂ ਮੇਰੇ ਕੋਲ ਕਿਉਂ ਨਹੀਂ ਠਹਿਰੇ"? ਉੱਤਰ ਸੀ, "ਦੁਰਯੋਧਨ! ਤੇਰੇ ਮਹਿਲਾਂ ਵਿੱਚ ਪਿਆਰ ਅਤੇ ਸਤਿਕਾਰ ਨਹੀਂ। ਕਬੀਰ ਜੀ ਨੇ ਇਸ ਘਟਨਾ ਸੰਬੰਧੀ ਸ਼ਬਦ ਉਚਾਰਿਆ:

*ਰਾਜਨ ਕਉਨੁ ਤੁਮਾਰੈ ਆਵੈ॥*
*ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥ (1105)*

ਇੱਕ ਵਾਰ ਬਾਬਾ ਸ੍ਰੀ ਚੰਦ ਜੀ (ਪੁੱਤਰ ਗੁਰੂ ਨਾਨਕ ਦੇਵ ਜੀ) ਜਦੋਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੋਇੰਦਵਾਲ ਸਾਹਿਬ ਵਿਖੇ ਮਿਲਣ ਆਏ ਤਾਂ ਸ੍ਰੀ ਚੰਦ ਨੇ ਪੁੱਛਿਆ, "ਪੁਰਖਾ ਆਪ ਨੇ ਇਤਨਾ ਲੰਮਾ ਦਾਹੜਾ ਕਿਉਂ ਵਧਾ ਰੱਖਿਆ ਹੈ?" ਗੁਰੂ ਸਾਹਿਬ ਨੇ ਉੱਤਰ ਦਿੱਤਾ, "ਸ੍ਰੀ ਚੰਦ ਜੀ, ਤੁਹਾਡੇ ਵਰਗੇ ਮਹਾਂ ਪੁਰਖਾਂ ਦੇ ਪੈਰ ਝਾੜਨ ਲਈ"। ਜਦੋਂ ਸੱਚ ਮੁੱਚ ਗੁਰੂ ਜੀ ਆਪਣੇ ਦਾਹੜੇ ਨਾਲ ਸ੍ਰੀ ਚੰਦ ਜੀ ਦੇ ਪੈਰ ਸਾਫ਼ ਕਰਨ ਲੱਗੇ ਤਾਂ ਉਹ ਪਿੱਛੇ ਹਟ ਗਏ ਤੇ ਕਿਹਾ, "ਸੱਚੇ ਪਾਤਸ਼ਾਹ! ਜੋ ਤੁਹਾਡੇ ਵਿੱਚ ਨਿਮਰਤੀ ਵਾਲੇ ਗੁਣ ਹਨ ਉਹ ਮੇਰੇ ਵਿੱਚ ਨਹੀਂ। ਇਸ ਕਾਰਨ ਕਰਕੇ ਹੀ ਮੈਨੂੰ ਗੁਰਗੱਦੀ ਹਾਸਲ ਨਹੀਂ ਹੋਈ। ਇਸ ਗੱਲ ਦੀ ਸੋਝੀ ਅੱਜ ਮੈਨੂੰ ਤੁਹਾਥੋਂ ਹੋਈ ਹੈ"।

ਸੋ ਉਹ ਮਾਲਕ ਹਮੇਸ਼ਾ ਗਰੀਬਾਂ ਨੂੰ ਨਿਵਾਜਦਾ ਹੈ। ਗਰੀਬੀ ਦਾ ਵਾਸਾ ਪ੍ਰਭੂ ਭਗਤਾਂ ਅੰਦਰ ਹੀ ਹੁੰਦਾ ਹੈ। ਇਹ ਹੀ ਕਾਰਨ ਸੀ ਕਿ ਗੁਰੂ ਨਾਨਕ ਨੇ ਗਰੀਬ ਅਤੇ ਨੀਚ ਜ਼ਾਤ ਵਾਲੇ ਨੂੰ ਆਪਣਾ ਮਿੱਤਰ ਬਣਾਇਆ।

## ਮਰਦਾਨੇ ਦਾ ਗ੍ਰਹਿਸਤ ਜੀਵਨ

ਭਾਈ ਮਰਦਾਨਾ ਜੀ ਗ੍ਰਹਿਸਤੀ ਸਨ। ਪਰ ਇਸ ਗੱਲ ਦੀ ਪੁਸ਼ਟੀ ਕਿਸੇ ਇਤਿਹਾਸਕਾਰ ਨੇ ਨਹੀਂ ਕੀਤੀ ਕਿ ਉਹ ਕਿੱਥੇ ਵਿਆਹੇ ਹੋਏ ਸਨ? ਵਿਆਹ ਉਹਨਾ ਦਾ ਕਦੋਂ ਹੋਇਆ ਸੀ? ਅਤੇ ਕਿਸ ਉਮਰ ਵਿੱਚ ਹੋਇਆ? ਇਹ ਗੱਲ ਸਾਫ਼ ਹੈ ਕਿ ਪੁਰਾਤਨ ਸਮਿਆਂ ਵਿੱਚ ਬੱਚੇ ਬੱਚੀ ਦਾ ਵਿਆਹ ਛੋਟੀ ਉਮਰ ਵਿੱਚ ਭਾਵ 15 ਸਾਲ ਦੀ ਉਮਰ ਤੋਂ ਹੀ ਪਹਿਲਾਂ ਕਰ ਦਿੱਤਾ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਦੀ ਵੀ 15 ਕੁ ਸਾਲ ਦੀ ਉਮਰ ਵਿੱਚ ਹੋ ਗਈ ਸੀ। ਛੋਟੀ ਉਮਰ ਦੇ ਵਿਆਹ ਕਰਨ ਪਿੱਛੇ ਵੀ ਖਾਸ ਕਾਰਨ ਇਹ ਸਨ ਕਿ ਉਨ੍ਹੀ ਦਿਨੀਂ ਮੁਲਕ 'ਤੇ ਬਾਹਰੀ ਹਮਲੇ ਆਮ ਹੁੰਦੇ ਸਨ। ਇਹਨਾਂ ਹਮਲਿਆਂ ਦੌਰਾਨ ਸੋਹਣੀਆਂ ਅਤੇ ਸੁਨੱਖੀਆਂ ਕੁੜੀਆਂ ਨੂੰ ਮੁਗਲ ਸੈਨਿਕ ਧੱਕੇ ਨਾਲ ਚੁੱਕ ਕੇ ਆਪਣੇ ਦੇਸ਼ ਲੈ ਜਾਂਦੇ ਸਨ। ਮੁਲਕ ਗੁਲਾਮ ਹੋਣ ਕਾਰਨ ਅਤੇ ਮੁਗਲਾਂ ਦਾ ਜ਼ੋਰ ਹੋਣ ਕਾਰਨ ਸਮੇਂ ਦੇ ਹਾਕਮ, ਵਜ਼ੀਰ ਆਦਿ ਵੀ ਸੁੰਦਰ ਲੜਕੀਆਂ ਨੂੰ ਜਬਰੀ ਵੀ ਚੁੱਕ ਲਜਾਂਦੇ ਸਨ। ਲੜਕੀ ਦੇ ਮਾਪੇ ਆਪਣੀ ਕੁੱਲ ਦੀ ਇੱਜਤ ਬਚਾਉਣ ਲਈ ਉਸ ਦੀ ਸ਼ਾਦੀ ਜਲਦੀ ਕਰ ਦਿੰਦੇ ਸਨ। ਇਸ ਲਈ ਭਾਈ ਮਰਦਾਨੇ ਦੀ ਸ਼ਾਦੀ ਵੀ ਛੋਟੀ ਉਮਰੇ ਹੀ ਹੋਈ ਹੋਵੇਗੀ। ਕੁਲਦੀਪ ਸਿੰਘ ਸੂਰੀ ਦੀ ਲਿਖਤ ਅਨੁਸਾਰ ਮਰਦਾਨਾ ਜੀ ਦੀ ਸ਼ਾਦੀ ਬੀਬੀ ਰੱਖੀ ਨਾਲ ਹੋਈ ਸੀ। ਉਨ੍ਹਾਂ ਦੀ ਪਤਨੀ ਦੇ ਨਾਮ ਬਾਰੇ ਜਾਣਕਾਰੀ ਉਨ੍ਹਾਂ ਨੂੰ ਭਾਈ ਬੁਲੰਦਾ ਮਿਰਾਸੀ ਤੋਂ ਜੋ ਕਟੜਾ ਤਾਜੇ ਸ਼ਾਹ, ਚੂਨਾ ਮੰਡੀ, ਲਾਹੌਰ ਰਹਿੰਦਾ ਹੈ 1996 ਵਿੱਚ ਪਤਾ ਲੱਗਿਆ ਜਦੋਂ ਉਹ ਮਰਦਾਨੇ ਬਾਰੇ ਜਾਣਕਾਰੀ ਲੈਣ ਲਈ ਲਾਹੌਰ ਗਏ ਸਨ। ਸੂਰੀ ਸਾਹਿਬ ਨੇ ਲਿਖਿਆ ਹੈ ਕਿ ਭਾਈ ਮਰਦਾਨਾ ਦੀ ਪਤਨੀ ਦੇ ਨਾਂ ਬਾਰੇ ਮੈਨੂੰ ਕਿਸੇ ਜਨਮਸਾਖੀ ਜਾਂ ਪੁਰਾਤਨ ਪੁਸਤਕ 'ਚੋਂ ਕੋਈ ਜਾਣਕਾਰੀ ਨਹੀਂ ਸੀ ਮਿਲੀ। ਇਹ ਭਾਈ ਬੁਲੰਦਾ ਵੀ ਇੱਕ ਚੰਗਾ ਕੱਵਾਲ ਸੀ ਪਰ ਵਡੇਰੀ ਉਮਰ ਕਰਕੇ ਇਸ ਨੇ ਇਹ ਧੰਦਾ ਛੱਡ ਦਿੱਤਾ ਸੀ। ਭਾਈ ਬੁਲੰਦੇ ਨੇ ਇਸ ਗੱਲ ਦੀ ਪ੍ਰੋੜਤਾ ਵੀ ਕੀਤੀ ਕਿ ਮਰਦਾਨੇ ਦੇ ਦੋ ਬੇਟੇ 'ਸਜਾਦਾ' ਅਤੇ ਰਜਾਦਾ' ਸਨ। ਇੱਕ ਬੇਟੀ ਸੀ ਜਿਸ ਦਾ ਨਾਮ 'ਕਾਕੋ' ਸੀ।

ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਜਦੋਂ ਉਦਾਸੀ 'ਤੇ ਜਾਣ ਬਾਰੇ ਆਖਿਆ ਸੀ ਤਾਂ ਮਰਦਾਨਾ ਜੀ ਨੇ ਜਾਣ ਤੋਂ ਪਹਿਲਾਂ ਗੁਰੂ ਜੀ ਅੱਗੇ ਆਪਣੀ ਲੜਕੀ ਦੀ ਸ਼ਾਦੀ ਕਰਨ ਲਈ ਫੁਰਮਾਇਆ। ਇਹ ਸੁਣ ਕੇ ਗੁਰੂ ਸਾਹਿਬ ਨੇ ਆਪਣੇ ਸ਼ਰਧਾਲੂ ਸਿੱਖ ਭਾਈ ਸਨਮੁੱਖ ਨੂੰ ਭਾਈ ਮਰਦਾਨਾ ਜੀ ਦੀ ਲੜਕੀ

ਵਾਸਤੇ ਵਿਆਹ ਸੰਬੰਧੀ ਦਾਜ ਅਤੇ ਜੰਞ ਵਗੈਰਾ ਲਈ ਚਾਹੀਦੇ ਸਾਜ਼ੋ-ਸਮਾਨ ਆਦਿ ਦਾ ਜ਼ਰੂਰੀ ਪ੍ਰਬੰਧ ਕਰਨ ਲਈ ਆਖਿਆ। ਭਾਈ ਸਨਮੁੱਖ ਵਪਾਰੀ ਹੋਣ ਦੇ ਨਾਤੇ ਚੰਗਾ ਧਨੀ ਸੀ। ਉਸ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਭਾਈ ਮਰਦਾਨੇ ਦੀ ਲੜਕੀ ਦੇ ਵਿਆਹ ਦਾ ਕਾਰਜ ਬੜੇ ਹੀ ਚਾਅ ਮਲਾਰ ਨਾਲ ਨਿਭਾਇਆ। ਇੰਞ ਮਰਦਾਨਾ ਵੀ ਆਪਣੀ ਧੀ ਦੀ ਸ਼ਾਦੀ ਕਰਕੇ ਸੁਰਖਰੂ ਹੋ ਗਿਆ।

ਗੁਰੂ ਨਾਨਕ ਦੇਵੀ ਜੀ ਨੇ ਗ੍ਰਹਿਸਤ ਮਾਰਗ ਨੂੰ ਉੱਤਮ ਮੰਨਿਆ ਹੈ ਕਿਉਂਕਿ ਇਸ ਮਾਰਗ 'ਤੇ ਚੱਲ ਕੇ ਬੰਦਾ ਬੱਚੇ ਪੈਦਾ ਕਰਕੇ ਆਪਣੀ ਕੁੱਲ ਨੂੰ ਅੱਗੇ ਤੋਰਦਾ ਹੈ। ਉਹ ਹੱਕ-ਸੱਚ ਦੀ ਕਿਰਤ ਕਮਾਈ ਕਰਕੇ ਆਪਣਾ ਪਰਵਾਰ ਹੀ ਨਹੀਂ ਪਾਲਦਾ ਸਗੋਂ ਦੂਜਿਆਂ ਨੂੰ ਵੀ ਖੁਆਉਂਦਾ ਹੈ। ਇਹ ਕਿਰਤ ਹੀ ਬੰਦੇ ਦੀ ਕਰਣੀ ਅਤੇ ਕਰਤੂਤਾਂ ਦਰਸਾਉਂਦੀ ਹੈ ਅਤੇ ਕਰਮ ਬਣਾਉਂਦੀ ਹੈ। ਇਹ ਸੰਸਾਰ ਕਰਮ-ਭੂਮੀ ਹੈ। ਇੱਥੇ ਪ੍ਰਾਣੀ ਜੋ ਵੀ ਕਰਮ ਕਰਦਾ ਹੈ ਉਸ ਦਾ ਫ਼ਲ ਦੁੱਖ ਅਤੇ ਸੁੱਖ ਦੇ ਰੂਪ ਵਿੱਚ ਭੋਗਦਾ ਹੈ ਭਾਵ "ਜੈਸਾ ਬੀਜੈ ਸੋ ਲੁਣੇ ਕਰਮਾ ਸੰਦੜਾ ਖੇਤੁ"। ਜਦੋਂ ਗੁਰੂ ਜੀ ਵਟਾਲੇ ਦੇ ਪਾਸ ਅਚਲ ਨਗਰ ਸਿੱਧਾਂ ਨਾਲ ਗੋਸ਼ਟ ਕਰਨ ਗਏ ਤਾਂ ਭਾਈ ਮਰਦਾਨਾ ਜੀ ਤੇ ਬਾਲਾ ਜੀ ਵੀ ਸਾਥ ਸਨ। ਜੋਗੀ ਭੰਗਰ ਨਾਥ ਨੇ ਗੁਰੂ ਜੀ ਨੂੰ ਪਹਿਲਾ ਸਵਾਲ ਹੀ ਇਹ ਕੀਤਾ। ਨਾਨਕ! ਤੂੰ ਗ੍ਰਹਿਸਤ ਮਾਰਗ ਧਾਰਨ ਕਰਕੇ ਮਾਨੋ ਦੁੱਧ ਵਿੱਚ ਕਾਂਜੀ ਕਿਉਂ ਪਾਈ ਹੈ? ਤੈਨੂੰ ਪਤਾ ਹੈ ਕਿ ਇਸ ਨਾਲ ਭਾਂਡੇ 'ਚ ਪਾਇਆ ਦੁੱਧ ਫਟ ਜਾਂਦਾ ਹੈ ਅਤੇ ਮੱਖਣ ਦੀ ਪ੍ਰਾਪਤੀ ਨਹੀਂ ਹੋ ਸਕਦੀ। ਭਾਵ ਗ੍ਰਹਿਸਤ ਮਾਰਗ ਧਾਰਨ ਕਰਨ ਨਾਲ ਪ੍ਰਭੂ ਨਾਲ ਮੇਲ ਅਸੰਭਵ ਹੈ। ਗੁਰੂ ਨਾਨਕ ਨੇ ਕਿਹਾ, "ਭੰਗਰ ਨਾਥ, ਇਸ ਭੇਖੇ ਥਾਵਹੁ ਗਿਰਹੁ (ਗ੍ਰਹਿਸਤ) ਭਲਾ ਹੈ ਜਿਥਹੁ ਕੁ ਵਰਸਾਇ ਅਤੇ ਸਗਲ ਧਰਮ ਮੈਂ ਗ੍ਰਹਿਸਤ ਪ੍ਰਧਾਨ ਹੈ"।

SIKHBOOKCLUB.COM

ਭਾਈ ਗੁਰਦਾਸ ਜੀ ਨੇ ਗੁਰੂ ਜੀ ਵੱਲੋਂ ਜੋਗੀ ਭੰਗਰ ਨਾਥ ਨੂੰ ਕਹੇ ਸ਼ਬਦ ਆਪਣੀ ਵਾਰ ਵਿੱਚ ਇੰਞ ਅੰਕਿਤ ਕੀਤੇ ਹਨ:

*ਨਾਨਕ ਆਖੇ, ਭੰਗਰਿ ਨਾਥ! ਤੇਰੀ ਮਾਉ ਕੁਚਜੀ ਆਹੀ।*
*ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।*
*ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਹੀ*
*ਬਿਨੁ ਦਿਤੇ ਕਛੁ ਹਥਿ ਨ ਆਈ॥ (ਵਾਰ 1, ਪਉੜੀ 40)*

ਗੁਰੂ ਜੀ ਨੇ ਭੰਗਰ ਨਾਥ ਨੂੰ ਨਿਧੜਕ ਹੋ ਕੇ ਕਿਹਾ, "ਤੇਰੀ ਮਾਂ (ਭਾਵ ਤੇਰੇ ਪੀਰ ਗੋਰਖ ਨਾਥ) ਦੀ ਬੁੱਧੀ ਕੁਚੱਜੀ ਸੀ। ਜਿਸ ਨੇ (ਤੇਰੇ ਅੰਤਸ਼ਕਰਣ ਰੂਪ) ਭਾਂਡੇ ਨੂੰ ਚੰਗੀ ਤਰ੍ਹਾਂ ਸਾਫ਼ ਨਹੀਂ ਕੀਤਾ। ਜਿਸ ਕਾਰਨ ਤੇਰੇ ਰੂਪ ਰੇਖ ਅਤੇ ਸੋਚ ਨੂੰ ਉਸ ਨੇ ਕੇਵਲ ਵਿਗਾੜਿਆ ਹੀ ਨਹੀਂ ਸਗੋਂ ਸਾੜ ਕੇ ਰੱਖ ਦਿੱਤਾ ਹੈ। ਤੁਸੀਂ ਲੋਕ ਘਰ ਤਿਆਗ ਗ੍ਰਹਿਸਤ ਦਾ ਰਸਤਾ ਛੱਡ ਇਸ ਤੋਂ ਮੁਨਕਰ ਹੋ ਗਏ ਹੋ ਅਤੇ

ਗ੍ਰਹਿਸਤੀਆਂ ਦੀ ਨਿੰਦਾ ਕਰਦੇ ਹੋਂ। ਫਿਰ ਉਨ੍ਹਾਂ ਦੇ ਘਰਾਂ 'ਚ ਪੇਟ ਪੂਜਾ ਲਈ ਮੰਗਣ ਜਾਂਦੇ ਹੋਂ। ਤੁਹਾਨੂੰ ਮੈਂ ਸਮਝਾਉਣ ਲਈ ਆਇਆ ਹਾਂ ਕਿ ਗ੍ਰਹਿਸਤ ਮਾਰਗ ਅਪਣਾਏ ਤੋਂ ਬਿਨਾਂ ਤੁਹਾਡੇ ਹੱਥ ਕੁਝ ਨਹੀਂ ਲੱਗਣਾ।

ਗੁਰੂ ਜੀ ਨੇ ਇਸ਼ਾਰਾ ਕੀਤਾ ਭਾਈ ਮਰਦਾਨੇ ਵੱਲ ਅਤੇ ਫੁਰਮਾਇਆ 'ਦਰਗਾਹੀ ਬਾਣੀ ਆਈ ਹੈ ਰਬਾਬ ਉਠਾ'। ਇਤਨੇ ਨੂੰ ਨਾਮ ਬਾਣੀ ਦੀ ਛਹਿਬਰ ਲਾ ਦਿੱਤੀ ਅਤੇ ਉਚਾਰਨ ਕੀਤਾ:

*ਜੋਗ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥*
*ਨਾਨਕ ਘਰ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥ (1421)*
*ਸੋ ਜੋਗੀ ਜੋ ਜੁਗਤਿ ਪਛਾਣੈ॥ ਗੁਰ ਪਰਸਾਦੀ ਏਕੋ ਜਾਣੈ ॥*
*ਜੋਗ ਜੁਗਤਿ ਇਵ ਪਾਵਿਸਤਾ ॥*
*ਏਕੁ ਸਬਦੁ ਦੂਜਾ ਹੋਰ ਨਾਸਤਿ ਕੰਦ ਮੂਲਿ ਮਨੁ ਲਾਵਿਸਤਾ॥*

ਭਾਵ ਐ ਜੋਗੀ! ਕੰਦ ਮੂਲ 'ਚ ਮਨ ਲਾਵਣ ਦੀ ਥਾਂ, ਜੇਕਰ ਗੁਰ ਸ਼ਬਦ ਨਾਲ ਜੁੜ ਜਾਵੇਂ ਤਾਂ ਸਮਝੀਂ ਜੋਗ (ਪ੍ਰਭੂ ਨਾਲ ਮਿਲਾਪ) ਪ੍ਰਾਪਤ ਹੋ ਗਿਆ। ਇਹ ਵੀ ਉਪਦੇਸ਼ ਦਿੱਤਾ ਕਿ ਸਿੱਖ ਮੱਤ ਅੰਦਰ ਮੁੱਖ ਅਸੂਲ ਹੈ ਕਿਰਤ ਕਰਨੀ। ਦੂਜੇ ਨੰਬਰ 'ਤੇ ਨਾਮ ਜਪਣਾ (ਇੱਕ ਅਕਾਲ ਪੁਰਖ ਦਾ) ਅਤੇ ਤੀਜੇ ਨੰਬਰ 'ਤੇ ਵੰਡ ਛਕਣਾ। ਗੁਰਮਤਿ ਦਾ ਸਿਧਾਂਤ ਹੈ 'ਜਪੀਐ ਨਾਮ ਅੰਨਿ ਕੈ ਸਾਦ, ਜਪੀਐ ਨਾਮ ਜਪੀਐ ਅੰਨੁ'। ਗ੍ਰਹਿਸਤ ਮਾਰਗ 'ਚ ਰਹਿਕੇ ਹੀ ਕਿਰਤ ਕੀਤੀ ਜਾ ਸਕਦੀ ਹੈ। ਕਿਰਤ ਰੋਜੀ ਰੋਟੀ ਦਾ ਸਾਧਨ ਹੈ। ਜੇਕਰ ਕਿਰਤ ਨਾ ਕੀਤੀ ਤਾਂ ਵੰਡ ਕੇ ਛਕਣਾ ਵੀ ਅਸੰਭਵ ਹੈ। ਇਹ ਨਿਯਮ ਸਰਬੱਤ ਦੇ ਭਲੇ ਲਈ ਹਨ।

SIKHBOOKCLUB.COM

## ਮਰਦਾਨੇ ਨੂੰ ਸਿੱਖੀ-ਸੇਵਕੀ ਸਿਖਾਉਣੀ

ਗੁਰੂ ਸਾਹਿਬ ਨੇ ਕਿਹਾ, "ਭਾਈ ਮਰਦਾਨੇ! ਅਸੀਂ ਜੋ ਨਿਰਮਲ ਸਿੱਖ ਪੰਥ ਚਲਾਇਆ ਹੈ ਇਸ ਅੰਦਰ ਏਕਤਾ, ਬਰਾਬਰੀ, ਸ਼ਰਧਾ, ਪਿਆਰ ਅਤੇ ਪ੍ਰਭੂ ਦੇ ਹੁਕਮ ਅੰਦਰ ਰਹਿਣ ਦਾ ਉਪਦੇਸ਼ ਹੈ। ਅਸੀਂ ਤੈਨੂੰ ਆਪਣਾ ਸਿੱਖ ਬਣਾਇਆ ਹੈ ਪਰ ਸਿੱਖੀ ਨਿਭਾਉਣੀ ਕੋਈ ਗੱਲਾਂ ਬਾਤਾਂ ਦੀ ਖੇਡ੍ਹ ਨਹੀਂ। ਇਸ ਲਈ ਤਨ, ਮਨ ਅਤੇ ਧਨ ਸਤਿਗੁਰੂ ਅੱਗੇ ਅਰਪਨ ਕਰਨਾ ਪੈਣਾ ਹੈ। ਇੱਕ ਰੱਬ ਦੀ ਮਨੌਤ ਹੀ ਕਰਨੀ ਹੈ ਅਤੇ ਹੰਗਤਾ (ਹਉਮੈ) ਦਾ ਤਿਆਗ ਕਰਨਾ ਪੈਣਾ ਹੈ। ਮੁੱਖ ਗੱਲ ਹੈ ਕਿ ਸਿੱਖ ਧਰਮ 'ਸਰਬ ਸਾਂਝਾ' ਹੈ ਅਤੇ ਇਸ ਵਿੱਚ ਮਨੁੱਖਤਾ ਦੀ ਉਪਕਾਰਤਾ ਹੀ ਪਰਮੁੱਖ ਹੈ। ਹਰ ਸਿੱਖ ਨੂੰ ਉੱਚਾ-ਸੁੱਚਾ ਜੀਵਨ ਬਨਾਉਣ ਦੀ ਜਾਂਚ ਸਿਖਾਉਣੀ ਹੈ ਅਤੇ ਉਸ ਨੂੰ ਮਨੁੱਖਤਾ ਛੱਡ ਗੁਰਮੁਖ ਬਨਾਉਣਾ ਹੈ। ਇਸ ਕਾਰਜ ਲਈ ਪਹਿਲਾਂ ਬੰਦੇ ਦਾ ਰੋਗ ਉਘਾੜਨਾ ਹੈ ਅਤੇ ਫਿਰ ਅਮਲੀ ਜਾਮਾ ਪਹਿਨਾ ਕੇ ਉਸ ਦਾ

ਇਲਾਜ ਕਰਨਾ ਹੈ। ਇਲਾਜ ਲਈ ਪਰਮੇਸ਼ਰ ਨੇ ਦੁਆ (ਨਾਮ ਸਿਮਰਨ) ਦੀ ਦਾਤ ਸਾਨੂੰ ਬਖਸ਼ੀ ਹੈ।

ਸਿੱਖ ਦਾ ਪਹਿਲਾ ਕਰਮ ਹੈ ਉਦੱਮੀ ਹੋਣਾ, ਉਦੱਮ ਨਾਲ ਉਹ ਅੰਮ੍ਰਿਤ ਵੇਲੇ ਉਠੇ, ਇਸ਼ਨਾਨ ਪਾਨ ਕਰੇ, ਗੁਰਬਾਣੀ ਦਾ ਉਚਾਰਨ ਕਰੇ, ਸੰਗਤ ਵਿੱਚ ਜੁੜ ਕੇ ਕੀਰਤਨ ਕਥਾ ਸਰਵਣ ਕਰੇ। ਦਿਨੇ ਕਿਰਤ ਕਰੇ, ਗੁਰ ਉਪਦੇਸ਼ ਨੂੰ ਯਾਦ ਰਖਦਾ ਹੋਇਆ ਪ੍ਰਭੂ ਦਾ ਨਾਮ ਧਿਆਵੇ। ਜੋ ਗੁਰਸਿੱਖ, ਭਾਈ ਮਰਦਾਨੇ! ਸਿੱਖੀ ਦੇ ਨਿਯਮਾਂ ਅਨੁਸਾਰ ਜੀਵਨ ਬਤਾਏਗਾ ਪ੍ਰਭੂ ਮਾਲਕ ਵੀ ਉਸ ਉਪੱਰ ਖੁਸ਼ ਹੋਵੇਗਾ ਅਤੇ ਅਸੀਂ ਵੀ ਖੁਸ਼ ਹੋਵਾਂਗੇ ਅਤੇ ਐਸੇ ਗੁਰਸਿੱਖ ਦੀ ਅਸੀਂ ਚਰਨ ਧੂੜੀ ਲੋਚਦੇ ਹਾਂ।

ਭਾਈ ਮਰਦਾਨੇ, "ਗੁਰੂ ਦਾ ਸਿੱਖ ਸੰਤੋਖ ਵਾਲਾ, ਸਿਦਕੀ ਅਤੇ ਧਰਮ ਰਹਿਤ ਹੋਣਾ ਚਾਹੀਦਾ ਹੈ। ਉਹ ਗੁਰੂ ਦੀ ਕਾਰ ਨੂੰ ਮੁੱਲ ਖ੍ਰੀਦੇ ਗੋਲੇ (ਨੌਕਰ) ਵਾਂਗ ਕਰੇ, ਉਹ ਐਸੀ ਘਾਲ-ਕਮਾਈ ਕਰੇ ਕਿ ਨੀਂਦ, ਭੁੱਖ ਅਤੇ ਦੁੱਖ ਦੀ ਪ੍ਰਵਾਹ ਨਾ ਕਰੇ। ਜੇਕਰ ਗੁਰੂ ਕਹੇ ਆਟਾ ਪੀਹ ਤਾਂ ਆਖੇ ਸਤਿ-ਬਚਨ, ਪਾਣੀ ਢੋਹ-ਸਤਿ ਬਚਨ, ਪੱਖਾ ਝੱਲ-ਸਤਿ-ਬਚਨ, ਪੈਰ ਧੋ ਤਾਂ ਪ੍ਰੇਮ ਨਾਲ ਮਲ ਮਲ ਕੇ ਧੋਣ ਲੱਗ ਜਾਵੇ, ਕਿਸੇ ਔਕੜ ਨੂੰ ਦੇਖ ਕੇ ਘਬਰਾਏ ਨਾ ਅਤੇ ਸੁੱਖ ਪ੍ਰਾਪਤ ਹੋਣ 'ਤੇ ਹੰਕਾਰ ਵਿੱਚ ਨਾ ਆਵੇ। ਸਿੱਖ ਵਿੱਚ ਐਸੀ ਸੰਜੀਦਗੀ ਹੋਵੇ ਕਿ ਨਾ ਉਹ ਬਹੁਤੀ ਖੁਸ਼ੀ ਮਨਾਵੇ ਅਤੇ ਨਾ ਗਮੀ ਵਿੱਚ ਜਾਵੇ। ਗੁਰੂ ਦੇ ਦਰ ਦਾ ਦਰਵੇਸ਼ ਹੋ ਕੇ ਸੇਵਾ ਕਰੇ। ਇਸ ਤਰ੍ਹਾਂ ਦੇ ਗੁਣਾਂ ਵਾਲੇ ਸਿੱਖ ਨੂੰ ਪਿਰਮ ਰਸ (ਪਰਮ ਪਦ) ਪ੍ਰਾਪਤੀ ਹੋ ਜਾਂਦੀ ਹੈ ਅਤੇ ਸਿੱਖ ਸੰਗਤ ਇੰਵ ਸੋਭਾ ਦਿੰਦੀ ਹੈ ਜਿਵੇਂ ਮੁਸਲਮਾਨ ਭਰਾ ਈਦ ਦਾ ਚੰਦ ਦੇਖ ਇੱਕ ਦੂਜੇ ਨੂੰ ਵਧਾਈਆਂ ਦਿੰਦੇ ਹਨ"।

ਗੁਰੂ ਜੀ ਦੀਆਂ ਸਿਖਿਆਵਾਂ ਦਾ ਨਕਸ਼ਾ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਅੰਦਰ ਬਹੁਤ ਸੁੰਦਰ ਢੰਗ ਨਾਲ ਲਿਖਿਆ ਹੈ:

*ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ। ਨ ਤਿਸੁ ਭੁਖ ਨ ਨੀਂਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ। ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ। ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖਿ ਈਦ ਪੁਗਿ ਖਲੋਵਣਾ।(ਵਾਰ 3, ਪਾਉੜੀ 18)*

ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਸਮਝਾਇਆ ਕਿ ਸਿੱਖੀ ਅੰਦਰ ਸਤਿਗੁਰੂ ਦੀ ਸੇਵਾ ਇੱਕ ਥੰਮ ਰੂਪ ਹੈ। ਪਰ ਮਨ ਕਰਕੇ ਕੋਈ ਵਿਰਲਾ ਹੀ ਸੇਵਕ ਬਣ ਸਕਦਾ ਹੈ। ਤੈਨੂੰ ਦੱਸ ਦਈਏ ਪ੍ਰਭੂ ਦੇ ਦਰ 'ਤੇ ਕੇਵਲ ਕਾਮਨਾ ਰਹਿਤ ਹੀ ਸੇਵਾ ਕਬੂਲ ਹੁੰਦੀ ਹੈ ਜੈਸੇ:

*ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕੋ ਹੋਤ ਪ੍ਰਾਪਤ ਸੁਆਮੀ॥*

ਇਹ ਉਪਦੇਸ਼ ਗ੍ਰਹਿਣ ਕਰਕੇ ਭਾਈ ਮਰਦਾਨੇ ਨੇ ਗੁਰੂ ਜੀ ਦੇ ਚਰਨਾ 'ਤੇ ਮੱਥਾ ਟੇਕ ਦਿੱਤਾ ਅਤੇ ਕਿਹਾ, " ਮੇਰੇ ਕਾਮਲ ਮਾਲਕ ਜੇਕਰ ਮੇਰੇ 'ਤੇ ਤੁਹਾਡੀ ਕ੍ਰਿਪਾ ਹੋ ਜਾਵੇ ਤਾਂ ਮੈਂ ਤੁਹਾਡਾ ਸਿੱਖ ਬਣ ਸਕਦਾ ਹਾਂ। ਮੇਰੇ ਵਿੱਚ ਇਤਨਾ ਬਲ ਨਹੀਂ ਅਤੇ ਨਾ ਹੀ ਮੇਰੇ ਪਾਸ ਕੋਈ ਬੁੱਧੀ ਹੈ"। ਸੱਚ-ਮੁੱਚ ਹੀ ਭਾਈ ਮਰਦਾਨਾ ਜੀ ਨੇ ਗੁਰੂ ਜੀ ਦੀ ਮਿਹਰ ਸਦਕਾ ਆਖਰੀ ਸਾਹ ਤੱਕ ਐਸੀ ਨਿਸ਼ਕਾਮ ਸੇਵਾ ਨਿਭਾਈ ਕਿ ਅਮਰ ਪਦ ਪ੍ਰਾਪਤ ਕਰ ਲਿਆ।

## ਸਿੱਖ ਬਣਨ ਪਿੱਛੋਂ ਮਰਦਾਨੇ ਨੇ ਕਬੋਲ ਵੀ ਸਹਾਰੇ

ਦੇਸ਼ ਅੰਦਰ ਜ਼ਾਤ-ਪਾਤ ਦਾ ਵੱਡਾ ਭੇਦ-ਭਾਵ ਹੋਣ ਕਾਰਨ ਇੱਕ ਦੂਜੇ ਵਿੱਚ ਵਖਰੇਵਾਂ, ਨਫ਼ਰਤ, ਈਰਖਾ, ਸਾੜਾ ਅਤੇ ਫੁੱਟ ਜੋਰਾਂ 'ਤੇ ਸੀ। ਹਿੰਦੂ ਅਤੇ ਮੁਸਲਮਾਨ ਇੱਕ ਦੂਜੇ ਨਾਲ ਖਹਿ ਬਾਜੀ ਰੱਖ ਕੇ ਲੜਦੇ ਸਨ। ਮੁਸਲਮਾਨ ਹਿੰਦੂਆਂ ਨੂੰ ਕਾਫ਼ਰ (ਨਾਸਤਕ) ਗਰਦਾਨਦੇ ਸਨ ਅਤੇ ਉਨ੍ਹਾਂ ਨਾਲ ਘਟੀਆ ਸਲੂਕ ਕਰਦੇ ਸਨ ਕਿਉਂਕਿ ਗੁਰੂ ਨਾਨਕ ਦੇਵ ਜੀ ਹਿੰਦੂ ਕੁੱਲ ਵਿੱਚ ਪੈਦਾ ਹੋਏ ਅਤੇ ਭਾਈ ਮਰਦਾਨਾ ਜੀ ਮੁਸਲਮਾਨ ਘਰਾਣੇ ਨਾਲ ਸੰਬੰਧ ਰੱਖਦੇ ਸਨ। ਮੁਸਲਮਾਨ ਲੋਕ ਮਰਦਾਨੇ ਦਾ ਇੱਕ ਹਿੰਦੂ ਫ਼ਕੀਰ ਉੱਤੇ ਈਮਾਨ ਰੱਖਣ ਦਾ ਵਿਰੋਧ ਕਰਦੇ ਸਨ। ਜਿੱਥੇ ਵੀ ਮਰਦਾਨਾ ਮਿਲਦਾ ਉਸ ਨੂੰ ਕੁਰਾਹੀਏ ਨਾਨਕ ਦਾ ਡੂੰਮ ਕਹਿ ਕੇ ਦੁਰਕਾਰਦੇ, ਫਿਟਕਾਰਦੇ ਅਤੇ ਕਬੋਲ ਅਲਾਪਦੇ।

SIKHBOOKCLUB.COM

ਗੁਰੂ ਸਾਹਿਬ ਨੇ ਇੱਕ ਬਾਰ ਭਾਈ ਮਰਦਾਨੇ ਨੂੰ ਪੈਸੇ ਦੇ ਕੇ ਜਦੋਂ ਨਵੀਂ ਰਬਾਬ ਲਿਆਉਣ ਲਈ ਭੇਜਿਆ ਤਾਂ ਉਸ ਨਾਲ ਇੰਵ ਵਾਪਰਿਆ:

"ਮਰਦਾਨਾ ਸਹਿਰ ਜਾਇ ਕੇ ਲਗਾ ਰਬਾਬ ਟੋਲਨ, ਮਿਰਾਸੀ ਦੇ ਘਰ ਜਾਵੈ, ਉਥੈ ਆਖਣ ਆਇਆ ਹਈ ਕੁਰਾਹੀਏ ਦਾ ਡੂਮ। ਮਰਦਾਨੇ ਨੂੰ ਕੋਈ ਆਦਰ ਦੇਵੇ ਨਾ ਹੀ।....ਫੇਰ ਮਰਦਾਨਾ ਗੁਰੂ ਨਾਨਕ ਪਾਸ ਆਇਆ ਤਾਂ ਗੁਰੂ ਨਾਨਕ ਪੁਛਿਆ-ਕਿਉਂ ਮਰਦਾਨਾ। ਮਰਦਾਨੇ ਆਖਿਆ ਜੀ ਤੈਨੂੰ ਸਭ ਮਲੂਮ ਹੈ। ਫੇਰ ਗੁਰੂ ਨਾਨਕ ਆਖਿਆ-ਮਰਦਾਨਾ ਨਿਸੰਗ ਆਖ। ਮਰਦਾਨੇ ਆਖਿਆ-ਜੀ ਨਿਸੰਗ ਆਖਣੇ ਦੀ ਗੱਲ ਨਾਹੀ। ਮਰਦਾਨੇ ਕੰਬ ਕੰਬ ਕਿ ਆਖਿਆ-ਜੀ ਸੰਸਾਰ ਆਖਦਾ ਹੈ ਜੋ ਆਇਆ ਹੈ ਕੁਰਾਹੀ ਦਾ ਡੂਮ। ਕੋਈ ਰਬਾਬ ਦਿੰਦਾ ਨਾਹੀ ਅਤੇ ਤੁਸਾਂ ਆਖਿਆ ਹੈ ਕੋਈ ਰਸੀਆ ਹੋਇਆ ਰਬਾਬ ਲੈ ਕੇ ਆਵੇ...।"

ਇਹ ਸੁਣ ਗੁਰੂ ਨਾਨਕ ਨੇ ਮਰਦਾਨੇ ਨੂੰ ਕਿਹਾ ਦੋ ਨਦੀਆਂ ਵਿਚਕਾਰ ਜਾਟਾਂ ਦਾ ਪਿੰਡ ਹੈ, ਉਥੇ ਇੱਕ ਹਿੰਦੂ ਮਿਰਾਸੀ, ਜਿਸ ਦਾ ਨਾਮ 'ਫ਼ਿਰੰਦਾ' ਹੈ, ਉਸ ਪਾਸੋਂ ਜਾ ਕੇ ਰਬਾਬ ਲਿਆ, ਜੇ ਨਾ ਮੰਨੇ ਤਾਂ ਸਾਡਾ ਨਾਮ ਲਈਂ। ਤਾਂ ਜਾ ਕੇ ਫ਼ਿਰੰਦੇ ਤੋਂ

ਰਬਾਬ ਮਿਲੀ। ਭਾਵ ਵਿਰੋਧ ਇਤਨਾ ਸੀ ਕਿ ਮੁਸਲਮਾਨ ਮਿਰਾਸੀ ਪੈਸੇ ਲੈ ਕੇ ਵੀ ਹਿੰਦੂ ਲਈ ਰਬਾਬ ਨਹੀਂ ਸੀ ਦਿੰਦਾ।

## ਮਰਦਾਨੇ ਨੂੰ ਕੀਰਤਨ ਵਿੱਚ ਨਿਪੁੰਨ ਕਰਨਾ

ਭਾਈ ਮਰਦਾਨਾ ਜੀ ਸੰਗੀਤਕ ਸੁਰਾਂ ਤੇ ਰਾਗਾਂ ਦੇ ਮਾਹਰ ਭਾਵੇਂ ਧੁਰ ਦਰਗਾਹੋਂ ਹੀ ਸਨ ਪਰ ਗੁਰੂ ਨਾਨਕ ਦੇ ਮੁੱਖ ਚੋਂ ਨਿਕਲੇ ਸ਼ਬਦ ਜਿੱਥੇ ਰੱਬੀ ਬਾਣੀ ਸੀ ਉੱਥੇ ਰਾਗਬੱਧ ਵੀ ਸਨ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸਮਝਾਇਆ, ਭਾਈ ਗੁਰਬਾਣੀ ਸੰਗੀਤ ਪ੍ਰਭੂ ਦੇ ਬੋਲ ਹਨ ਅਤੇ ਸੰਗੀਤ ਦੀ ਕਲਾ ਵੀ ਮਾਲਕ ਬਖਸ਼ਦਾ ਹੈ ਪਰ ਕੋਈ ਚੀਜ਼ ਸਿੱਖਣ ਲਈ ਸਮਰਪਣ, ਸ਼ਰਧਾ ਅਤੇ ਪੂਰੀ ਸਾਵਧਾਨੀ ਦੀ ਜ਼ਰੂਰਤ ਹੈ।

ਪਾਵਨ ਗੁਰਬਾਣੀ ਕੀਰਤਨ ਸਿੱਖੀ ਦਾ ਇੱਕ ਬਹੁਤ ਹੀ ਅਨਮੋਲ, ਕੋਮਲ, ਮਹੱਤਵ ਪੂਰਨ ਅਤੇ ਗੁਣਾਂ ਭਰਪੂਰ ਵਿਰਸਾ ਹੈ। ਇਸ ਵਿੱਚ ਕੋਈ ਅਤਕਥਨੀ ਨਹੀਂ ਜੇਕਰ ਕੀਰਤਨ ਨੂੰ ਸਿੱਖੀ ਦਾ ਮੂਲ ਆਧਾਰ, ਸਿੱਖੀ ਦੀ ਰੂਹ ਅਤੇ ਜੀਵਨ ਰਸ ਆਖ ਲਿਆ ਜਾਵੇ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰਬਾਣੀ ਦਾ ਕੀਰਤਨ ਕਰਨ ਸਮੇਂ ਕੀਰਤਨੀਏ ਦੀ ਸੁਰਤੀ-ਵਿਰਤੀ ਟਿਕਾਉ ਵਿੱਚ ਹੋਵੇ। ਦੂਜਾ, ਗੁਰਬਾਣੀ ਕੀਰਤਨ ਹਮੇਸ਼ਾ ਰਾਗ ਬੱਧ ਹੋਣਾ ਚਾਹੀਦਾ ਹੈ। ਕਿਉਂਕਿ ਇਹ ਰਾਗਾਂ 'ਤੇ ਅਧਾਰਤ ਹੈ। ਤੀਜਾ, ਕੀਰਤਨੀਏ ਦੇ ਮਨ ਅੰਦਰ ਭੈ-ਭਾਵਨੀ, ਸ਼ਰਧਾ ਅਤੇ ਸਬਰ ਹੋਣਾ ਜ਼ਰੂਰੀ ਹੈ। ਚੌਥਾ, ਗੁਰਬਾਣੀ ਦਾ ਉਚਾਰਨ ਸ਼ੁੱਧ ਹੋਵੇ। ਕੀਰਤਨ ਰਸ ਦਾਇਕ ਹੋਣਾ ਚਾਹੀਦਾ ਹੈ ਤਾਂ ਕਿ ਸ੍ਰੋਤਿਆਂ ਅੰਦਰ ਅਨੰਦ ਪੈਦਾ ਹੋਵੇ। ਪੰਜਵਾਂ, ਗੁਰਮਤਿ ਕੀਰਤਨ ਸ਼ਬਦ ਪ੍ਰਧਾਨ ਹੈ ਰਗ ਪ੍ਰਧਾਨ ਨਹੀਂ। ਇਸ ਤਰ੍ਹਾਂ ਸਿੱਖਿਆ ਦੁਆਰਾ ਅਤੇ ਗੁਰੂ ਬਾਬੇ ਦੀ ਦਿੱਬ ਦ੍ਰਿਸ਼ਟੀ ਨਾਲ ਮਰਦਾਨੇ ਦੇ ਸਰੀਰ ਅੰਦਰ ਛੁਪੀ ਕਲਾ ਪੂਰਨ ਤੌਰ ਤੇ ਪ੍ਰਗਟ ਹੋ ਗਈ। ਮਾਨੋ ਸੋਨੇ 'ਤੇ ਸੁਹਾਗੇ ਵਾਲਾ ਕੰਮ ਹੋ ਗਿਆ।

ਹੁਣ ਬਾਬਾ ਅਤੇ ਮਰਦਾਨਾ ਤਲਵੰਡੀ ਅੰਦਰ-ਨਿਵੇਕਲੇ ਥਾਂ ਬੈਠੇ ਕੀਰਤਨ ਕਰਨ ਲੱਗ ਪਏ। ਗੁਰੂ ਜੀ ਦੇ ਅੰਮ੍ਰਿਤ ਰੂਪੀ ਮਿੱਠੇ ਬੋਲ ਅਤੇ ਰਬਾਬ ਦੀਆਂ ਸੁਰੀਲੀਆਂ ਧੁਨਾਂ ਸੁਣ ਸੰਗਤ ਜੁੜਨ ਲਗ ਗਈ । ਦਿਨ ਬਦਿਨ ਇਹ ਕੰਮ ਵਧਦਾ ਦੇਖ ਗੁਰੂ ਜੀ ਦੇ ਮਾਪੇ ਫਿਕਰ ਕਰਨ ਲਗੇ ਕਿ ਨਾਨਕ ਘਰੇਲੂ ਕੰਮਾਂ ਵਿੱਚ ਨਾ ਤਾਂ ਹੱਥ ਹੀ ਵਟਾਉਂਦਾ ਹੈ ਅਤੇ ਨਾ ਹੀ ਦਿਲਚਸਪੀ ਲੈਂਦਾ ਹੈ। ਕੁਝ ਉਚਾਟ ਰਹਿੰਦਾ ਦੇਖ ਵੈਦ ਵੀ ਬੁਲਾਇਆ। ਵੈਦ ਨੂੰ ਬੀਮਾਰੀ ਦਾ ਪਤਾ ਨਾ ਲਗਣ ਤੇ ਸੁਝਾ ਦਿੱਤਾ ਕਿ ਇਸ ਦੀ ਸ਼ਾਦੀ ਕਰ ਦਿਉ।

ਫੇਰ ਇਹ ਪਰਵਾਰ ਵਿੱਚ ਵਿਚਰਦਾ ਹੋਇਆ ਅਤੇ ਬੱਚਿਆਂ ਦਾ ਖਿਆਲ ਰੱਖਣ ਕਰਕੇ ਘਰ ਦੇ ਕੰਮ-ਕਾਜ ਵਿੱਚ ਜੁੱਟ ਜਾਵੇਗਾ। ਇਹ ਸੋਚ 1484 ਵਿੱਚ

ਬਟਾਲੇ ਵਿਖੇ ਬਾਬਾ ਮੂਲਾ ਚੌਣੇ ਦੀ ਬੇਟੀ 'ਸੁਲੱਖਣੀ' ਨਾਲ ਸ਼ਾਦੀ ਕਰ ਦਿੱਤੀ।

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਜਦੋਂ ਗੁਰੂ ਨਾਨਕ ਦੇਵ ਜੀ ਆਪਣੀ ਸਗਾਈ ਪਿੱਛੋਂ ਸੁਲਤਾਨਪੁਰ ਸਨ ਤਾਂ ਵਧਾਈ ਦੇਣ ਲਈ ਮਰਦਾਨਾ ਜੀ ਉੱਥੇ ਪਹੁੰਚ ਗਏ। ਜਾਣੀ ਜਾਣ ਗੁਰੂ ਨਾਨਕ ਜੀ ਨੇ ਮਰਦਾਨੇ ਦੇ ਪਹੁੰਚਣ ਵਾਲੇ ਦਿਨ ਉਹ ਕੀਮਤੀ ਬਸਤਰ (ਚੋਲਾ) ਪਹਿਨ ਲਿਆ ਜੋ ਸਗਾਈ ਸਮੇਂ ਪਹਿਨਿਆਂ ਸੀ। ਜਦੋਂ ਮਰਦਾਨੇ ਨੇ ਵਧਾਈ ਦੀ ਗੱਲ ਕੀਤੀ ਤਾਂ ਬਾਬੇ ਨਾਨਕ ਨੇ ਆਖਿਆ, "ਮਰਦਾਨਿਆ" ਤੈਨੂੰ ਅਸੀਂ ਉਹ ਵਸਤ ਦੇਣੀ ਹੈ ਜਿਸ ਦੀ ਕੀਮਤ ਕੋਈ ਨਹੀਂ ਦੱਸ ਸਕਦਾ ਪਰ ਹਿਰਦਾ ਰੱਜ ਜਾਂਦਾ ਹੈ।, ਸਰੀਰ ਅਨੰਦਤ ਹੋਇਆ ਰਹਿੰਦਾ ਹੈ ਅਤੇ ਜਿਸ ਮੁਕਤੀ ਲਈ ਲੋਕ ਸਰੀਰਾਂ ਨੂੰ ਕਸ਼ਟ ਦਿੰਦੇ ਹਨ ਉਹ ਪ੍ਰਾਪਤ ਹੋ ਜਾਂਦੀ ਹੈ। ਹੁਣ ਦੱਸ ਕੋਈ ਕਪੜਾ ਲੈਣਾ ਹੈ? ਖਾਣ ਲਈ ਵਸਤੂ ਲੈਣੀ ਹੈ? ਜਾਂ ਧਨ ਲੈਣਾ ਹੈ?" ਮਰਦਾਨੇ ਨੇ ਕਿਹਾ, "ਦਾਤਾ, ਜੋ ਦੇ ਦਿਉਂਗੇ ਉਹ ਸਵੀਕਾਰ ਹੈ।" ਇਹ ਸੁਣ ਕੇ ਗੁਰੂ ਜੀ ਨੇ ਆਪਣਾ ਚੋਲਾ ਲਾਹ ਕੇ ਮਰਦਾਨੇ ਨੂੰ ਪਹਿਨਾ ਦਿੱਤਾ ਅਤੇ ਆਖਿਆ ਹੁਣ ਸੰਤੋਖ ਰੱਖੀਂ, ਤਲਵੰਡੀ ਪਹੁੰਚ ਕੇ ਹੋਰ ਨਾ ਕਿਸੇ ਤੋਂ ਮੰਗੀਂ, ਪ੍ਰਭੂ ਦੇ ਗੁਣ ਗਾਈ ਚੱਲ :

*ਹਰਿ ਗੁਨ ਗਾਵਨ ਕੇ ਰਸ ਮਾਂਹੀ। ਪਰਚੈ ਮਨ ਅਵਗੁਨ ਮਿਟ ਜਾਂਹੀ।*
*ਅਸ ਗੁਣ ਸੋ ਅਭਿਲਾਖਾ ਮੇਰੀ। ਰਹੈ ਸੰਗਿ ਜੇ ਹ੍ਵੈ ਗਤਿ ਤੇਰੀ।*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

SIKHBOOKCLUB.COM

ਬਾਬੇ ਨਾਨਕ ਨੇ ਆਪਣੀ ਸ਼ਾਦੀ ਸਮੇਂ ਵੀ ਬਰਾਬਰਤਾ ਦਾ ਅਸੂਲ ਲਾਗੂ ਕੀਤਾ। ਅਨੰਦ ਕਾਰਜ ਸਮੇਂ ਵੀ ਗੁਰੂ ਨਨਕ ਦੇਵ ਜੀ ਨੇ ਮਰਦਾਨੇ ਨਾਲ ਬੈਠ ਕੇ ਪ੍ਰਭੂ ਦੀ ਮਹਿਮਾਂ ਨੂੰ ਗਾਇਆ। ਉਹ ਖਾਣਾ ਜਿਸ ਵਿੱਚ ਬਰਾਤ ਨੂੰ ਜ਼ਾਤ ਦੇਖ ਕੇ ਵੱਖ-ਵੱਖ ਤਰ੍ਹਾਂ ਅਤੇ ਤਰ੍ਹਾਂ-ਤਰ੍ਹਾਂ ਦੀ ਜਗ੍ਹਾ 'ਤੇ ਬਿਠਾ ਕੇ ਪਰੋਸਿਆ ਜਾਂਦਾ ਸੀ। ਇਸ ਨੂੰ ਤੁਲਸੀ ਦਾਸ ਜੀ ਨੇ ਉਤੱਮ, ਨੀਚ, ਲਘੁ ਨਿਜ ਥਲ, ਅਸੁਹਾਰ' ਲਿਖਿਆ ਹੈ। ਮੇਹਰਬਾਨ ਨੇ ਬਾਬੇ ਦੇ ਵਿਆਹ ਬਾਰੇ ਅੰਕਿਤ ਕੀਤਾ ਕਿ ਕੋਈ ਵੈਦਿਕ ਰਸਮ ਨਹੀਂ ਹੋਈ ਨਿਰੋਲ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਸਾਰੀ ਬਰਾਤ ਨੂੰ ਇੱਕ ਥਾਂ 'ਤੇ ਬਿਠਾ ਕੇ ਅਤੇ ਇੱਕੋ ਜਿਹਾ ਖਾਣਾ ਖਿਲਾਇਆ ਗਿਆ ਸੀ। ਸ਼ਾਦੀ ਉਪਰੰਤ ਦੋ ਬੇਟੇ (ਸਿਰੀ ਚੰਦ ਅਤੇ ਲਖਮੀ ਚੰਦ ਜੋ 1497 ਅਤੇ 1499 ਵਿੱਚ ਕ੍ਰਮਵਾਰ) ਜਨਮੇ। ਪਰ ਬਾਬੇ ਨਾਨਕ ਦੇ ਦਿਲ ਅੰਦਰ ਘਰ ਦੇ ਕੰਮਾਂ ਨਾਲੋਂ ਲੋਕਾਈ ਦੀ ਤਰਸਯੋਗ ਹਾਲਤ ਵੱਢ-ਵੱਢ ਖਾ ਰਹੀ ਸੀ ਅਤੇ ਉਸ ਦੀ ਭਲਾਈ ਲਈ ਕਲੇਜੇ ਵਿੱਚ ਤੜਫਨਾ ਲੱਗੀ ਹੋਈ ਸੀ।

ਬਾਬੇ ਦੀ ਅਜੇਹੀ ਹਾਲਤ ਦੇਖ ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਜੀ ਨੇ ਬੀਬੀ ਨਾਨਕੀ ਅਤੇ ਉਨ੍ਹਾਂ ਦੇ ਪਤੀ ਭਾਈਆ ਜੈ ਰਾਮ ਨਾਲ ਸਲਾਹ-ਮਸ਼ਵਰਾ

ਕੀਤਾ। ਭਾਈਆ ਜੈ ਰਾਮ ਦੀ ਚਿੱਠੀ ਮਿਲਣ ਤੇ ਗੁਰੂ ਸਾਹਿਬ ਨੂੰ ਸੁਲਤਾਨਪੁਰ ਭੇਜ ਦਿੱਤਾ। ਭਾਈਆ ਜੈ ਰਾਮ ਦੇ ਹੀਲੇ-ਵਸੀਲੇ ਨਾਲ ਸਾਹਿਬਾਂ ਨੂੰ ਨਵਾਬ ਦੌਲਤ ਖਾਨ ਦੇ ਮੋਦੀ ਖਾਨੇ ਵਿੱਚ ਮੋਦੀ (ਦਾਣੇ ਵੇਚਣ ਵਾਲਾ) ਲਗਾ ਦਿੱਤਾ। ਗੁਰੂ ਨਾਨਕ ਦੇ ਸੁਲਤਾਨਪੁਰ ਚਲੇ ਜਾਣ ਕਰਕੇ ਭਾਈ ਮਰਦਾਨਾ ਉਨ੍ਹਾਂ ਦੇ ਦਰਸ਼ਨਾ ਲਈ ਬਿਹਬਲ ਹੋ ਗਿਆ।

## ਮਰਦਾਨੇ ਨੂੰ ਉਦਾਸੀਆਂ 'ਤੇ ਜਾਣ ਲਈ ਤਿਆਰ ਕਰਨਾ

ਕੁਝ ਚਿਰ ਪਿੱਛੋਂ ਖ਼ਬਰ ਮਿਲੀ ਕਿ ਨਾਨਕ ਜੀ ਮੋਦੀਖਾਨੇ ਦਾ ਕੰਮ ਤਾਂ ਬੜੀ ਸੁਚੱਜਤਾ, ਸਾਵਧਾਨੀ ਅਤੇ ਸਹੀ ਢੰਗ ਨਾਲ ਚਲਾ ਰਹੇ ਹਨ ਪਰ ਲੋੜਵੰਦ ਗਰੀਬ-ਗੁਰਬੇ ਨੂੰ ਤੇਰਾ ਤੇਰਾ ਕਹਿ ਕੇ ਮੁਫ਼ਤ ਵੀ ਵੰਡੀ ਜਾਂਦੇ ਹਨ। ਐਸੀ ਵੰਡ ਕਾਰਨ ਰੌਲਾ ਪੈਣ 'ਤੇ ਮੋਦੀਖਾਨੇ ਦੇ ਮਾਲ-ਗੁਦਾਮ ਦੀ ਤਿੰਨ ਵਾਰ ਪੜਤਾਲ ਵੀ ਕੀਤੀ ਗਈ ਪਰ ਹਰ ਵਾਰ ਜਖ਼ੀਰਾ ਗਿਣਤੀ ਮਿਣਤੀ ਤੋਂ ਵੱਧ ਹੀ ਨਿਕਲਿਆ। ਅਸਲ ਵਿੱਚ ਇਸ ਦਾ ਕਾਰਨ ਇਹ ਸੀ ਕਿ ਉਨ੍ਹੀ ਦਿਨੀ ਜਿਨਸ ਲੈਣ ਅਤੇ ਦੇਣ ਵੇਲੇ ਅਲੂਫਾ (ਕਟੌਤੀ) ਮੋਦੀਖਾਨੇ ਵਿੱਚ ਕੰਮ ਕਰ ਰਹੇ ਨੌਕਰਾਂ ਨੂੰ ਦਾਣਿਆਂ ਦੇ ਰੂਪ ਵਿੱਚ ਮਿਲਦੀ ਸੀ। ਗੁਰੂ ਸਾਹਿਬ ਇਹ ਅਲੂਫਾ ਆਪ ਨਹੀਂ ਸੀ ਲੈਂਦੇ ਸਗੋਂ ਇਸ ਵਿੱਚੋਂ ਬਹੁਤਾ ਹਿੱਸਾ ਮੁਫ਼ਤ ਵੰਡ ਦੇਂਦੇ ਸਨ। ਮੋਦੀਖਾਨੇ ਦਾ ਇਹ ਵਤੀਰਾ ਦੇਖ ਕੇ ਜਿੱਥੇ ਮਿਹਨਤ ਅਤੇ ਸੱਚ ਦੀ ਬੇਕਦਰੀ ਅਤੇ ਬੇਭਰੋਸਗੀ ਹੋਵੇ ਉੱਥੇ ਕੰਮ ਕਰਨ ਦਾ ਕੋਈ ਫ਼ਾਇਦਾ ਨਹੀਂ'। ਪੁਰਾਤਨ ਜਨਮ ਸਾਖੀ ਵਿੱਚ ਦਰਜ਼ ਹੈ ਕਿ 'ਗੁਰੂ ਨਾਨਕ ਜੀ ਕਿਸੇ ਦੀ ਦਮੜੀ ਨਾ ਰਾਖੇ। ਬੜੀ ਸੋਭਾ ਹੋਈ ਜਿਤਨੀ ਰਈਅਤ ਸਭ ਦੁਆਈ ਲੱਗੀ ਦੇਵਣ' ਮੇਹਰਬਾਨ ਨੇ ਵੀ ਜਨਮ ਸਾਖੀ ਵਿੱਚ ਲਿਖਿਆ ਹੈ ਕਿ 'ਨਾਨਕ ਜੀ ਆਪ ਦਿਆਨਤਦਾਰ, ਕਿਸਾ ਕਿਛ ਲੈ ਨਾਹੀਂ, ਹੋਰਸ ਕਾ ਹਕ ਗਵਾਏ ਨਾਹੀਂ। ਧਰਮੋ ਧਰਮੀ ਚਲਾਏ'। ਮਹਿਮਾ ਪ੍ਰਕਾਸ਼ ਵਿੱਚ ਵੀ ਅੰਕਿਤ ਹੈ, ਅੱਗੇ ਜੋ ਮੋਦੀ ਦੇ ਸੋ ਦਹਿਨੀਮਾ (ਦਸਵਾਂ ਹਿੱਸਾ) ਕਾਟ ਲੈਂਦੇ, ਗੁਰੂ ਨਾਨਕ ਨਾਹੀਂ। ਸਭ ਆਖੇ ਵਾਹ!ਵਾਹ!! ਨਾਨਕ ਦਿਆਨਤਦਾਰ।

*ਜੋ ਭੁਖਾ ਪਿਆਸਾ ਚਲ ਆਵੈ, ਦਿਆਲ ਕੇ।*
*ਭਰ ਪਲੜਾ ਤਿਸ ਦੇਹ, ਤਰਾਜੂ ਢਾਲ ਕੇ।*

ਡਾਕਟਰ ਤ੍ਰਿਲੋਚਨ ਸਿੰਘ ਲਿਖਦੇ ਹਨ ਕਿ ਬਾਬਾ ਨਾਨਕ ਪਹਿਲਾਂ ਪਹਿਲ ਆਪਣੀ ਭੈਣ ਨਾਨਕੀ ਦੇ ਘਰ ਰਹਿੰਦੇ ਸਨ। ਫੇਰ ਉਹਨਾਂ ਨੂੰ ਦਰਬਾਰ ਵੱਲੋਂ ਵੱਖਰਾ ਮਕਾਨ ਰਿਹਾਇਸ਼ ਲਈ ਮਿਲ ਗਿਆ। ਜੋ ਬਾਬੇ ਨਾਨਕ ਦਾ ਡੇਰਾ ਕਰਕੇ ਪ੍ਰਸਿੱਧ ਹੋਇਆ। ਇਸ ਤੱਥ ਦੀ ਪ੍ਰੋੜਤਾ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਵੀ 'ਪੁਰਾਤਨ ਇਤਿਹਾਸਕ ਜੀਵਨੀਆਂ 'ਦੇ ਪੰਨਾ 11 'ਤੇ ਕੀਤੀ ਹੈ। ਪੁਰਾਤਨ ਜਨਮ

SIKHBOOKCLUB.COM

ਸਾਖੀ ਅਨੁਸਾਰ ਗੁਰੂ ਜੀ ਅੰਮ੍ਰਿਤ ਵੇਲੇ ਹਰ ਰੋਜ਼ ਬੇਈਂ ਨਦੀ ਦੇ ਕਿਨਾਰੇ ਇਸ਼ਨਾਨ ਕਰਨ ਜਾਂਦੇ ਅਤੇ ਨਾਲ ਮਰਦਾਨਾ ਜਾਂ ਹੋਰ ਕੋਈ ਸ਼ਰਧਾਲੂ ਜ਼ਰੂਰ ਜਾਂਦਾ। ਘਰ ਪਹੁੰਚ ਕੇ ਕੀਰਤਨ ਕਰਦੇ ਅਤੇ ਫੇਰ ਪ੍ਰਸ਼ਾਦਾ ਛਕ ਕੇ ਦਰਬਾਰ ਜਾਂਦੇ। ਵਲਾਇਤ ਵਾਲੀ ਜਨਮ ਸਾਖੀ ਅਤੇ ਮਿਹਰਬਾਨ ਵਾਲੀ ਜਨਮ ਸਾਖੀ ਵੀ ਇਹਨਾਂ ਤੱਥਾਂ ਦੀ ਪੁਸ਼ਟੀ ਕਰਦੀਆਂ ਹਨ। ਗੁਰੂ ਜੀ ਨੇ ਬੀਬੀ ਸੁਲੱਖਣੀ ਨੂੰ ਵੀ ਸੁਲਤਾਨਪੁਰ ਹੀ ਲੈ ਆਂਦਾ ਸੀ।

ਮਹਿਤਾ ਕਾਲੂ ਜੀ ਨੂੰ ਇਹ ਖ਼ਬਰ ਪਹੁੰਚ ਗਈ ਕਿ ਨਾਨਕ ਨੌਕਰੀ ਦੌਰਾਨ ਕੁਝ ਨਹੀਂ ਬਚਾਉਂਦਾ। ਇਨ੍ਹਾਂ ਨੇ ਮਰਦਾਨੇ ਨੂੰ ਇਹ ਕਹਿ ਕੇ ਸੁਲਤਾਨਪੁਰ ਭੇਜਿਆ, "ਮਰਦਾਨੇ! ਨਾਨਕ ਤੇਰਾ ਯਾਰ ਬੇਲੀ ਹੈ। ਉਸ ਨੂੰ ਜਾ ਕੇ ਸਮਝਾ ਕਿ ਜੀਵਨ ਵਿੱਚ ਕਾਮਯਾਬੀ ਲਈ ਧਨ ਕਮਾਵੇ ਅਤੇ ਜੋੜੇ"। ਮਰਦਾਨੇ ਦੇ ਪਹੁੰਚਣ 'ਤੇ ਸੁਭਾ ਸ਼ਾਮ ਸੰਗਤ ਹੋਰ ਜੁੜਨ ਲੱਗ ਪਈ। ਪ੍ਰਭੂ ਦੀ ਕੀਰਤੀ ਜੋਰਾਂ-ਸ਼ੋਰਾਂ ਨਾਲ ਹੋਣ ਲੱਗੀ। ਮਰਦਾਨਾ ਜਦੋਂ ਉਨ੍ਹਾਂ ਦੇ ਮਾਪਿਆਂ ਦੀ ਕਹੀ ਗੱਲ ਬਾਰੇ ਕਹਿਣ ਦਾ ਯਤਨ ਕਰੇ ਤਾਂ ਉੱਤਰ ਮਿਲੇ, ਮਰਦਾਨੇ! ਇਹ ਹਾਕਮ ਵੱਢੀਖੋਰ ਹਨ, ਗਰੀਬਾਂ ਦਾ ਲਹੂ ਪੀਂਦੇ ਹਨ, ਰੱਬੀ ਨਾਮ ਤੋਂ ਆਕੀ ਹਨ। ਜੀਵਨ ਦੀ ਸਫ਼ਲਤਾ ਤਾਂ ਸੱਚ 'ਤੇ ਪਹਿਰਾ ਦੇ ਕੇ, ਪ੍ਰਭੂ ਦੀ ਉਸਤਤੀ ਅਤੇ ਮਨੁੱਖੀ ਪਰਉਪਕਾਰ ਵਿੱਚ ਹੀ ਹੈ"। ਦੂਜੇ ਪਾਸੇ ਬੇਬੇ ਨਾਨਕੀ ਵੀ ਬੜਾ ਸਮਝਾਉਂਦੀ ਪਰ ਉਸ ਨੂੰ ਵੀ ਇਹੀ ਜਵਾਬ ਮਿਲਦਾ "ਭੈਣੇ! ਮੈਂ ਗਰੀਬਾਂ ਦੇ ਦਰਦ, ਧੋਖੇਬਾਜ਼ੀ, ਹਰਾਮਖੋਰੀ ਅਤੇ ਅਨਿਆਂ ਨੂੰ ਸਹਾਰ ਨਹੀਂ ਸਕਦਾ"।

SIKHBOOKCLUB.COM

ਗੁਰੂ ਨਾਨਕ ਕੋਲ ਜਿਹੜਾ ਵੀ ਪੀਰ, ਫ਼ਕੀਰ, ਸਾਧੂ, ਸੰਤ, ਮਹਾਤਮਾ ਆਦਿ ਗੋਸ਼ਟਿ ਕਰਨ ਆਉਂਦਾ ਤਾਂ ਉਸ ਨੂੰ ਕਲਯੁਗ ਦੇ ਪਸਾਰੇ ਬਾਰੇ ਗਿਆਨ ਕਰਾਉਂਦੇ। ਪਾਖੰਡਾਂ, ਭੇਖਾਂ ਨੂੰ ਛੱਡ ਸੱਚੇ ਸਿੱਖ ਬਣਨ ਲਈ ਪ੍ਰੇਰਨਾ ਦਿੰਦੇ, ਭਰਮ ਜਾਲ ਫੈਲਾਉਣ ਵਾਲਿਆਂ ਨੂੰ ਫਿਟਕਾਰਾਂ ਪਾਉਂਦੇ ਅਤੇ ਇਹ ਸਭ ਕੁਝ ਛੱਡ ਇੱਕ ਕਰਤਾਰ ਨਾਲ ਜੁੜਨ ਦਾ ਉਪਦੇਸ਼ ਦਿੰਦੇ। ਸਾਰਾ ਪਰਵਾਰ ਇਸ ਗੱਲੋਂ ਦੁੱਖੀ ਰਹਿੰਦਾ ਕਿ ਨਾਨਕ ਘਰ ਦਾ ਕੰਮ-ਕਾਜ ਛੱਡ ਫਕੀਰਾਂ ਨਾਲ ਹੀ ਮਜਲਿਸਾਂ ਵਿੱਚ ਜ਼ਿੰਦਗੀ ਦਾ ਕੀਮਤੀ ਸਮਾਂ ਅੰਞਾਈਂ ਗੁਆ ਰਿਹਾ ਹੈ।

ਸੁਲਤਾਨਪੁਰ ਵਿੱਚ ਰਹਿੰਦਿਆਂ ਹੀ ਸਤਿਗੁਰਾਂ ਨੇ ਵੇਈਂ ਨਦੀ ਵਿੱਚ ਪਰਵੇਸ਼ ਕਰਨ ਦੀ ਘਟਨਾ ਵਰਤਾ ਦਿੱਤੀ। ਇਤਿਹਾਸਕ ਤੱਥ ਦਰਸਾਉਂਦੇ ਹਨ ਕਿ ਗੁਰੂ ਸਾਹਿਬ ਭਾਈ ਮਰਦਾਨੇ ਨੂੰ ਨਾਲ ਲੈ ਕੇ ਕਾਲੀ ਵੇਈਂ ਨਦੀ 'ਚ ਇਸ਼ਨਾਨ ਕਰਨ ਗਏ। ਆਪਣੇ ਬਸਤਰ ਉਤਾਰ ਕੇ ਭਾਈ ਮਰਦਾਨੇ ਨੂੰ ਪਕੜਾ ਦਿੱਤੇ। ਪੁਰਾਤਨ ਸਾਖੀ ਵਿੱਚ ਸ਼ਬਦ ਹਨ, 'ਜੁੜਾ ਕਰਿ ਕਰਿ ਜਿਉ ਦਰੀਆਵ ਵਿੱਚ ਡੁਬਕੀ ਮਾਰੀ, ਤਿਉ ਫੇਰਿ ਨ ਨਿਕਲਿਆ'। ਮਰਦਾਨੇ ਨੇ ਇਹ ਦੇਖ ਕਿ ਗੁਰੂ ਜੀ ਪਾਣੀ 'ਚੋਂ

ਬਾਹਰ ਨਹੀਂ ਆਏ, ਆਸ ਪਾਸ ਦੇ ਲੋਕਾਂ ਨੂੰ ਦੱਸ ਦਿੱਤਾ। ਸ਼ਹਿਰ ਵਿੱਚ ਰੌਲਾ ਪੈ ਗਿਆ ਕਿ ਨਾਨਕ ਨਦੀ ਵਿੱਚ ਡੁੱਬ ਗਿਆ ਹੈ। ਨਦੀ 'ਤੇ ਇਕੱਠ ਹੋ ਗਿਆ। ਅਣਭੋਲ ਲੋਕਾਂ ਦੇ ਮੂੰਹੋਂ ਇਹੀ ਸ਼ਬਦ ਨਿਕਲ ਰਹੇ ਸਨ 'ਨਾਨਕ ਡੁੱਬ ਗਿਆ, ਨਾਨਕ ਡੁੱਬ ਗਿਆ'। ਪਰ ਉਹ ਇਹ ਨਹੀਂ ਸੀ ਜਾਣਦੇ ਕਿ ਨਾਨਕ ਤਾਂ ਡੁੱਬਿਆਂ ਨੂੰ ਤਾਰਨ ਵਾਲਾ ਹੈ। ਗੋਤਾਖੋਰ ਵੀ ਬੁਲਾਏ ਗਏ ਪਰ ਨਹੀਂ ਲੱਭੇ। ਤੀਜੇ ਦਿਨ ਨਦੀ 'ਚੋਂ ਬਾਹਰ ਨਿਕਲੇ, ਦਰਸ਼ਨ ਕਰਕੇ ਸਭ ਦੇ ਮਨ ਅਨੰਦਤ ਹੋ ਗਏ, ਚਿਹਰਿਆਂ 'ਤੇ ਖੇੜੇ ਆ ਗਏ ਅਤੇ ਚਾਰੇ ਪਾਸਿਆਂ ਤੋਂ ਆਵਾਜ਼ ਆ ਰਹੀ ਸੀ ਧੰਨ ਨਾਨਕ, ਧੰਨ ਨਾਨਕ। ਸੰਸਾਰੀਆਂ ਲਈ ਇਹ ਪ੍ਰਸ਼ਨ ਚਿੰਨ੍ਹ ਵਾਲੀ ਗੱਲ ਹੈ ਕਿ ਉਹ ਤਿੰਨ ਦਿਨ ਕਿੱਥੇ ਰਹੇ? ਪੁਰਾਤਨ ਜਨਮ ਸਾਖੀ ਅਨੁਸਾਰ, 'ਪ੍ਰਮੇਸ਼ਰ ਕੇ ਸੇਵਕ ਗੁਰੂ ਨਾਨਕ ਜੀ ਨੂੰ ਪ੍ਰਮਾਤਮਾ ਪਾਸ ਲੈ ਗਏ ਤਾਂ ਅੰਮ੍ਰਿਤ ਰੂਪੀ ਨਾਮ ਦਾ ਕਟੋਰਾ ਭਰ ਭਰ ਆਗਿਆ ਨਾਲ ਮਿਲਿਆ, ਬਚਨ ਕੀਤਾ, ਨਾਨਕ ਮੈਂ ਤੇਰੇ ਕੋਲ ਹਾਂ। ਮੈ ਤੇਰੇ ਤਾਈਂ ਨਿਹਾਲ ਕੀਆ ਹੈ, ਤੂੰ ਜਾਇ ਕਰ ਮੇਰਾ ਨਾਮ ਜਪ ਅਰੁ ਲੋਕਾਂ ਤਾਈਂ ਭੀ ਜਪਾਇ। ਸੰਸਾਰ ਥੀਂ ਨਿਰਲੇਪ ਰਹੁ। ਨਾਮ, ਦਾਨ, ਇਸ਼ਨਾਨ, ਸੇਵਾ, ਸਿਮਰਨ ਵਿੱਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ, ਤੂੰ ਏਹਾ ਕਿਰਤ ਕਰ"। ਗੁਰੂ ਨਾਨਕ ਮੱਥਾ ਟੇਕਿਆ ਅਤੇ ਉਚਾਰਿਆ, 'ਭੀ ਤੇਰੀ ਕੀਮਤ ਨ ਪਵੈ ਹਉ ਕੇਵਡ ਆਖਾ ਨਾਉ"। ਗੁਰੂ ਅਰਜਨ ਸਾਹਿਬ ਜੀ ਦੇ ਵਡਹੰਸ ਰਾਗ ਅੰਦਰ ਬੋਲ ਹਨ:

SIKHBOOKCLUB.COM

*ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੂੰਚਾ॥ ਕਹੁ ਨਾਨਕ ਪ੍ਰਭ ਮੇਰਾ ਊਚਾ॥ (562)*

ਭਾਈ ਗੁਰਦਾਸ ਜੀ ਨੇ ਉਪਰੋਕਤ ਘਟਨਾ ਬਾਰੇ ਇੰਞ ਕਲਮਬੰਦ ਕੀਤਾ ਹੈ:

*ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ।*
*ਬਾਬਾ ਪੈਧਾ ਸਚ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ। (ਵਾਰ 1, ਪਉੜੀ 24)*

ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਆਖਿਆ, "ਭਾਈ ਮਰਦਾਨੇ! ਕਰਤਾਰ ਨੇ ਸਾਨੂੰ ਹੁਕਮ ਦਿੱਤਾ ਹੈ ਕਿ ਮੈਂ ਤੈਨੂੰ ਪਰਮੇਸ਼ਰ ਬਣਾ ਕੇ ਭੇਜਿਆ ਹੈ। ਜਾਹ, ਲੋਕਾਈ ਨੂੰ ਉੱਚਾ ਸੁੱਚਾ ਜੀਵਨ ਬਨਾਉਣ ਦੇ ਗੁਰ ਸਮਝਾ। ਮੈਂ ਤੇਰੇ ਸਦਾ ਅੰਗ ਸੰਗ ਰਹਾਂਗਾ ਅਤੇ ਤੇਰਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕੇਗਾ। ਮਰਦਾਨੇ ਅਸਾਂ ਤੈਨੂੰ ਗੁਰਮਤਿ ਸੰਗੀਤ ਅਤੇ ਰਬਾਬ ਵਜਾਉਣ ਦੀਆਂ ਬਾਰੀਕੀਆਂ ਬਾਰੇ ਸਮਝਾ ਦਿੱਤਾ ਹੈ ਅਤੇ ਨਾਲ ਹੀ ਗੁਰ ਸ਼ਬਦਾਂ ਦੀ ਦਾਤ ਵੀ ਬਖਸ਼ ਦਿੱਤੀ ਹੈ। ਪਰਜਾ ਨੂੰ ਸਿੱਧੇ ਰਸਤੇ 'ਤੇ ਤੋਰਨ ਲਈ, ਆਪਣੇ ਆਪ ਨੂੰ ਵੱਡੇ ਧਰਮੀ ਅਖਵਾਉਣ ਵਾਲਿਆਂ ਸ਼ੈਤਾਨ ਲੋਕਾਂ ਦੇ ਪਾਖੰਡ ਤੋਂ ਬਚਣ ਲਈ, ਕਸਾਈ ਰਾਜਿਆਂ ਅਤੇ ਉਨ੍ਹਾਂ

ਦੇ ਲੋਭੀ ਦਰਬਾਰੀਆਂ ਦੇ ਜ਼ੁਲਮਾਂ, ਬੇਇਨਸਾਫੀਆਂ ਅਤੇ ਵਧੀਕੀਆਂ ਦੇ ਸ਼ਿਕਾਰ ਤੋਂ ਛੁਟਕਾਰਾ ਪਾਉਣ ਲਈ ਦੂਰ-ਦੁਰਡੇ ਆਪਾਂ ਨੂੰ ਜਾਣਾ ਪੈਣਾ ਹੈ।" ਤਾਂ ਮਰਦਾਨੇ ਆਖਿਆ, "ਅਜੀ ਮੈਨੂੰ ਤਾਂ ਅਬਾ ਮਹਿਤਾ ਕਾਲੂ ਅਤੇ ਅੰਮਾ ਤ੍ਰਿਪਤਾ ਜੀ ਨੇ ਤੇਰੀ ਖ਼ਬਰ ਲੈਣ ਭੇਜਿਆ ਹੈ, ਉਹ ਉਡੀਕਦੇ ਹੋ ਸਨ ਅਤੇ ਤੂੰ ਆਖਦਾ ਹੈ ਮੇਰੇ ਨਾਲ ਚੱਲ। ਮੈਂ ਕੀ ਕਰਾਂ"?

ਜਨਮ ਸਾਖੀ ਭਾਈ ਬਾਲਾ ਦੇ ਪੰਨਾ 91-92 'ਤੇ ਇੰਵ ਦਰਜ਼ ਹੈ:

ਗੁਰੂ ਬਾਬੇ ਨੇ ਕਿਹਾ, ਸੁਣ ਮਰਦਾਨਿਆਂ, ਅਸਾਂ ਤੈਨੂੰ ਤਾਰ ਗੁਣ ਦਿੱਤਾ ਸੀ। ਸੋ ਅੱਜ ਦਿਨ ਵਾਸਤੇ ਅਸੀਂ ਤੈਨੂੰ ਉਡੀਕਦੇ ਆਹੇ। ਆਉ ਭਲਾ ਕੀਤੋ"। ਗੁਰੂ ਜੀ ਨੇ ਉਸ ਨੂੰ ਸਪਸ਼ਟ ਕੀਤਾ "ਮਰਦਾਨਿਆਂ ਸਾਡੇ ਨਾਲ ਭੁਖ-ਨੰਗ ਹਈ ਅਤੇ ਜੇ ਸੁਖ ਦਾ ਮੋਹ ਤਾਂ ਜਾਹਿ ਤਲਵੰਡੀ"। ....ਮਰਦਾਨੇ ਨੇ ਤਲਵੰਡੀ ਦਾ ਮੋਹ ਤਿਆਗ ਦਿੱਤਾ, ਕਹਿਣ ਲੱਗਾ, "ਜੀ ਮੈਨੂੰ ਜਾਣਾ ਹੁਣ ਅਉਖਾ ਹੋਇਆ। ਹੁਣ ਮੈਂ ਕਿਥੇ ਜਾਵਾਂ। ਮੈਨੂੰ ਤਾਂ ਤੁਸਾਂ ਜਿਹਾ ਸੰਸਾਰ 'ਤੇ ਨਜ਼ਰ ਨਹੀਂ ਆਂਵਦਾ।"

ਮਰਦਾਨੇ ਦੇ ਦਿਲ ਅੰਦਰ ਗੁਰੂ ਨਾਨਕ ਦੇਵ ਜੀ ਪ੍ਰਤੀ ਅਤਿਅੰਤ ਸ਼ਰਧਾ ਸੀ। ਸ਼ਰਧਾ ਅਜੀਬੋ-ਗਰੀਬ ਖੇਡ੍ਹ ਹੈ। ਇਸ ਖੇਡ੍ਹ ਕਾਰਨ ਜਗਿਆਸੂ ਸੰਸਾਰੀ ਮੋਹ ਤੋਂ ਉੱਚਾ ਉੱਠ ਆਪਣੇ ਇਸ਼ਟ ਲਈ ਸਿਰ ਦੇਣ ਲਈ ਵੀ ਤਿਆਰ ਹੋ ਜਾਂਦਾ ਹੈ। ਸ਼ਰਧਾ ਕਾਰਨ ਹੀ ਦੂਰ-ਦ੍ਰਿਸ਼ਟੀ ਅਤੇ ਕਲਿਆਣਕਾਰੀ ਨਜ਼ਰ ਨੇ ਭੁੱਖ-ਨੰਗ, ਔਕੜਾਂ ਅਤੇ ਪਰਵਾਰਕ ਮੋਹ ਤੋਂ ਬੇਪ੍ਰਵਾਹ ਹੋ ਕੇ ਗੁਰੂ ਜੀ ਨਾਲ ਜਾਣ ਦਾ ਰਸਤਾ ਅਖਤਿਆਰ ਕਰ ਲਿਆ ਅਤੇ ਬਾਬੇ ਦੇ ਬਚਨਾਂ ਨੂੰ ਪ੍ਰਵਾਨ ਕੀਤਾ। ਗੁਰੂ ਬਾਬੇ ਨੇ ਕਿਹਾ, "ਭਾਈ ਮਰਦਾਨੇ! ਆਪਣਾ ਸਫ਼ਰ ਬਹੁਤ ਲੰਮਾ ਅਤੇ ਸਾਲਾਂ ਬੱਧੀ ਹੋਵੇਗਾ। ਤੈਨੂੰ ਭੁੱਖ-ਦੁੱਖ ਸਹਿਣਾ ਪੈਣਾ, ਜੰਗਲਾਂ, ਬੇਲਿਆਂ ਪਹਾੜਾਂ, ਬੀਆਬਾਨਾਂ ਵਿੱਚ ਸਾਡੇ ਨਾਲ ਚੱਲਣਾ ਅਤੇ ਰਹਿਣਾ ਪੈਣਾ, ਕਈ ਥਾਵਾਂ ਤੇ ਕੁਦਰਤ ਦੀ ਕਰੋਪੀ ਅਤੇ ਲੋਕਾਈ ਦਾ ਵਿਰੋਧ ਵੀ ਝੱਲਣਾ ਪੈਣਾ ਹੈ। ਹੁਣ ਮਨ ਵਿੱਚ ਵਿਚਾਰ ਕਰ, ਘਰ ਵਾਲਿਆਂ ਨਾਲ ਸਲਾਹ ਕਰ ਕੇ ਸਾਨੂੰ ਅੰਤਮ ਫੈਸਲਾ ਦੱਸ ਦੇ। ਫਿਰ ਪਿੱਛੇ ਨੀ ਮੁੜਿਆ ਜਾਣਾ। ਇਸ ਸੰਬੰਧੀ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿੱਚ ਅੰਕਿਤ ਕੀਤਾ ਹੈ।

*ਛੁਧਾ ਨਗਨਤਾ ਜਾਨੀਏ ਪੁਨ ਰਹਿਨੋ ਉਦਿਆਨ।*
*ਸੰਗ ਰਹਨ ਮਮ ਤੌ ਬਨੈ ਕਰਿਯੋ ਉਰਿ ਪਰਵਾਨ।*

ਉਤੱਰ ਵਿੱਚ ਮਰਦਾਨੇ ਦਾ ਜਵਾਬ ਇਹ ਸੀ :

*ਪ੍ਰਭੂ ਜੀ! ਤ੍ਰਿਸ਼ਨਾ ਮਨ ਤੇ ਮੁਕੀ। ਆਨ ਜਾਨ ਕੀ ਆਸਾ ਚੁਕੀ।*
*ਤੁਮ ਸਮਾਨ ਕੋ ਨਦਰ ਨ ਆਵੈ। ਦਿਨਕਰ ਪਿਖ ਖਦਯੋਤ ਨ ਭਾਵੈ।*
*ਰਹੋ ਸੰਗਿ ਮੈਂ ਮਨ ਮਹਿਂ ਠਾਨੀ। (ਸ੍ਰੀ ਗੁਰੂ ਨਾਨਕ ਪ੍ਰਕਾਸ਼)*

ਭਾਵ ਬਾਬਾ ਮੇਰੇ ਮਨ ਦੀਆਂ ਸਾਰੀਆਂ ਤ੍ਰਿਸ਼ਨਾਵਾਂ ਤੁਹਾਡੇ ਨਾਲ ਜੁੜ ਕੇ ਖ਼ਤਮ ਹੋ ਗਈਆਂ ਹਨ। ਮੈਨੂੰ ਹੁਣ ਜੀਵਨ ਦੀ ਕੋਈ ਵੀ ਤਾਂਘ ਨਹੀਂ ਹੈ। ਮੈਂ ਤਾਂ ਤੁਹਾਡੀ ਬਾਂਹ ਪਕੜੀ ਹੈ ਕਿਉਂਕਿ ਤੁਹਾਡੇ ਜੈਸਾ ਨੂਰਾਨੀ ਮਹਾਂਪੁਰਖ ਮੈਨੂੰ ਹੋਰ ਕੋਈ ਨਹੀਂ ਦਿਸਦਾ। ਹੁਣ ਤਾਂ ਮੈਂ ਤੁਹਾਡਾ ਸੰਗੀ (ਸਿੱਖ) ਹਾਂ ਤੇ ਤੁਹਾਡੇ ਨਾਲ ਹੀ ਰਹਿਣਾ ਹੈ।

ਗੁਰੂ ਬਾਬੇ ਨੇ ਭੈਣ ਨਾਨਕੀ ਨੂੰ ਵੀ ਦਰਸਾ ਦਿੱਤਾ, ਭੈਣੇ। ਮੈਨੂੰ ਰੱਬੀ ਹੁਕਮ ਹੋਇਆ ਹੈ-ਜਗਤ ਜਲੰਦੇ ਨੂੰ ਤਾਰਨ ਦਾ। ਹੁਣ ਤੂੰ ਆਸੀਸ ਦੇ ਮੈਂ ਆਪਣੇ ਮਿਸ਼ਨ ਸਿੱਖੀ ਨੂੰ ਪ੍ਰਚਾਰਨ ਅਤੇ ਪਸਾਰਨ ਵਿੱਚ ਸਫ਼ਲ ਹੋ ਜਾਵਾਂ ਅਤੇ ਪਰਜਾ ਨੂੰ ਕਰਤਾਰ ਦਾ ਨਾਮ ਜਪਾਵਾਂ। ਭੈਣ ਨਨਕੀ ਨੂੰ ਗਿਆਨ ਸੀ ਕਿ ਮੇਰਾ ਭਰਾ ਅਰਸ਼ੀ ਜੋਤ ਹੈ ਅਤੇ ਇਕ ਖਸਮ (ਪ੍ਰਭੂ) ਦੇ ਹੁਕਮ ਨੂੰ ਹੀ ਮੰਨਦਾ ਹੈ। ਇੰਵ ਭੈਣ ਨਾਨਕੀ ਅਤੇ ਉਸ ਦੇ ਪ੍ਰਵਾਰ ਦੀਆਂ ਆਸੀਸਾਂ ਲੈ ਕੇ, ਅਕਾਲ ਪੁਰਖ ਦੇ ਚਰਨਾ 'ਚ ਚਾਲੇ ਦੀ ਸਫ਼ਲਤਾ ਲਈ ਜੋਦੜੀ ਕਰ ਕੇ ਭਾਈ ਮਰਦਾਨੇ ਅਤੇ ਬਾਲੇ ਨੂੰ ਨਾਲ ਲੈ ਸੁਲਤਾਨਪੁਰ ਤੋਂ ਚਾਲੇ ਪਾਏ। ਬਿਆਸ ਦਰਿਆ ਪਾਰ ਕਰ ਕੇ ਟੁਰਦੇ ਟੁਰਦੇ; ਲਾਹੌਰ ਲੰਘ ਕੇ ਸੈਦਪੁਰ ਸੰਡਿਆਲੀ (ਏਮਨਾਬਾਦ) ਭਾਈ ਲਾਲੋ ਤਰਖਾਣ ਦੇ ਘਰ ਪਹੁੰਚ ਗਏ। ਆਪ ਤਾਂ ਗੁਰੂ ਜੀ ਲਾਲੋ ਪਾਸ ਹੀ ਟਿਕੇ ਰਹੇ ਪਰ ਭਾਈ ਮਰਦਾਨੇ ਨੂੰ ਕੁਝ ਦਿਨਾਂ ਲਈ ਤਲਵੰਡੀ ਭੇਜ ਦਿੱਤਾ। ਮਰਦਾਨੇ ਨੇ ਤਲਵੰਡੀ ਪਹੁੰਚ ਕੇ ਅਰਸ਼ੀ ਪ੍ਰੀਤਮ ਦੇ ਪ੍ਰਚਾਰ ਫੇਰੀ ਪ੍ਰਤੀ ਮਾਤਾ ਤ੍ਰਿਪਤਾ ਅਤੇ ਪਿਤਾ ਕਾਲੂ ਨੂੰ ਦੱਸ ਦਿੱਤਾ। ਉਹ ਵੀ ਜਾਣ ਗਏ ਸਨ ਕਿ ਸਾਡਾ ਬੇਟਾ ਵਾਕਿਆ ਹੀ ਮਹਾਨ ਰੂਹ ਹੈ। ਉਧੱਰ ਮਰਦਾਨੇ ਦੀ ਮਾਤਾ ਨੇ ਵੀ ਮਰਦਾਨੇ ਨੂੰ ਕਿਹਾ, "ਮਰਦਾਨੇ ਤੂੰ ਤਾਂ ਪੀਰ ਨਾਨਕ ਦੇ ਆਸਰੇ ਜਿਉਂਦਾ ਹੈਂ। ਉਹ ਜੋ ਕੁਝ ਤੈਨੂੰ ਕਹਿੰਦਾ ਹੈ ਖ਼ੁਸ਼ੀ ਖ਼ੁਸ਼ੀ ਉਸ ਦੇ ਹੁਕਮ ਦੀ ਪਾਲਣਾ ਕਰੀਂ"। ਕੁਝ ਦਿਨ ਠਹਿਰ ਕੇ ਮਰਦਾਨਾ ਸੈਦਪੁਰ ਪਹੁੰਚ ਗਿਆ। ਗੁਰੂ ਜੀ ਨੂੰ ਤਲਵੰਡੀ ਨਗਰ ਦਾ ਹਾਲ ਚਾਲ ਸੁਣਾ ਕੇ ਆਖਿਆ ਕਿ ਰਾਏ ਬੁਲਾਰ ਜੀ ਨੇ ਸੁਨੇਹਾ ਭੇਜਿਆ ਹੈ। ਉਹ ਇਹ ਹੈ ਕਿ ਜਗਤ ਪੀਰ ਮੈਨੂੰ ਦਰਸ਼ਨ ਦੇ ਕੇ ਪਰਦੇਸਾਂ ਨੂੰ ਜਾਣ। ਗੁਰੂ ਨਾਨਕ ਦੇਵ ਜੀ ਸੈਦਪੁਰ ਤੋਂ ਤੁਰ ਕੇ ਤਲਵੰਡੀ ਆ ਪਹੁੰਚੇ। ਇੱਥੇ ਮਾਤਾ, ਪਿਤਾ ਅਤੇ ਰਾਏ ਬੁਲਾਰ ਨੂੰ ਮਿਲੇ। ਮਾਤਾ ਪਿਤਾ ਨੇ ਕਿਹਾ, "ਪੁੱਤਰ ਤੂੰ ਆਪ ਹੀ ਕਹਿੰਦਾ ਹੈਂ ਗ੍ਰਹਿਸਤ ਮਾਰਗ ਮਹਾਨ ਹੈ ਤੇ ਹੁਣ ਤੂੰ ਘਰ ਬਾਰ ਛੱਡ ਕੇ ਜਾ ਰਿਹਾ ਹੈਂ"। ਉਤੱਰ ਦਿੱਤਾ, "ਤੁਸੀਂ ਦੇਖ ਰਹੇ ਹੋਂ ਕਿ ਕਿਵੇਂ ਲੋਕਾਈ ਕਲਯੁਗ ਦੇ ਪ੍ਰਭਾਵ ਹੇਠ ਟੇਢੇ ਚਾਲੇ ਚੱਲ ਰਹੀ ਹੈ। ਪਰਮਾਤਮਾ ਨੇ ਸਾਨੂੰ ਹੁਕਮ ਕੀਤਾ ਹੈ ਕਿ ਘੂਕ ਸੁੱਤੀ ਪਈ ਲੋਕਾਈ ਨੂੰ ਉਸ ਤੱਕ ਪਹੁੰਚ ਕੇ ਜਗਾ। ਜਿਨ੍ਹਾਂ ਦੀ ਜ਼ਮੀਰ ਮਰ ਚੁੱਕੀ ਹੈ ਉਨ੍ਹਾਂ ਨੂੰ ਹਲੂਣਾ ਦੇ ਤਾਂ ਕਿ ਉਹ ਭਰਮਾਂ, ਵਹਿਮਾਂ, ਪਾਖੰਡਾਂ ਆਦਿ ਤੋਂ ਬੰਦਖਲਾਸੀ ਪਾ ਸਕਣ। ਸੋ ਮੈਂ ਤਾਂ ਦਾਤੇ ਦਾ ਹੁਕਮ ਪੁਗਾਉਣ ਚੱਲਿਆਂ ਹਾਂ"।

SIKHBOOKCLUB.COM

ਭਾਈ ਮਰਦਾਨੇ ਨੇ ਵੀ ਆਪਣੇ ਮਾਪਿਆਂ ਨੂੰ ਗੁਰੂ ਜੀ ਦੇ ਮਿਸ਼ਨ ਬਾਰੇ ਜਦੋਂ ਗਿਆਤ ਕਰਵਾਇਆ ਅਤੇ ਉਸ ਨੂੰ ਨਾਲ ਲੈ ਜਾਣ ਲਈ ਫੁਰਮਾਇਆ ਤਾਂ ਮਾਂ ਲੱਖੋ ਨੇ ਆਖਿਆ, "ਪੁੱਤਰ, ਤੈਨੂੰ ਨਾਨਕ ਨੇ ਜੀਵਨ ਬਖ਼ਸ਼ਿਆ ਹੈ। ਇਸ ਲਈ ਉਸ ਦਾ ਹੁਕਮ ਆਪਾਂ ਨਹੀਂ ਮੋੜਨਾ। ਉਹ ਜਿਵੇਂ ਆਖੇ ਤੂੰ ਉਸ ਦਾ ਕਿਹਾ ਸਿਰ ਮੱਥੇ ਮੰਨਣਾ। ਉਹ ਮਹਾਂ ਪੀਰ ਹੈ, ਲੋਕਾਈ ਦੀ ਜ਼ਮੀਰ ਜਗਾਉਣ ਵਾਲਾ ਹੈ। ਬਸ ਤੂੰ ਉਸ ਅੱਗੇ ਫ਼ਕੀਰ ਬਣ ਕੇ ਰਹੀਂ। ਉਸ ਦਾ ਮੁਰੀਦ ਬਣ ਕੇ ਸੇਵਾ ਕਰੀਂ"। ਇਸੇ ਤਰ੍ਹਾਂ ਭਾਈ ਬਾਲਾ ਸਤਿਗੁਰਾਂ ਦਾ ਪੱਕਾ ਸੰਗੀ ਸੀ। ਉਨ੍ਹਾਂ ਦੇ ਪਰਵਾਰ ਨੇ ਵੀ ਭਾਈ ਬਾਲਾ ਜੀ ਨੂੰ ਕਹਿ ਦਿੱਤਾ ਸੀ ਕਿ ਉਹ ਪਰਮ ਸੇਵਕ ਬਣ ਕੇ ਗੁਰੂ ਨਾਨਕ ਦੀ ਸੇਵਾ ਕਰੇ ਅਤੇ ਉਨ੍ਹਾਂ ਦੇ ਬਚਨਾਂ 'ਤੇ ਫੁੱਲ ਚੜ੍ਹਾਵੇ। ਉਦਾਸੀਆਂ ਆਰੰਭ ਕਰਨ ਤੋਂ ਪਹਿਲਾਂ ਗੁਰੂ ਜੀ ਰਾਏ ਬੁਲਾਰ ਨੂੰ ਮਿਲੇ ਅਤੇ ਉਸ ਦੇ ਮਨ ਦੀ ਮੁਰਾਦ ਪੂਰੀ ਕੀਤੀ। ਰਾਏ ਬੁਲਾਰ ਨੇ ਗੁਰੂ ਜੀ ਦੀ ਭਗਤੀ, ਸ਼ਕਤੀ ਅਤੇ ਵਿਅਕਤੀਗਤ ਨੂੰ ਦੇਖ 750 ਮੁਰੱਬੇ ਜ਼ਮੀਨ ਉਨ੍ਹਾਂ ਦੇ ਨਾਮ ਕਰਾ ਦਿੱਤੀ ਸੀ ਜੋ ਅੱਜ ਵੀ ਕਾਗਜ਼ਾਂ 'ਚ ਦਰਜ਼ ਹੈ। ਭਾਈ ਮਰਦਾਨਾ ਗੱਲਾਂ ਗੱਲਾਂ 'ਚ ਹੀ ਗੁਰੂ ਸਾਹਿਬ ਨੂੰ ਪੁੱਛਦਾ, "ਦਾਤਾ! ਸਾਨੂੰ ਕਿੱਧਰ ਲੈ ਕੇ ਜਾਣਾ ਹੈ"? ਤਾਂ ਉਤੱਰ ਮਿਲਦਾ "ਜਿੱਧਰ ਕਰਤਾਰ ਲੈ ਜਾਵੇਗਾ"। ਇਹ ਵੀ ਆਖਿਆ, "ਮਰਦਾਨਿਆਂ! ਸਚੁ ਸੁਣਾਇਸੀ ਸਚ ਕੀ ਬੇਲਾ, ਦਾ ਹੁਕਮ ਕਰਤਾਰ ਵੱਲੋਂ ਹੋਇਆ ਹੈ। ਇਸ ਕਾਰਜ ਲਈ ਆਪਾਂ ਨੂੰ ਲੰਬੀਆਂ ਵਾਟਾਂ ਤਹਿ ਕਰਨੀਆਂ ਪੈਣੀਆਂ ਹਨ, ਭੁੱਖੇ ਤਿਹਾਏ ਦਿਨ ਕੱਟਣੇ ਪੈਣੇ ਨੇ, ਹੰਕਾਰੀਆਂ, ਵਿਕਾਰੀਆਂ, ਦੁਸ਼ਟਾਂ, ਪਾਪੀਆਂ ਅਤੇ ਮਨੁੱਖਤਾ ਦੇ ਸ਼ਿਕਾਰੀਆਂ ਦੀ ਮਾਰ ਵੀ ਝੱਲਣੀ ਪਵੇਗੀ, ਜੰਗਲਾਂ, ਬੇਲਿਆਂ, ਪਹਾੜਾਂ ਆਦਿ ਅੰਦਰ ਸੂਲਾਂ ਦੀ ਸੇਜ ਤੇ ਵੀ ਰਾਤਾਂ ਕੱਟਣੀਆਂ ਪੈਣੀਆਂ, ਨਾਲਿਆਂ, ਨਦੀਆਂ, ਦਰਿਆਵਾਂ ਤੇ ਸਮੁੰਦਰਾਂ ਨੂੰ ਵੀ ਪਾਰ ਕਰਨਾ ਪੈਣਾ ਹੈ, ਘਬਰਾਈਂ ਨਾ ਹਰ ਥਾਂ 'ਤੇ ਰੱਬ ਰਾਖਾ ਹੋਵੇਗਾ"। ਇਸ ਸੰਬੰਧੀ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿੱਚ ਰਾਜ ਕਵੀ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

*ਛੁਧਾ ਨਗਨਤਾ ਜਾਨੀਏ ਪੁਨ ਰਹਿਨੋ ਉਦਿਆਨ।*
*ਸੰਗ ਰਹਨ ਮਮ ਤੌਂ ਬਨੈ ਕਰਿਯੋ ਉਰਿ ਪਰਵਾਨ।*

ਮਰਦਾਨੇ ਨੇ ਉਤੱਰ ਵਿੱਚ ਜੋ ਆਖਿਆ :

*ਪ੍ਰਭੂ ਜੀ! ਤ੍ਰਿਸ਼ਨਾ ਮਨ ਤੇ ਮੁਕੀ। ਆਨ ਜਾਨ ਕੀ ਆਸਾ ਚੂਕੀ।*
*ਤੁਮ ਸਮਾਨ ਕੋ ਨਦਰ ਨਾ ਆਵੈ। ਦਿਨਕਰ ਪਿਖ ਖਦਯੋਤ ਨ ਭਾਵੈ।*
*ਰਹੋ ਸੰਗ ਮੈਂ ਮਨ ਮਹਿੰ ਠਾਨੀ। (ਸ੍ਰੀ ਗੁਰੂ ਨਾਨਕ ਪ੍ਰਕਾਸ਼)*

ਭਾਵ ਗੁਰੂ ਸਾਹਿਬ ਨੇ ਯਾਤਰਾ 'ਤੇ ਜਾਣ ਤੋਂ ਪਹਿਲਾਂ ਮਰਦਾਨੇ ਨੂੰ ਠੋਕ-ਵਜਾ ਕੇ ਪਰਖਿਆ। ਭਾਵੇਂ ਗੁਰੂ ਜੀ ਅੰਤਰਜਾਮੀ ਸਨ ਪਰ ਫੇਰ ਵੀ ਪਤਾ ਨਹੀਂ

ਹੁੰਦਾ ਬੰਦੇ ਦਾ ਮਨ ਕਦੋਂ ਬਦਲ ਜਾਵੇ। ਮਰਦਾਨੇ ਦੇ ਕਹਿਣ 'ਤੇ ਕਿ ਤੁਹਾਡੇ ਨਾਲ ਵਿਚਰ ਕੇ ਮੇਰੀ ਮਨ ਦੀ ਤ੍ਰਿਸ਼ਨਾ ਖ਼ਤਮ ਹੋ ਗਈ ਹੈ, ਆਉਣ ਜਾਣ ਦੀ ਇੱਛਾ ਵੀ ਕੋਈ ਨਹੀਂ ਰਹੀ। ਤੁਹਾਡੇ ਬਰਾਬਰ ਮੈਨੂੰ ਇਸ ਸੰਸਾਰ 'ਤੇ ਕੋਈ ਹੋਰ ਦਿਖਾਈ ਨਹੀਂ ਦਿੰਦਾ। ਮੈਂ ਹਮੇਸ਼ਾ ਤੁਹਾਡੇ ਅੰਗ-ਸੰਗ ਹੀ ਰਹਾਂਗਾ। ਇਹ ਸ਼ਬਦ ਸੁਣ ਸੰਨ 1499 ਵਿੱਚ 30 ਸਾਲ ਦੀ ਉਮਰੇ ਉਦਾਸੀਆਂ ਦੀ ਆਰੰਭਤਾ ਲਈ ਗੁਰੂ ਜੀ ਨੇ ਐਲਾਨ ਕਰ ਦਿੱਤਾ। ਭਾਈ ਵੀਰ ਸਿੰਘ ਜੀ ਅਨੁਸਾਰ ਸਤਿਗੁਰਾਂ ਨੇ ਮਰਦਾਨੇ ਨੂੰ ਨਵੀਂ ਅਤੇ ਵਿਸ਼ੇਸ਼ ਗੁਣਾਂ ਵਾਲੀ ਰਬਾਬ ਲਿਆਉਣ ਲਈ ਭਾਈ ਫਰਿੰਦੇ ਪਾਸ ਭੇਜਿਆ। ਪ੍ਰਿੰਸੀਪਲ ਸਤਿਬੀਰ ਸਿੰਘ ਦੀ ਖੋਜ ਮੁਤਾਬਕ ਪਹਿਲੀ ਉਦਾਸੀ ਵੈਸਾਖੀ ਵਾਲੇ ਦਿਨ ਸ਼ੁਰੂ ਹੋਈ ਸੀ।

ਗਿਆਨੀ ਸਿੰਘ ਗਿਆਨੀ, ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ ਦੇ ਪੰਨਾ 41 'ਤੇ ਉਦਾਸੀਆਂ ਦੇ ਮਾਰਗ ਦਰਸ਼ਨ ਬਾਰੇ ਇੰਝ ਲਿਖਦੇ ਹਨ:

*ਤਲਵੰਡੀ ਹੈ ਪੁਨ ਮਰਦਾਨਾ। ਆਯੋ ਗੁਰੂ ਢਿਗ ਰਹਿਉ ਮਹਾਨਾ।*
*ਤਾਹਿ ਰਬਾਬ ਗੁਰਹਿ ਦਿਲਵਾਯੋ। ਤਾਰ ਸਬਦ ਕਰਤਾਰ ਅਲਾਯੋ।*
*ਦੇਸ ਬਦੇਸਨ ਕਾ ਗੁਰ ਸੈਲ। ਕਰਨ ਹੇਤ ਸੋ ਲੀਨੋ ਗੈਲ।*

ਪਿਤਾ ਮਹਿਤਾ ਕਾਲੂ, ਮਾਤਾ ਤ੍ਰਿਪਤਾ, ਸੁਪਤਨੀ ਸੁਲੱਖਣੀ ਨੇ ਵੱਡਾ ਹਿਰਦਾ ਕਰ ਕੇ ਪਿੰਡ ਵਾਸੀਆਂ ਦੇ ਇਕੱਠ ਸਮੇਤ ਬਾਬੇ ਨਾਨਕ ਨੂੰ ਉਦਾਸੀਆਂ ਦੀ ਯਾਤਰਾ ਲਈ ਤੋਰਿਆ। ਤੁਰਨ ਤੋਂ ਪਹਿਲਾਂ ਗੁਰੂ ਜੀ ਨੇ ਸਫਲਤਾ ਅਤੇ ਚੜ੍ਹਦੀ ਕਲਾ ਲਈ ਪਰਮਾਤਮਾ ਦੇ ਚਰਨਾਂ 'ਚ ਜੋਦੜੀ ਕੀਤੀ। ਉਪਰੰਤ ਮਾਪਿਆਂ ਦੇ ਪੈਰੀਂ ਪੈ ਕੇ ਅਤੇ ਜੁੜੀ ਸੰਗਤ ਨੂੰ ਨਮਸਕਾਰ ਕਰ ਕੇ ਭੈਣ ਨਾਨਕੀ ਦੇ ਨਗਰ ਸੁਲਤਾਨਪੁਰ ਨੂੰ ਚਾਲੇ ਪਾ ਦਿੱਤੇ। ਇੱਥੇ ਪਹੁੰਚ ਕੇ ਭੈਣ ਦਾ ਪਿਆਰ ਲਿਆ। ਇੱਕ ਦਿਨ ਸੰਗਤ ਦੇ ਇਕੱਠ ਵਿੱਚ ਆਵਾਜ਼ਾ ਦਿੱਤਾ, 'ਨਾ ਕੋਈ ਹਿੰਦੂ ਨਾ ਮੁਸਲਮਾਨ'। ਇਸ ਆਵਾਜ਼ੇ ਨਾਲ ਨਗਰ 'ਚ ਰੌਲਾ ਪੈ ਗਿਆ। ਗੱਲ ਨਵਾਬ ਤੱਕ ਪਹੁੰਚ ਗਈ। ਨਵਾਬ ਨੇ ਬੁਲਾ ਘੱਲਿਆ ਪਰ ਗੁਰੂ ਜੀ ਨਾ ਗਏ। ਜਦੋਂ ਦੁਬਾਰੇ ਸੱਦਾ ਭੇਜਿਆ ਕਿ ਅੱਲਾ ਵਾਸਤੇ ਦਰਸ਼ਨ ਦਿਉ। ਲੋਕਾਈ ਆਪਣੇ ਆਵਾਜ਼ੇ ਨੂੰ ਲੈ ਕੇ ਬਹੁਤ ਗੁੱਸੇ ਵਿੱਚ ਹੈ। ਤਦ ਗੁਰੂ ਜੀ ਮਰਦਾਨੇ ਨੂੰ ਸਾਥ ਲੈ ਕੇ ਨਵਾਬ ਕੋਲ ਪਹੁੰਚ ਗਏ। ਨਵਾਬ ਨੇ ਪੁੱਛਿਆ, "ਨਾਨਕ ਤੂੰ ਕੀ ਹੈਂ -ਹਿੰਦੂ ਹਸਤੀ ਕਿ ਮੁਸਲਮਾਨ"? ਗੁਰੂ ਨਾਨਕ ਨੇ ਫ਼ੁਰਮਾਇਆ, 'ਹਰ ਦੋ ਨੇਸਤਮ ਬੰਦੇਹ ਖ਼ੁਦਾ ਹਸਤੰਦ ਕਿ ਹਮਹ ਮਜ਼ਹਬ ਅਜ਼ ਮਨ ਹਸਤੰਦ'। ਭਾਵ ਮੈਂ ਦੋਹਾਂ ਵਿੱਚੋਂ ਕੋਈ ਨਹੀਂ, ਖ਼ੁਦਾ ਦਾ ਬੰਦਾ ਹਾਂ ਤੇ ਸਾਰੇ ਧਰਮ ਖ਼ੁਦਾ ਦੇ ਹਨ (ਸਿੱਖਾਂ ਦੀ ਭਗਤ ਮਾਲਾ ਵਿੱਚ ਇਹ ਸ਼ਬਦ ਦਰਜ ਹੈ)। ਸਿਰੀ ਰਾਗੁ ਮਹਲਾ 1 ਦਾ ਸ਼ਬਦ ਹੈ:

*ਏਕੁ ਗੁਸਾਈ ਅਲਹੁ ਮੇਰਾ ਹਿੰਦੂ ਤੁਰਕ ਦੋਹਾਂ ਨੇਬੇਰਾ॥*

ਨਵਾਬ ਨੇ ਧਰਮੀ ਕਹਾਉਣ ਵਾਲੇ ਬੰਦੇ ਨੂੰ ਅੱਗੇ ਕਰ ਦਿੱਤਾ ਕਿ ਤੂੰ ਪੁੱਛ ਅਸੀਂ ਮੁਸਲਮਾਨ ਕਿਉਂ ਨਹੀਂ? ਜਦ ਕਾਜੀ ਨੇ ਇਹ ਸੁਆਲ ਕੀਤਾ ਤਾਂ ਗੁਰੂ ਸਾਹਿਬ ਨੇ ਕਿਹਾ, 'ਕਾਜੀ! ਤੁਹਾਡੇ ਅਮਲ ਸਹੀ ਨਹੀਂ ਅਤੇ ਨਾ ਹੀ ਤੁਸੀਂ ਮਨ ਕਰ ਕੇ ਖੁਦਾ ਨੂੰ ਸਿਮਰਦੇ ਹੋਂ'। ਕਾਜੀ ਨੇ ਪੁੱਛਿਆ, 'ਤੁਹਾਨੂੰ ਇਸ ਗੱਲ ਦਾ ਕਿਵੇਂ ਪਤਾ ਹੈ'? ਇਹ ਗੱਲ ਸਿੱਧ ਕਰਨ ਲਈ ਨਮਾਜ਼ ਪੜ੍ਹਨ ਸਮੇਂ ਜੱਗ ਜ਼ਾਹਰ ਕਰ ਦਿੱਤੀ। ਉਨ੍ਹਾਂ ਆਖਿਆ, "ਕਾਜੀ! ਤੇਰੀ ਨਮਾਜ ਪੜ੍ਹੀ ਵਿਅਰਥ ਹੈ ਕਿਉਂਕਿ ਤੇਰਾ ਧਿਆਨ ਘੋੜੀ ਦੇ ਵਛੇਰੇ ਵੱਲ ਸੀ ਕਿ ਉਹ ਕਿਤੇ ਖੂਹ ਵਿੱਚ ਨਾ ਡਿੱਗ ਪਵੇ। ਨਵਾਬ ਸਾਹਿਬ ਤਾਂ ਉਸ ਸਮੇਂ ਕਾਬਲ ਵਿੱਚ ਘੋੜੇ ਵੇਚ ਰਿਹਾ ਸੀ"। ਗੁਰੂ ਜੀ ਦੇ ਇਹ ਬਚਨ ਸੁਣ ਕੇ ਨਵਾਬ ਅਤੇ ਕਾਜੀ ਪੈਰੀਂ ਪੈ ਗਏ।" ਤਦ ਨਵਾਬ ਦੌਲਤ ਖਾਨ ਨੇ ਪੁੱਛਿਆ, "ਮਨ ਟਿਕਾਉਣ ਦੀ ਵਿਧੀ ਕੀ ਹੈ? ਨਵਾਬ ਜੀ, ਨਮਾਜ਼ ਪੜ੍ਹਨ ਸਮੇਂ ਧਿਆਨ ਇੱਕ ਖੁਦਾ ਵੱਲ ਰੱਖੋ। ਜਦੋਂ ਬਾਬੇ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਤਾਂ ਨਵਾਬ ਦੇ ਮਨ ਅੰਦਰ ਖੁਦਾ ਦੀ ਮੁਹੱਬਤ ਜਾਗ ਪਈ।

*ਸ਼ਬਦ ਸੁਨਾ ਜਬ ਖਾਨ, ਸੋਇਆ ਮਨ ਜਾਗਾ ਤਬੀ।*
*ਹੋਇ ਰਹਾ ਹੈਰਾਨਿ, ਭਈ ਮੁਹੱਬਤ ਹੱਬ ਕੀ। (ਮਹਿਮਾ ਪ੍ਰਕਾਸ਼)*

ਕਿਉਂਕਿ ਭਾਈ ਮਰਦਾਨਾ ਮੁਸਲਮਾਨ ਸੀ। ਗੁਰੂ ਬਾਬੇ ਨੇ ਮਰਦਾਨੇ ਦੇ ਕਪਾਟ ਖੋਲ੍ਹਣ ਲਈ ਇਹ ਚੋਜ ਵਰਤਾਇਆ ਅਤੇ ਹੋਰਾਂ ਮੁਸਲਮਾਨਾਂ ਨੂੰ ਵੀ ਮਜਹਬਾਂ ਦੇ ਭੇਦ ਭੁਲਾਉਣ ਲਈ ਬੜੇ ਸਾਦੇ, ਸੁਚੱਜੇ ਅਤੇ ਨਿਰਾਲੇ ਢੰਗ ਨਾਲ ਸਮਝਾਇਆ। ਮਰਦਾਨੇ ਨੂੰ ਆਖਿਆ, "ਭਾਈ ਮਰਦਾਨੇ! ਚੱਕ ਰਬਾਬ ਰੱਬੀ ਬਾਣੀ ਆਈ ਹੈ:

*ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣ ਕਹਾਵੈ॥*
*ਅਵਲਿ ਅਉਲਿ ਦੀਨੁ ਕਰਿ ਮਿਠਾ, ਮਸਕਲ ਮਾਨਾ ਮਾਲ ਮੁਸਾਵੈ॥*
*ਹੋਇ ਮੁਸਲਿਮ ਦੀਨ ਮੁਹਾਣੈ, ਮਰਣ ਜੀਵਣ ਕਾ ਭਰਮ ਚੁਕਾਵੈ॥*
*ਰਬ ਕੀ ਰਜਾਇ ਮੰਨੇ ਸਿਰ ਉਪਰਿ, ਕਰਤਾ ਮੰਨੇ ਆਪ ਗਵਾਵੈ॥*
*ਤਉ ਨਾਨਕ ਸਰਬ ਜੀਆ, ਮਿਹਰੰਮਤਿ ਹੋਇ ਤ ਮੁਸਲਮਾਨ ਕਹਾਵੈ॥*

ਭੈਣ ਨਾਨਕੀ ਨੇ ਘਰ-ਬਾਰ ਅਤੇ ਪਰਵਾਰ ਛੱਡ ਕੇ ਉਦਾਸੀਆਂ 'ਤੇ ਜਾਣ ਤੋਂ ਰੋਕਣ ਲਈ ਭਰਾ ਨਾਨਕ ਅੱਗੇ ਮਿੰਨਤਾਂ ਤਰਲੇ ਵੀ ਕੀਤੇ ਪਰ ਗੁਰੂ ਜੀ ਨੇ ਆਪਣਾ ਮਨ ਨਹੀਂ ਬਦਲਿਆ। ਉਨ੍ਹਾਂ ਇਹੀ ਕਿਹਾ ਕਿ ਸਾਨੂੰ ਰੱਬੀ ਹੁਕਮ ਆਇਆ ਹੈ ਜੋ ਮੋੜਿਆ ਨਹੀਂ ਜਾ ਸਕਦਾ। ਇਸ ਹੁਕਮ ਅੰਦਰ ਦੂਰ-ਦੁਰਾਡੇ ਜਾ ਕੇ ਪ੍ਰਭੂ ਦੇ ਬਖਸ਼ੇ ਗਿਆਨ ਰਾਹੀਂ ਉਨ੍ਹਾਂ ਮਹਾਂਰਥੀਆਂ ਜੋ ਆਪਣੇ ਆਪ ਨੂੰ ਧਰਮੀ ਅਖਵਾਉਂਦੇ ਹਨ ਉਨ੍ਹਾਂ ਨੂੰ ਕਾਲੀਆਂ ਕਰਤੂਤਾਂ, ਕੂੜ ਕ੍ਰਿਆਵਾਂ ਅਤੇ ਕਿਰਤੀਆਂ ਦੀ ਕਰ ਰਹੇ ਲੁੱਟ-ਖਸੁੱਟ ਤੋਂ ਹਟਾ ਕੇ ਸਿੱਧੇ ਰਸਤੇ ਅਤੇ ਲੋਕ ਭਲਾਈ

SIKHBOOKCLUB.COM

ਵਿੱਚ ਲਾਉਣਾ ਹੈ। ਸਿੱਖ ਪੰਥ ਜੋ ਅਸੀਂ ਚਲਾਇਆ ਹੈ ਉਸ ਦੇ ਅਸੂਲਾਂ ਨੂੰ ਦਰਸਾ ਕੇ ਪ੍ਰਾਣੀਆਂ ਨੂੰ ਸਿੱਖ ਬਣਾਉਣਾ ਹੈ ਤਾਂ ਕਿ ਉਹ ਜੀਵਨ ਜਾਚ ਸਿੱਖਣ, ਕਿਉਂਕਿ ਮਨੁੱਖਾ ਜਨਮ ਵੱਡੇ ਭਾਗਾਂ ਨਾਲ ਮਿਲਿਆ ਹੈ, ਬੜਾ ਅਮੋਲਕ ਹੈ ਅਤੇ ਇਹ ਬਾਰਬਾਰ ਨਹੀਂ ਮਿਲਦਾ। ਆਹ ਦੇਖ ਭਾਈ ਮਰਦਾਨਾ ਅਤੇ ਭਾਈ ਬਾਲਾ ਵੀ ਮੇਰੇ ਨਾਲ ਜਾ ਰਹੇ ਹਨ"। ਭਰਾ ਦੇ ਇਹ ਬਚਨ ਸੁਣ ਕੇ ਬੇਬੇ ਨਾਨਕੀ ਦੇ ਪਰਵਾਰ ਨੇ ਖੁਸ਼ੀ ਖੁਸ਼ੀ ਇਹਨਾਂ ਨੂੰ ਉਦਾਸੀਆਂ ਲਈ ਤੋਰਿਆ।

ਭਾਈ ਗੁਰਦਾਸ ਜੀ ਲਿਖਦੇ ਹਨ :

*ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।*
*ਚੜ੍ਹਿਆ ਸੋਧਣਿ ਧਰਤਿ ਲੁਕਾਈ। (ਵਾਰ 1, ਪਉੜੀ 24)*

ਕਿਉਂਕਿ ਭਾਈ ਮਰਦਾਨਾ ਜੀ ਰਬਾਬੀ ਹੋਣ ਦੇ ਨਾਤੇ ਚਾਰ ਉਦਾਸੀਆਂ ਦੌਰਾਨ ਲਗ ਪਗ ਸਾਰਾ ਸਮਾਂ ਗੁਰੂ ਬਾਬੇ ਨਾਲ ਹੀ ਰਹੇ। ਜੋ ਕੁਝ ਉਦਾਸੀਆਂ ਦੌਰਾਨ ਵਾਪਰਿਆ, ਦੇਖਿਆ, ਸੁਣਿਆ ਅਤੇ ਸਿੱਧਾਂ, ਜੋਗੀਆਂ, ਨਾਥਾਂ, ਜੈਨੀਆਂ, ਬੋਧੀਆਂ, ਵਿਦਵਾਨਾਂ, ਭਗਤਾਂ, ਰਾਜੇ, ਰਾਣਿਆਂ, ਕਾਜ਼ੀਆਂ, ਮੁਲਾਣਿਆਂ, ਚੋਰਾਂ, ਠੱਗਾਂ ਆਦਿ ਨਾਲ ਜੋ ਗਿਆਨ ਗੋਸ਼ਟੀਆਂ ਹੋਈਆਂ ਸਭ ਵਿੱਚ ਮਰਦਾਨਾ ਸ਼ਾਮਲ ਸੀ। ਇਸ ਲਈ ਉਦਾਸੀਆਂ ਸਮੇਂ ਜੋ ਖਾਸ ਘਟਨਾਵਾਂ ਵਾਪਰੀਆਂ ਉਨ੍ਹਾਂ ਦਾ ਵੇਰਵਾ ਚੌਥੇ ਅਧਿਆਏ 'ਚਾਰ ਉਦਾਸੀਆਂ ਦਾ ਰਾਹੀ' ਵਿੱਚ ਦਿੱਤਾ ਗਿਆ ਹੈ। ਪਰ ਮਰਦਾਨੇ ਦੀ ਦਸ਼ਾ ਬਾਰੇ ਇਤਿਹਾਸਕਾਰਾਂ ਨੇ ਜੋ ਟਿਪਣੀਆਂ ਕੀਤੀਆਂ ਹਨ ਉਨ੍ਹਾਂ ਦੀ ਸਚਾਈ ਬਾਰੇ ਅੱਗੇ ਘੋਖਣ ਦਾ ਯਤਨ ਕੀਤਾ ਗਿਆ ਹੈ।

SIKHBOOKCLUB.COM

## ਭਾਈ ਮਰਦਾਨਾ ਦੀ ਸ਼ਖ਼ਸੀਅਤ

ਬਾਬੇ ਨਾਨਕ ਨੇ ਤਾਂ ਆਪਣੇ ਰਬਾਬੀ ਨੂੰ ਮਰਦਾਨੇ ਦਾ ਪਦ ਬਖਸ਼ਿਆ-ਅਰਥਾਤ ਸਿਆਣਾ ਮਰਦ ਆਖਿਆ। ਪਰ ਕੁਝ ਇਤਿਹਾਸਕਾਰ ਅਤੇ ਚੁੰਚ ਗਿਆਨੀ ਪ੍ਰਚਾਰਕ ਪੁਰਾਤਨ ਜਨਮ ਸਾਖੀਆਂ ਨੂੰ ਅਧਾਰ ਬਣਾ ਕੇ ਅਤੇ ਸੁਣ ਕੇ ਮਰਦਾਨੇ ਨੂੰ ਭੁੱਖਾ, ਪਿਆਸਾ, ਲਾਲਚੀ, ਡਰਪੋਕ, ਮੋਹ-ਮਮਤਾ ਵਿੱਚ ਬੱਝਾ ਹੋਇਆ ਅਤੇ ਰੱਬੀ ਗਿਆਨ ਤੋਂ ਹੀਣਾ ਦਰਸਾ ਰਹੇ ਹਨ।

ਡਾਕਟਰ ਗੁਰਚਰਨ ਸਿੰਘ, ਮੱਧਕਾਲੀਨ ਪੰਜਾਬੀ ਵਾਰਤਕ ਦੇ ਪੰਨਾ 6 'ਤੇ ਲਿਖਦੇ ਹਨ, "ਇਸ ਪਾਤਰ (ਮਰਦਾਨੇ) ਨੂੰ ਲੇਖਕਾਂ ਨੇ ਗੁਰੂ ਨਾਨਕ ਸਾਹਿਬ ਦੀ ਦਿੱਬਤਾ ਦੇ ਵਿਰੋਧ ਵਿੱਚ ਲਿਆ ਕੇ ਨਾ ਕੇਵਲ ਗੁਰੂ ਨਾਨਕ ਦੀ ਦਿੱਬਤਾ ਨੂੰ ਹੀ ਵਧੇਰੇ ਤੀਖਣਤਾ ਵਿੱਚ ਵੰਗਾਰਿਆ ਹੈ ਸਗੋਂ ਮਰਦਾਨੇ ਦੀਆਂ ਨਿੱਕੀਆਂ ਨਿੱਕੀਆਂ ਇਹ ਲੌਕਿਕ ਚਿੰਤਾਵਾਂ ਤੇ ਵਿਵਹਾਰ ਸਾਰੀ ਰਚਨਾ ਵਿੱਚ ਇੱਕ ਅਸਹਿਜ ਦਾ ਤੱਤ ਭਰ ਦਿੰਦਾ ਹੈ'।

ਗੁਰਬਾਣੀ ਦੇ ਬੋਲ ਹਨ:

*ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ ਫੁਸੀ ਕੋਈ॥*
*ਜਗਜੀਵਨੁ ਦਾਤਾ ਕਰਮਿ ਬਿਧਾਤਾ ਆਪੇ ਬਖਸੇ ਸੋਈ॥ (570)*

ਭਾਵ ਉਹ ਜੀਵਨ ਦਾਤਾ ਅਤੇ ਕਰਮ ਲਿਖਣ ਵਾਲਾ ਜਿਸ ਨੂੰ ਵਰਿਆਮਤਾ ਦਾ ਬਲ ਬਖਸ਼ ਦਿੰਦਾ ਹੈ ਉਹ ਕਦੇ ਫ਼ੋਸਲ ਅਰਥਾਤ ਕਮਜ਼ੋਰ ਦਿਲ ਨਹੀਂ ਹੋ ਸਕਦਾ।

ਭਾਈ ਨਿਰਮਲ ਸਿੰਘ 'ਖਾਲਸਾ' ਦੇ ਲਿਖਣ ਅਨੁਸਾਰ 'ਮਨਮੁਖ ਅਤੇ ਸਨਕੀ ਕਿਸਮ ਦੇ ਪ੍ਰਚਾਰਕ ਸਟੇਜ ਉੱਤੇ ਸਿੱਖ ਸੰਗਤਾਂ ਦਰਮਿਆਨ ਘਟੀਆ ਕਿਸਮ ਦੀਆਂ ਮਨਘੜਤ ਫਬਤੀਆਂ ਕਸਦੇ ਹੋਏ ਭਾਈ ਮਰਦਾਨਾ ਜੀ ਦਾ ਮਖੌਲ ਉਡਾਉਂਦੇ ਹਨ। ਇਹ ਇੱਕ ਬਹੁਤ ਹੀ ਦੁਖਾਂਤ ਅਤੇ ਪੀੜਾ ਭਰੀ ਤ੍ਰਾਸਦੀ ਹੈ। ਅਜਿਹੇ ਲੋਕ ਗੁਰੂ ਨਾਨਕ ਪਾਤਸ਼ਾਹ ਜੀ ਦੇ ਰਬਾਬੀ ਕੀਰਤਨੀਏ ਦਾ ਨਿਰਾਦਰ ਹੀ ਨਹੀਂ ਕਰਦੇ, ਬਲਕਿ ਗੁਰੂ ਮਹਾਰਾਜ ਦੀ ਕਰੋਪੀ ਵੀ ਸਹੇੜਦੇ ਹਨ। ਇਹ ਇੱਕ ਵੱਡੀ ਗੁਸਤਾਖੀ ਅਤੇ ਕਦੇ ਨਾ ਮੁਆਫ਼ ਕਰ ਸਕਣ ਵਾਲੀ ਭੁੱਲ ਹੈ।"

ਪੁਰਾਤਨ ਜਨਮ ਸਾਖੀ ਵਿੱਚ ਦਰਜ ਹੈ ਕਿ ਉਦਾਸੀਆਂ ਦੌਰਾਨ 'ਕਲਜੁਗ ਗੁਰੂ ਬਾਬੇ ਨੂੰ ਮਨੁੱਖੀ ਰੂਪ ਵਿੱਚ ਮਿਲਣ ਆਇਆ, ਪਰ ਉਸ ਤੋਂ ਪਹਿਲਾਂ ਉਸ ਨੇ ਕਈ ਭਿਆਨਕ ਰੂਪ ਧਾਰਨ ਕੀਤੇ। ਇਹ ਪ੍ਰਕਰਣ ਇੰਵ ਹੈ:

SIKHBOOKCLUB.COM

'ਤਬ ਬਾਬਾ ਦੇਖੇ ਤਾਂ ਅੰਧੇਰੀ ਬਹੁਤ ਆਈ, ਦਰਖ਼ਤ ਲਗੇ ਉਡਣਿ। ਤਬ ਮਰਦਾਨਾ ਬਹੁਤ ਭੈ-ਮਾਨ ਹੋਇਆ, ਆਖਿਓ, ਸੁ, 'ਜੀਓ ਪਾਤਸ਼ਾਹ, ਆਣਿ ਉਜਾੜ ਵਿੱਚ ਪਾਇ ਮਾਰਿਓ, ਗੋਰ ਖਫਣਹੁ ਭੀ ਗਏ।' ਤਬ ਗੁਰੂ ਕਹਿਆ, ਮਰਦਾਨਿਆ ਕਾਹਲੁ ਹੋਹੇ ਨਾਹੀਂ....'।

ਡਾਕਟਰ ਬਲਬੀਰ ਸਿੰਘ ਲਿਖਦੇ ਹਨ ਕਿ ਮਰਦਾਨੇ ਦਾ ਕਲਯੁੱਗ ਤੋਂ ਡਰਨਾ ਇੱਕ ਵਿਕਾਰਜਨਕ ਘਟਨਾ ਹੈ। ਮਰਦਾਨਾ ਕੀ ਆਖ ਤੇ ਡਰਨਾ ਕੀ ਆਖ, ਪਰ ਉਸ ਨੂੰ ਆਪਣੀ ਮਰਦਾਨਗੀ ਦਾ ਪਤਾ ਨਹੀਂ ਸੀ। ਉਹ ਆਪਣੀ ਸੂਰਮਗਤੀ ਦਾ ਸਾਖੀ ਨਹੀਂ ਸੀ। ਉਹ ਬਹਾਦਰ ਸੀ, ਮਰਦਾਨਾ ਸੀ, ਪਰ ਭੁੱਲ ਜਾਂਦਾ ਸੀ। ਉਸ ਕੋਲ ਉਹ ਵਿੱਦਿਆ ਸੀ, ਜਿਸ ਦੇ ਪ੍ਰਤਾਪ ਨਾਲ ਉਸ ਨੂੰ ਕਲਯੁੱਗ ਉੱਤੇ ਫ਼ਤਹਿ ਮਿਲ ਜਾਂਦੀ ਹੈ।

ਉਪਰੋਕਤ ਘਟਨਾ ਨੂੰ ਜੇਕਰ ਗਹੁ ਨਾਲ ਵਿਚਾਰੀਏ, ਤਾਂ ਸਿੱਟਾ ਇਹ ਨਿਕਲਦਾ ਹੈ ਕਿ ਮਰਦਾਨਾ ਕਮਜ਼ੋਰ ਦਿਲ ਜਾਂ ਡਰਾਕਲ ਨਹੀਂ ਸੀ। ਜੇਕਰ ਐਸਾ ਹੁੰਦਾ ਤਾਂ ਕੁਦਰਤ ਦੇ ਐਸੇ ਕਰੋਪੀ ਭਰੇ ਅਤੇ ਭਿਆਨਕ ਦ੍ਰਿਸ਼ ਦੇਖ ਕੇ ਰਬਾਬ ਛੱਡ ਕੇ ਚੋਰੀ ਚੋਰੀ ਦੌੜ ਜਾਂਦਾ, ਜਿਵੇਂ ਏ-ਅੰਮ੍ਰਿਤੀਆ ਭਾਈ ਡੱਲਾ ਗੁਰੂ ਗੋਬਿੰਦ

ਸਿੰਘ ਜੀ ਨੂੰ ਦੱਖਣ ਵੱਲ ਜਾਣ ਸਮੇਂ ਰਸਤੇ ਵਿੱਚੋਂ ਹੀ ਛੱਡ ਕੇ ਘਰ ਨੂੰ ਦੌੜ ਗਿਆ ਸੀ ਅਤੇ ਦੁਨੀ ਚੰਦ ਹਾਥੀ ਦਾ ਮੁਕਾਬਲਾ ਕਰਨ ਤੋਂ ਡਰਦਾ ਹੋਇਆ ਆਨੰਦਪੁਰ ਤੋਂ ਬਿਨਾਂ ਦੱਸੇ ਰਾਤ ਸਮੇਂ ਸਾਥੀਆਂ ਸਮੇਤ ਚਲਾ ਗਿਆ ਸੀ। ਮਰਦਾਨਾ ਮੌਤ ਤੋਂ ਨਿਡੱਰ ਸੀ ਕਿਉਂਕਿ ਗੁਰੂ ਬਾਬੇ 'ਤੇ ਉਸ ਨੂੰ ਪੂਰਨ ਭਰੋਸਾ ਸੀ।

ਜਿੱਥੋਂ ਤੱਕ ਮਰਦਾਨੇ ਦੇ ਮਨ ਅੰਦਰ ਲਾਲਚ ਅਤੇ ਭੁੱਖ ਦੁੱਖ ਦਾ ਸਵਾਲ ਹੈ। ਆਮ ਕਹਾਵਤਾਂ ਹਨ 'ਲਾਲਚ ਬੁਰੀ ਬਲਾ' ਹੈ ਅਤੇ 'ਮੌਤੋਂ ਭੁੱਖ ਬੁਰੀ'। ਗੁਰੂ ਦੀ ਹਰ ਗੱਲ ਵਿੱਚ ਗਿਆਨ ਹੈ, ਸਿੱਖਿਆ ਹੈ, ਅਤੇ ਉਪਦੇਸ਼ ਹੈ। ਪਹਿਲੀ ਉਦਾਸੀ ਦੇ ਆਰੰਭ ਦੀ ਹੀ ਇੱਕ ਸਾਖੀ ਹੈ। ਸਤਿ ਕਰਤਾਰ ਕਰਦੇ ਕਰਦੇ ਜਦੋਂ ਕੁਝ ਦੂਰੀ 'ਤੇ ਗਏ ਤਾਂ ਗੁਰੂ ਜੀ ਨੇ ਪੁੱਛਿਆ, "ਭਾਈ ਮਰਦਾਨੇ ਭੁੱਖ ਲੱਗੀ ਹੈ, ਕਿ ਨਹੀਂ।" ਮਰਦਾਨੇ ਨੇ ਕਿਹਾ, "ਪਾਤਸ਼ਾਹ! ਭੁੱਖ ਮਹਿਸੂਸ ਤਾਂ ਹੋ ਰਹੀ ਹੈ"। ਗੁਰੂ ਦਾ ਅਸੂਲ ਹੈ ਆਪ ਤਾਂ ਦੁੱਖ ਸਹਾਰ ਲੈਂਦਾ ਹੈ ਆਪਣੇ ਸੇਵਕ ਦਾ ਦੁੱਖ ਨਹੀਂ ਸਹਾਰ ਸਕਦਾ। ਗੁਰੂ ਜੀ ਭਾਈ ਬਾਲੇ ਨਾਲ ਆਪ ਤਾਂ ਪਿੰਡ ਦੇ ਬਾਹਰ ਬੈਠ ਗਏ ਅਤੇ ਮਰਦਾਨੇ ਨੂੰ ਆਖਿਆ ਲਾਗਲੇ ਪਿੰਡ 'ਚ ਜਾ ਕੇ ਰਬਾਬ ਵਜਾਈਂ ਅਤੇ ਅੱਲਾ ਦੀ ਉਸਤਤੀ ਗਾਈਂ। ਪਿੰਡ ਵਾਸੀ ਤੈਨੂੰ ਲੰਗਰ ਛਕਾ ਦੇਣਗੇ ਅਤੇ ਸਾਡੇ ਲਈ ਵੀ ਲੈ ਆਈਂ। ਆਪਣੇ ਬਾਰੇ ਦੱਸ ਦੇਈਂ।" ਮੈਂ ਤਪੇ ਨਾਨਕ ਦਾ ਸੇਵਕ ਹਾਂ"। ਗੁਰਾਂ ਦਾ ਨਾਂ ਸੁਣ ਕੇ ਮਰਦਾਨੇ ਨੂੰ ਪਿੰਡ ਵਾਸੀਆਂ ਨੇ ਲੰਗਰ ਪਾਣੀ ਬੜੀ ਸ਼ਰਧਾ ਨਾਲ ਛਕਾਇਆ। ਇਸ ਤੋਂ ਇਲਾਵਾ ਧਨ ਤੇ ਵਸਤਰ ਵੀ ਦਿੱਤੇ। ਭਾਈ ਮਰਦਾਨਾ ਇਹ ਭੇਟਾਵਾਂ ਦੀ ਗਠੜੀ ਲੈ ਕੇ ਜਦੋਂ ਗੁਰੂ ਸਾਹਿਬ ਕੋਲ ਪਹੁੰਚਿਆ ਤਾਂ ਪਾਤਸ਼ਾਹ ਦੇਖ ਕੇ ਮੁਸਕਰਾਏ। ਪਾਤਸ਼ਾਹ ਨੇ ਪੁੱਛਿਆ, "ਮਰਦਾਨਿਆਂ! ਗਠੜੀ 'ਚ ਕੀ ਹੈ"? ਤਾਂ ਉੱਤਰ ਵਿੱਚ ਕਿਹਾ, "ਇਸ ਵਿੱਚ ਕੁਝ ਧਨ ਅਤੇ ਵਸਤਰ ਹਨ। ਲੋਕਾਂ ਨੇ ਖੁਸ਼ੀ ਨਾਲ ਦਿੱਤੇ ਹਨ, ਮੈਂ ਮੰਗੇ ਨਹੀਂ"। ਤਦ ਗੁਰੂ ਬਾਬੇ ਨੇ ਬੜੇ ਪ੍ਰੇਮ ਨਾਲ ਅਤੇ ਠਰ੍ਹੰਮੇ ਨਾਲ ਭਾਈ ਮਰਦਾਨੇ ਨੂੰ ਸਮਝਾਇਆ ਕਿ ਅਸੀਂ ਇਨ੍ਹਾਂ ਚੀਜ਼ਾਂ ਦਾ ਤਿਆਗ ਕਰ ਕੇ ਘਰੋਂ ਚੱਲੇ ਹਾਂ। ਸਾਨੂੰ ਇਨ੍ਹਾਂ ਵਸਤਾਂ ਦਾ ਕੋਈ ਲਾਲਚ ਨਹੀਂ। ਜੇਕਰ ਆਪਾਂ ਹੀ ਲੋਭੀ ਹੋ ਗਏ ਤਾਂ ਇਸ ਭੈੜੀ ਆਦਤ ਤੋਂ ਬਚਣ ਲਈ ਲੋਕਾਈ ਨੂੰ ਕੀ ਉਪਦੇਸ਼ ਦੇਵਾਂਗੇ? 'ਹੇ ਮਰਦਾਨਿਆਂ, ਪਰਮੇਸਰ ਅਤੇ ਮਾਇਆ ਬਣ ਨਹੀਂ ਆਂਵਦੀ। ਜੇ ਮਾਇਆ ਭਾਲੀਐ ਤਾਂ ਪਰਮੇਸਰ ਨਾਹੀ ਹਥ ਆਂਵਦਾ। ਅਤੇ ਜੇ ਪਰਮੇਸਰੁ ਭਾਲੀਐ ਤਾਂ ਮਾਇਆ ਨਹੀਂ ਪਰਮੇਸਰੁ ਭਾਲਣ ਦੇਂਦੀ। ਈਵ (ਇੰਝ) ਨਹੀਂ, ਮਾਇਆ ਭੀ ਮੰਗੈ ਅਤੇ ਪਰਮੇਸਰੁ ਭੀ ਪਾਵੇ..."।

ਗੁਰੂ ਦੇ ਇਹਨਾਂ ਸ਼ਬਦਾਂ ਨੇ ਮਰਦਾਨੇ ਨੂੰ ਐਸੀ ਸਿੱਖਿਆ ਦਿੱਤੀ ਕਿ ਉਸ ਦੇ ਮਨ ਅੰਦਰ ਦੁਨਿਆਵੀ ਪਦਾਰਥਾਂ ਦਾ ਮੋਹ ਸਦਾ ਲਈ ਖ਼ਤਮ ਹੋ ਗਿਆ। ਸਤਿਗੁਰਾਂ ਆਖਿਆ, "ਭਾਈ ਇਹ ਗਠੜੀ ਪਰੇ ਰੱਖ ਦੇ ਕੋਈ ਲੋੜਵੰਦ ਬੰਦਾ ਇਨ੍ਹਾਂ ਵਸਤਾਂ ਨੂੰ ਵਰਤ ਲਵੇਗਾ"।

ਮਨੁੱਖੀ ਸਰੀਰ ਅੰਨ-ਪਾਣੀ 'ਤੇ ਚਲਦਾ ਹੈ। ਕੁਝ ਸਮੇਂ ਬਾਅਦ ਭੁੱਖ ਹਰ ਪ੍ਰਾਣੀ ਨੂੰ ਲਗਦੀ ਹੈ। ਇਹ ਭੁੱਖ ਪ੍ਰਸ਼ਾਦਾ ਦੁੱਧ ਜਾਂ ਫ਼ਲ ਵਗੈਰਾ ਖਾ ਕੇ ਮਿਟਦੀ ਹੈ। ਭੁੱਖਾ ਬੰਦਾ ਨਾ ਭਗਤੀ ਕਰ ਸਕਦਾ ਹੈ ਅਤੇ ਨਾ ਹੀ ਕੋਈ ਕਿਰਤ। ਭਗਤ ਕਬੀਰ ਜੀ ਨੇ ਵੀ ਪਰਮਾਤਮਾ ਨੂੰ ਨਿਹੋਰਾ ਮਾਰਿਆ, "ਭੂਖੇ ਭਗਤ ਨ ਕੀਜੈ ਯਹ ਮਾਲਾ ਆਪਣੀ ਲੀਜੈ'। ਇਸੇ ਤਰ੍ਹਾਂ ਗੁਰੂ ਸਾਹਿਬ ਜਾਣਦੇ ਸਨ ਕਿ ਭੁੱਖ ਦੀ ਹਾਲਤ ਵਿੱਚ ਮਰਦਾਨਾ ਰਬਾਬ ਕਿਵੇਂ ਵਜਾ ਸਕਦਾ ਹੈ? ਇੱਕ ਥਾਂ 'ਤੇ ਜਦੋਂ ਗੁਰੂ ਜੀ ਨੇ ਦੇਖਿਆ ਕਿ ਮਰਦਾਨੇ ਨੂੰ ਭੁੱਖ ਵਿਆਪ ਰਹੀ ਹੈ ਅਤੇ ਪਰਸ਼ਾਦਾ ਉਪਲਬਧ ਨਹੀਂ ਹੈ। ਗੁਰੂ ਜੀ ਭਾਈ ਮਰਦਾਨੇ ਸਮੇਤ ਉਸ ਸਮੇਂ ਰੀਠੇ ਦੇ ਬੂਟੇ ਹੇਠ ਬੈਠੇ ਸਨ। ਸਾਹਿਬਾਂ ਨੇ ਕਿਹਾ, "ਭਾਈ ਮਰਦਾਨੇ ਦੇਖ ਬੂਟੇ ਨੂੰ ਕਿਤਨਾ ਫ਼ਲ ਲੱਗਿਆ ਹੋਇਆ ਹੈ, ਛਕ ਲੈ"। ਭਾਵੇਂ ਰੀਠੇ ਦਾ ਫ਼ਲ ਸੀ ਜੋ ਕੌੜਾ ਹੁੰਦਾ ਹੈ। ਪਰ ਗੁਰੂ ਦਾ ਹੁਕਮ ਮੰਨ ਕੇ ਮਰਦਾਨੇ ਨੇ ਫ਼ਲ ਖਾ ਲਿਆ ਅਤੇ ਭੁੱਖ ਮਿਟਾਈ। ਗੁਰੂ ਬਾਬੇ ਦੇ ਮਿੱਠੇ ਬੋਲਾਂ ਨਾਲ ਅਤੇ ਕਲਾ ਸਦਕਾ ਉਹ ਰੀਠੇ ਮਿੱਠੇ ਹੋ ਗਏ ਅਤੇ ਅੱਜ ਤੱਕ ਵੀ ਉਸ ਬੂਟੇ ਨੂੰ ਰੀਠੇ ਮਿੱਠੇ ਹੀ ਲਗਦੇ ਹਨ। ਉੱਥੇ ਰੀਠਾ ਸਾਹਿਬ ਗੁਰਦੁਆਰਾ ਸੁਸ਼ੋਭਤ ਹੈ। ਜਿਹੜੀਆਂ ਸੰਗਤਾਂ ਦਰਸ਼ਨ ਕਰਨ ਜਾਂਦੀਆਂ ਹਨ ਉਨ੍ਹਾਂ ਨੂੰ ਪਰਸ਼ਾਦ ਵੀ ਰੀਠੇ ਦਾ ਦਿੱਤਾ ਜਾਂਦਾ ਹੈ। ਬੜੀ ਮਸ਼ਹੂਰ ਕਹਾਵਤ ਹੈ ਕਿ 'ਸਾਚ ਕੋ ਆਂਚ ਨਹੀਂ' । ਸੋ ਸੱਚ ਨਾਲ ਜੁੜਿਆ ਬੰਦਾ ਕਦੇ ਨਹੀਂ ਡੋਲਦਾ। ਇਤਿਹਸਕਾਰਾਂ ਦੀਆਂ ਲਿਖਤਾਂ ਮੁਤਾਬਕ ਮਰਦਾਨੇ ਨੇ ਤਕਰੀਬਨ 54 ਸਾਲ ਗੁਰੂ ਬਾਬੇ ਨਾਲ ਬਿਤਾਏ। ਬਾਬਾ ਅਲੌਕਿਕ (Myth) ਸੀ ਅਤੇ ਭਾਈ ਮਰਦਾਨਾ ਲੌਕਿਕ (Legend) ਸੀ। ਦੋਹਾਂ ਦਾ ਸੁਮੇਲ ਅਗੰਮੀ (Clairvoyance) ਸੀ। ਅਗੰਮ ਦੀ ਹਾਲਤ ਦਾ ਭਾਵ ਹੈ ਗਮ ਤੋਂ ਰਹਿਤ। ਸੋ ਭਾਈ ਮਰਦਾਨੇ ਨੂੰ ਕਦੇ ਵੀ ਭੁੱਖੜ ਲਾਲਸਾਵਾਨ, ਪਿਆਸਾ, ਕਮਜ਼ੋਰ ਦਿਲ ਆਦਿ ਨਹੀਂ ਕਿਹਾ ਜਾ ਸਕਦਾ। ਉਹ ਤਾਂ ਸਿਦਕੀ, ਸਿਰੜੀ, ਦਲੇਰ, ਸ਼ਰਧਾਵਾਨ ਅਤੇ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਨਿਮਾਣਾ ਸਿੱਖ ਅਤੇ ਕੀਰਤਨੀਆਂ ਸੀ। ਉਹ ਵਡਭਾਗਾ ਸ੍ਰੋਤਾ, ਸਾਜ਼ ਅਤੇ ਆਵਾਜ਼ ਦਾ ਧਨੀ ਅਤੇ ਹਿੰਮਤ ਦਾ ਮਜੱਸਮਾ ਸੀ। ਉਹ ਕੇਵਲ ਦਲੇਰ ਹੀ ਨਹੀਂ ਸੀ ਸਗੋਂ ਦਲੀਲਵਾਜ ਵੀ ਸੀ। ਇੱਕ ਵਾਰ ਜਦੋਂ ਉਹ ਕਿਸੇ ਪਿੰਡ ਗਏ ਪਰ ਉਸ ਪਿੰਡ ਦੇ ਲੋਕਾਂ ਨੇ ਗੁਰੂ ਸਾਹਿਬ ਨੂੰ ਉੱਥੇ ਠਹਿਰਨ ਨਾ ਦਿੱਤਾ ਅਤੇ ਬੁਰਾ ਵੀ ਬੋਲੇ ਤਾਂ ਗੁਰੂ ਜੀ ਨੇ ਇਹ ਸ਼ਬਦ ਉਚਾਰੇ 'ਭਾਈ ਵਸਦੇ ਰਹੋ'। ਪਰ ਜਦੋਂ ਲਾਗਲੇ ਪਿੰਡ ਗਏ ਤਾਂ ਪਿੰਡ ਵਾਸੀਆਂ ਨੇ ਬੜਾ ਸਤਿਕਾਰ ਕੀਤਾ ਅਤੇ ਟਹਿਲ ਸੇਵਾ ਕੀਤੀ। ਉੱਥੋਂ ਜਾਣ ਸਮੇਂ ਆਖਿਆ 'ਤੁਸੀਂ ਉਜੜ ਜਾਉ'। ਤਦ ਮਰਦਾਨੇ ਨੇ ਕਿਹਾ, 'ਅਜਿਹਾ ਕਿਉਂ'? ਗੁਰੂ ਜੀ ਨੇ ਇਸ ਦੇ ਗੁੱਝੇ ਭੇਦ ਖੋਲ੍ਹੇ ਅਤੇ ਮਰਦਾਨੇ ਨੂੰ ਇੰਞ ਸਮਝਾਇਆ। ਜਿਨ੍ਹਾਂ ਨੇ ਆਪਣਾ ਨਿਰਾਦਰ ਕੀਤਾ ਹੈ ਜੇਕਰ ਐਸੇ ਲੋਕ ਦੂਰ-ਦੂਰ ਤੱਕ ਫੈਲ ਗਏ ਤਾਂ ਦੂਜਿਆਂ ਨੂੰ ਵੀ ਭੈੜੀ ਸਿੱਖਿਆ ਦੇਣਗੇ। ਪਰ ਆਪਣਾ ਆਦਰ ਮਾਣ ਕਰਨ

ਵਾਲੇ, ਜਿੱਥੇ ਵੀ ਜਾਣਗੇ ਚੰਗੀ ਸਿੱਖਿਆ ਦੇਣਗੇ। ਇਸ ਤਰ੍ਹਾਂ ਭਾਵੇਂ ਗੁਰੂ ਬਾਬੇ ਨੇ ਮਰਦਾਨੇ ਦੀ ਦਲੀਲ ਨੂੰ ਨਿਰਉੱਤਰ ਕਰ ਦਿੱਤਾ ਪਰ ਜਦੋਂ ਵੀ ਉਸ ਦੇ ਮਨ ਵਿੱਚ ਕੋਈ ਸ਼ੰਕਾ ਹੁੰਦੀ ਉਹ ਨਿਧੜਕ ਹੋ ਕੇ ਉਸ ਬਾਰੇ ਜਾਣਕਾਰੀ ਹਾਸਲ ਕਰਦਾ ਸੀ।

ਮਰਦਾਨੇ ਨੇ ਸਾਰੀਆਂ ਯਾਤਨਾਵਾਂ ਦੌਰਾਨ ਧਿਆਨ ਬਾਬੇ ਦੇ ਬੋਲਾਂ ਵਿੱਚ ਰੱਖਿਆ, ਸਹਾਰਾ ਧੁਨ ਦਾ ਲਿਆ, ਰੱਬੀ ਬਾਣੀ ਗਾਈ, ਕਦੇ ਵੀ ਥਕੇਵਾਂ ਅਤੇ ਵਖਰੇਵਾਂ ਨਾ ਦਿਖਾਉਣ ਕਾਰਨ ਧਰਮ ਦੀ ਪੌੜੀ 'ਤੇ ਜਾ ਪੁੱਜਾ। ਇਸ ਪੌੜੀ 'ਤੇ ਪਹੁੰਚ ਕੇ ਪ੍ਰਭੂ ਨਾਮ ਦੁਆਰਾ ਜਿੱਥੇ ਮਹਾਂ ਅਨੰਦ ਦੀ ਪ੍ਰਾਪਤੀ ਹੋਈ ਉੱਥੇ ਨਾਮ ਰਸ ਰਾਹੀਂ ਅਤੇ ਬਾਬੇ ਨਾਨਕ ਦੀ ਕ੍ਰਿਪਾ ਸਦਕਾ ਗਿਆਨ ਦਾ ਐਸਾ ਪ੍ਰਕਾਸ਼ ਹੋਇਆ ਕਿ ਮਰਦਾਨਾ ਬਾਣੀਕਾਰ ਹੋ ਗਿਆ। ਇਸ ਤਰ੍ਹਾਂ ਮਰਦਾਨੇ ਨੇ ਪਰਮ ਪਦ ਪ੍ਰਾਪਤ ਕਰ ਲਿਆ।

## ਪ੍ਰਲੋਕ ਗਮਨ

ਭਾਈ ਮਰਦਾਨਾ ਜੀ ਦੇ ਪ੍ਰਲੋਕ ਗਮਨ ਸੰਬੰਧੀ ਇਤਿਹਾਸਕਾਰਾਂ ਦੇ ਵਿਚਾਰ ਵੱਖ ਵੱਖ ਹਨ। ਸੱਯਦ ਮੁਹੰਮਦ ਲਾਤੀਫ, ਹਿਸਟਰੀ ਆਫ਼ ਦੀ ਪੰਜਾਬ ਵਿੱਚ ਪੰਨਾ 245 'ਤੇ ਲਿਖਦਾ ਹੈ ਕਿ ਅਫ਼ਗਾਨਿਸਤਾਨ ਦੀ ਯਾਤਰਾ ਸਮੇਂ ਗੁਰੂ ਨਾਨਕ ਦਾ ਵਿਸ਼ਵਾਸ਼ ਪਾਤਰ ਸੇਵਾਦਾਰ ਮਰਦਾਨਾ ਸਦਾ ਲਈ ਵਿਛੋੜਾ ਦੇ ਗਿਆ। ਉਹ ਰਬਾਬੀ ਭਾਵੇਂ ਮੁਸਲਮਾਨ ਸੀ ਪਰ ਉਸ ਨੇ ਗੁਰੂ ਨਾਨਕ ਦੀ ਨਵੀਂ ਵਿਚਾਰਧਾਰਾ ਅਪਣਾ ਲਈ ਸੀ। ਉਸ ਦਾ ਸਸਕਾਰ ਅਗਨੀ ਭੇਂਟ ਕਰਕੇ ਖੁਰਮ ਵਿੱਚ ਕੀਤਾ ਗਿਆ, ਕਿਉਂਕਿ ਉੱਥੇ ਉਸ ਦੀ ਮੌਤ ਹੋ ਗਈ ਸੀ।

While on his travels to Afganistan, he lost his faithful servant Mardana, the harper who was origionally a Mohamdan, but who had become a convert to Nanak's new doctrine and was burnt to his own wish in khuram where he died. (The History of Punjab)

ਡਾਕਟਰ ਹਰੀ ਰਾਮ ਗੁਪਤਾ ਅਨੁਸਾਰ ਇਸ ਸ਼ਿਲਾਲੇਖ ਜਿਸ ਉੱਤੇ ਤੁਰਕੀ ਅਤੇ ਅਰਬੀ ਭਾਸ਼ਾ ਵਿੱਚ ਉਕਰਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਗਦਾਦ ਦੀ ਯਾਤਰਾ ਕੀਤੀ। ਇਹ ਪੱਥਰ ਇੱਕ ਕਬਰ ਦੇ ਲਾਗੇ ਕੰਧ ਵਿੱਚ ਲੱਗਿਆ ਹੋਇਆ ਹੈ। ਇਹ ਬਗਦਾਦ ਦੇ ਰੇਲਵੇ ਸਟੇਸ਼ਨ ਤੋਂ 2.5 ਕਿਲੋਮੀਟਰ ਦੀ ਦੂਰੀ 'ਤੇ ਹੈ। ਦੁਨੀਆਂ ਦੀ ਪਹਿਲੀ ਵੱਡੀ ਜੰਗ ਵਿੱਚ ਭਾਰਤੀ ਫ਼ੌਜੀ ਇਰਾਕ ਵਿੱਚ ਲੜ ਰਹੇ ਸਨ ਅਤੇ ਉਨ੍ਹਾਂ ਦਾ ਕੈਂਪ ਬਗਦਾਦ ਵਿੱਚ ਸੀ। ਇੱਕ ਸਿੱਖ ਅਫਸਰ ਨੇ ਇਸ ਪੱਥਰ 'ਤੇ ਲਿਖੇ ਅੱਖਰਾਂ ਨੂੰ ਜਦ ਗਹੁ ਨਾਲ ਪੜ੍ਹਿਆ ਤਾਂ ਇਸ ਵਿੱਚ ਬਾਬਾ ਨਾਨਕ ਦਾ ਨਾਂ ਸੀ। ਇਸ ਅਫ਼ਸਰ ਨੇ 'ਲੁਆਇਲ ਗਜ਼ਟ' ਲਾਹੌਰ, ਜਨਵਰੀ 1918 ਦੇ ਪੰਨਾ

4 'ਤੇ ਇਸ ਸ਼ਿਲਾਲੇਖ ਬਾਰੇ ਖ਼ਬਰ ਛਪਵਾਈ। ਭਾਵੇਂ ਇਸ ਸ਼ਿਲਾਲੇਖ 'ਤੇ ਲੰਬਾ ਸਮਾਂ ਬੀਤਣ ਕਰਕੇ ਅੱਖਰ ਕਾਫ਼ੀ ਮੱਧਮ ਸਨ ਪਰ ਇੰਦੂ ਭੂਸ਼ਨ ਬੈਨਰਜੀ ਨੇ ਮੌਲਾਨਾ ਆਘਾ ਮੁਹੰਮਦ ਕਾਜੀਨ ਕਾਜ਼ਰੀ ਦੀ ਮੱਦਦ ਲਈ ਕਿਉਂਕਿ ਉਹ ਤੁਰਕੀ ਅਰਬੀ ਭਾਸ਼ਾ ਦਾ ਮਾਹਰ ਸੀ। ਜੋ ਉਸ ਨੇ ਪੜ੍ਹ ਕੇ ਸੁਣਾਇਆ ਉਹ ਬੈਨਰਜੀ ਨੇ ਅੰਗਰੇਜ਼ੀ 'ਚ ਲਿਖ ਲਿਆ ਜੋ ਇਸ ਤਰ੍ਹਾਂ ਹੈ:

Guru Murad died. Baba Nanak Faqir helped in, constructing this building, which is an act of grace from a virtuous follower, 911 A.H. (Islamic Year)

'ਭਾਵ ਗੁਰੂ ਜੀ ਦਾ ਮੁਰਾਦ ਚੱਲ ਵਸਿਆ। ਫ਼ਕੀਰ ਬਾਬਾ ਨਾਨਕ ਨੇ ਆਪਣੇ ਨੇਕ ਅਤੇ ਸ਼ੁੱਭ ਗੁਣਾਂ ਵਾਲੇ ਚੇਲੇ 'ਤੇ ਮਿਹਰ ਭਰੀ ਦ੍ਰਿਸ਼ਟੀ ਕਰਕੇ 911 ਹਿਜਰੀ ਦੇ ਵਿੱਚ ਇਹ ਇਮਾਰਤ ਤਿਆਰ ਕਰਾਉਣ ਵਿੱਚ ਮੱਦਦ ਕੀਤੀ'। 911 ਹਿਜਰੀ ਅਨੁਸਾਰ ਸਮਾਂ 1534 ਸੰਨ ਦਾ ਬਣਦਾ ਹੈ ਅਤੇ ਬਿਕਰਮੀ 1590 ਸੀ। ਹਿਜਰੀ ਸਾਲ 622-23 ਈਸਵੀ ਵਿੱਚ ਸ਼ੁਰੂ ਹੋਇਆ ਸੀ। ਉਪਰੋਕਤ ਅਸਥਾਨ ਜਿੱਥੇ ਭਾਈ ਮਰਦਾਨਾ ਜੀ ਨੇ ਸਰੀਰ ਤਿਆਗਿਆ ਦਾ ਹਵਾਲਾ ਇਤਿਹਾਸਕਾਰ ਤੇਜਾ ਸਿੰਘ ਤੇ ਗੰਡਾ ਸਿੰਘ, ਭਾਈ ਵੀਰ ਸਿੰਘ, ਮਹਾਂਕਵੀ ਭਾਈ ਸੰਤੋਖ ਸਿੰਘ ਤਰਲੋਚਨ ਸਿੰਘ, ਭਾਈ ਸਤਿਬੀਰ ਸਿੰਘ ਆਦਿ ਨੇ ਆਪਣੀਆਂ ਲਿਖਤਾਂ ਵਿੱਚ ਦਿੱਤਾ ਹੈ। ਮਹਾਨ ਕੋਸ਼ ਦੇ ਲਿਖਾਰੀ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਵੀ 'ਖੁਰਮ' ਹੀ ਲਿਖਿਆ ਹੈ ਜਿਥੇ ਮਰਦਾਨਾ ਜੀ ਨੇ ਅੰਤਮ ਸਵਾਸ ਲਿਆ। ਉਨ੍ਹਾਂ ਵੀ ਸਮਾਂ 1534 ਈਸਵੀ ਲਿਖਿਆ ਹੈ।

SIKHBOOKCLUB.COM

ਕੁਲਦੀਪ ਸਿੰਘ ਸੂਰੀ ਨੇ ਵੀ ਮਰਦਾਨਾ ਜੀ ਦਾ ਦੇਹਾਂਤ ਕੁਰੱਮ (ਖੁਰਮ) ਵਿਖੇ ਹੀ ਲਿਖਿਆ ਹੈ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਹੈ ਕਿ ਮਰਦਾਨਾ ਜੀ ਨੇ ਆਪਣੇ ਆਖਰੀ ਸਾਹ ਗੁਰੂ ਜੀ ਦੀ ਗੋਦ ਵਿੱਚ ਲਏ। ਗੁਰੂ ਜੀ ਨੇ ਸਿੱਖ ਰੀਤੀ ਰਿਵਾਜ ਅਨੁਸਾਰ ਭਾਈ ਮਰਦਾਨਾ ਜੀ ਦਾ ਅੰਤਮ ਸੰਸਕਾਰ ਕੀਤਾ। ਪ੍ਰੋਫ਼ੈਸਰ ਪਿਆਰਾ ਸਿੰਘ ਪਦਮ ਵੀ ਐਸਾ ਹੀ ਬਿਆਨ ਕਰਦੇ ਹਨ। ਮੈਕਾਲਿਫ ਨੇ ਆਪਣੀ ਖੋਜ 'ਦੀ ਸਿੱਖ ਰਿਲੀਜ਼ਨ' (The Sikh Religion) ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਬ੍ਰਹਮਣ ਦੀ ਦੇਹੀ ਜਲ ਪ੍ਰਵਾਹ ਕੀਤੀ ਜਾਂਦੀ ਹੈ, ਵੈਸ਼ ਦੀ ਪੌਣ ਵਿੱਚ ਸੁੱਟੀ ਜਾਂਦੀ ਹੈ ਅਤੇ ਸ਼ੂਦਰ ਦੀ ਦਬਾਈ ਜਾਂਦੀ ਹੈ। ਤੇਰੀ ਦੇਹੀ ਨੂੰ ਜਿਵੇਂ ਕਹੇਂ ਤੇਰੀ ਇੱਛਾ ਅਨੁਸਾਰ ਕਰਾਂਗੇ। ਮਰਦਾਨੇ ਨੇ ਉੱਤਰ ਵਿੱਚ ਕਿਹਾ, " ਗੁਰੂ ਬਾਬਾ! ਤੁਹਾਡੇ ਉਪਦੇਸ਼ ਅਤੇ ਸੰਗ ਸਦਕਾ ਮੇਰਾ ਦੇਹ ਅਭਿਮਾਨ ਖ਼ਤਮ ਹੋ ਗਿਆ ਹੈ। ਮੈਂ ਤਾਂ ਆਤਮਾ ਨੂੰ ਕੇਵਲ ਸਰੀਰ ਦਾ ਸਾਖੀ ਸਮਝਦਾ ਹਾਂ। ਜਿਵੇਂ ਤੁਹਾਡੀ ਇੱਛਾ ਹੈ ਤਿਵੇਂ ਹੀ ਕਰੋ"।

ਸੰਨ 2007 ਵਿੱਚ ਗੁਰਮਤਿ ਪ੍ਰਕਾਸ਼ ਦੇ ਨਵੰਬਰ ਵਾਲੇ ਰਸਾਲੇ ਵਿੱਚ ਰਿਟਾਇਰਡ ਇੰਜਨੀਅਰ ਅਮਰੀਕ ਸਿੰਘ ਨੇ ਆਪਣੇ ਲੇਖ ਵਿੱਚ ਲਿਖਿਆ ਹੈ ਕਿ ਗੁਰੂ ਜੀ ਨੇ ਵਾਪਸ ਤਲਵੰਡੀ ਆ ਕੇ ਭਾਈ ਮਰਦਾਨੇ ਦੇ ਪਰਵਾਰ ਨੂੰ ਦਰਸਾਇਆ ਕਿ ਸਾਡਾ ਪਰਮ ਸੇਵਕ ਤਾਂ ਚੜ੍ਹਾਈ ਕਰ ਗਿਆ ਹੈ। ਉਨ੍ਹਾਂ ਮਰਦਾਨੇ ਦੇ ਪਰਵਾਰ ਦੇ ਜੀਆਂ ਨੂੰ ਸਮਝਾਇਆ ਕਿ ਕਿਸੇ ਨੇ ਰੋਣਾ ਨਹੀਂ ਉਹ ਤਾਂ ਅੱਲਾ ਵਿੱਚ ਅਭੇਦ ਹੋ ਗਿਆ ਹੈ। ਗੁਰੂ ਜੀ ਨੇ ਮਰਦਾਨੇ ਦੇ ਪੁੱਤਰ ਸਜਾਦਾ ਨੂੰ ਕਿਹਾ," ਅਸੀਂ ਤੈਨੂੰ ਸਿਰੋਪਾਉ ਦੇਣਾ ਹੈ। ਅੱਗੇ ਤੂੰ ਜਿਹੜਾ ਕਹੇਂ ਉਹ ਸਿਰੋਪਾਉ ਦਈਏ"। ਸਜਾਦਾ ਨੇ ਉੱਤਰ ਵਿੱਚ ਕਿਹਾ, " ਜਿਹੜਾ ਸਿਰੋਪਾਉ ਮੇਰੇ ਪਿਤਾ ਜੀ ਨੂੰ ਦਿੱਤਾ ਸੀ ਸੋਈ ਮੈਨੂੰ ਦੇਵੋ ਜੀ"। ਸਜਾਦਾ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਜੇਕਰ ਮੈਨੂੰ ਮੇਰੇ ਅੱਬਾ ਦੇ ਅਸਥਾਨ 'ਤੇ ਲੈ ਚੱਲੋਂਗੇ ਤਾਂ ਮੇਰੇ ਉਪੱਰ ਕਰਤਾਰ ਵੀ ਮਿਹਰਵਾਨੀ ਕਰੇਗਾ। ਗੁਰੂ ਜੀ ਸਜਾਦਾ ਨੂੰ ਲੈ ਕੇ ਪਹਿਲਾਂ ਲਾਹੌਰ ਆਏ। .... ਫਿਰ ਸ਼ਾਹਦਰੇ ਤੋਂ ਸਿਆਲਕੋਟ ਹੁੰਦੇ ਹੋਏ .... ਅਖੀਰ ਮਰਦਾਨੇ ਦੇ ਅੰਤਿਮ ਅਸਥਾਨ 'ਤੇ ਜਾ ਮੱਥਾ ਟੇਕਿਆ। ਗੁਰੂ ਜੀ ਨੇ ਕਿਹਾ, "ਭਾਈ ਸਜਾਦੇ! ਤੂੰ ਪਰਵਾਰ ਸਮੇਤ ਇੱਥੇ ਆ ਜਾ ਤੇ ਇੱਥੇ ਰਹਿ ਕੇ ਲੋਕਾਈ ਨੂੰ ਪ੍ਰਭੂ ਨਾਮ ਜਪਾ। ਭਾਈ ਮਰਦਾਨਾ ਜੀ ਦੀ ਥਾਂ ਇੱਥੇ ਤੇਰੀ ਮੰਜੀ ਹੋਵੇਗੀ। ਸਜਾਦਾ ਨੇ ਕਿਹਾ, "ਮੈਂ ਇੱਥੇ ਕਿਸ ਸਹਾਰੇ ਰਹਾਂਗਾਂ।" ਤਾਂ ਗੁਰੂ ਜੀ ਨੇ ਆਖਿਆ, "ਹਮੇਸ਼ਾ ਸਤਿ ਪ੍ਰਤੀਤ ਰੱਖੀਂ ਜਦੋਂ ਵੀ ਤੂੰ ਯਾਦ ਕਰੇਂਗਾ ਅਸੀਂ ਤੇਰੇ ਅੰਗ ਸੰਗ ਹੋਵਾਂਗੇ"। ਇੰਞ ਸਜਾਦਾ ਗੁਰੂ ਜੀ ਦਾ ਹੁਕਮ ਮੰਨ ਕੇ ਪਰਵਾਰ ਸਮੇਤ ਖੁਰਮ (ਕੁਰੱਮ) ਆ ਗਿਆ।

SIKHBOOKCLUB.COM

ਪਰ ਕੁਝ ਇਤਿਹਾਸਕਾਰਾਂ ਨੇ ਭਾਈ ਮਰਦਾਨੇ ਦਾ ਦੇਹਾਂਤ ਕਰਤਾਰਪੁਰ ਵਿਖੇ ਹੋਣਾ ਲਿਖਿਆ ਹੈ। ਕਰਤਾਰ ਸਿੰਘ ਨੇ ਲਿਖਿਆ ਹੈ ਕਿ ਭਾਈ ਮਰਦਾਨੇ ਜੀ ਦਾ ਦੇਹਾਂਤ 1534 ਵਿੱਚ ਕਰਤਾਰਪੁਰ ਵਿਖੇ ਹੋਇਆ। ਇਸੇ ਤਰ੍ਹਾਂ ਦੇ ਵਿਚਾਰ ਡਾਕਟਰ ਰਤਨ ਸਿੰਘ ਜੱਗੀ ਅਤੇ ਡਾਕਟਰ ਮਹਿੰਦਰ ਕੌਰ ਗਿੱਲ ਨੇ ਪ੍ਰਗਟ ਕੀਤੇ ਹਨ। ਕਈ ਲਿਖਤਾਂ ਵਿੱਚ ਰਬਾਬੀ ਮਰਦਾਨੇ ਦਾ ਦੇਹਾਂਤ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ (1539) ਤੋਂ 9 ਸਾਲ ਪਹਿਲਾਂ ਲਿਖਿਆ ਹੈ ਅਤੇ ਕਈਆਂ ਨੇ 8 ਦਿਨ ਬਾਅਦ ਵਿੱਚ ਲਿਖਿਆ ਹੈ।

ਅਸਲ ਵਿੱਚ ਸਿੱਖ ਕੌਮ 'ਤੇ ਬੜੀਆਂ ਮੁਸੀਬਤਾਂ ਆਈਆਂ। ਇਨ੍ਹਾਂ ਔਖੀਆਂ, ਜਟਲ ਅਤੇ ਗੁੰਝਲਦਾਰ ਘੜੀਆਂ ਕਾਰਨ ਅੰਦਾਜ਼ੇ ਮੁਤਾਬਕ ਜਾਂ ਸੁਣ ਸੁਣਾ ਕੇ ਤ੍ਰੀਕਾਂ ਤੇ ਸੰਨ ਲਿਖ ਦਿੱਤੇ ਲਗਦੇ ਹਨ ਜਾਂ ਫਿਰ ਲਿਖਤਾਂ ਦੀ ਛਪਾਈ ਦੌਰਾਨ ਵੀ ਗਲਤੀ ਹੋਈ ਲਗਦੀ ਹੈ। ਪਰ ਜੇਕਰ ਗਹੁ ਨਾਲ ਵਿਚਾਰਿਆ ਜਾਵੇ ਤਾਂ ਭਾਈ ਮਰਦਾਨਾ ਜੀ ਨੇ ਆਪਣੇ ਆਖਰੀ ਸਵਾਸ ਖੁਰਮ (ਕੁਰੱਮ) ਵਿਖੇ ਹੀ ਲਏ ਸਿੱਧ ਹੁੰਦੇ ਹਨ ਕਿਉਂਕਿ :

- ਖੁਰਮ ਵਿਖੇ ਉਨ੍ਹਾਂ ਦੇ ਦੇਹਾਂਤ ਸੰਬੰਧੀ ਸ਼ਿਲਾਲੇਖ ਮੌਜੂਦ ਹੈ ਜਿਸ ਉਪੱਰ ਗੁਰੂ ਨਾਨਕ ਦੇਵ ਜੀ ਦੇ ਚੇਲੇ ਦੀ ਮੌਤ 911 ਹਿਜਰੀ ਲਿਖੀ ਹੋਈ ਹੈ। ਇਹ ਸੰਨ 1534 ਬਣਦਾ ਹੈ।
- ਸੰਨ 1534 ਦੇ ਦੌਰਾਨ ਹੀ ਗੁਰੂ ਜੀ ਦੁਬਾਰਾ ਭਾਈ ਸਜਾਦੇ ਨੂੰ ਨਾਲ ਲੈ ਕੇ ਫੇਰ ਅਫਗਾਨਿਸਤਾਨ, ਬਗਦਾਦ ਆਦਿ ਗਏ ਜਿਵੇਂ ਕਿ ਪਹਿਲਾਂ ਅੰਕਿਤ ਕੀਤਾ ਗਿਆ ਹੈ।
- ਭਾਈ ਬਾਲੇ ਵਾਲੀ ਸ੍ਰੀ ਗੁਰੂ ਨਾਨਕ ਜੀ ਦੀ ਜਨਮ ਸਾਖੀ ਵਿੱਚ ਵੀ ਭਾਈ ਮਰਦਾਨਾ ਜੀ ਦਾ ਪ੍ਰਲੋਕ ਸੁਧਾਰਨਾ ਖੁਰਮ ਵਿਖੇ ਹੀ ਲਿਖਿਆ ਹੋਇਆ ਹੈ।
- ਭਾਈ ਮਰਦਾਨਾ ਜੀ ਦੇ ਸਪੁੱਤਰ ਭਾਈ ਸੁਜਾਦਾ ਜੀ ਨੂੰ ਗੁਰੂ ਸਾਹਿਬ ਨੇ ਪਰਵਾਰ ਸਮੇਤ ਖੁਰਮ ਵਿਖੇ ਨਿਵਾਸ ਕਰਨ ਲਈ ਆਖਿਆ। ਨਹੀਂ ਤਾਂ ਸੁਜਾਦਾ ਨੂੰ ਤਲਵੰਡੀ ਜਾਂ ਕਰਤਾਰਪੁਰ ਛੱਡ ਕੇ ਖੁਰਮ ਜਾਣ ਦੀ ਕੀ ਜ਼ਰੂਰਤ ਸੀ?
- ਜੇਕਰ ਭਾਈ ਮਰਦਾਨਾ ਜੀ ਨੇ ਕੀਰਤਪੁਰ ਵਿਖੇ ਸਰੀਰ ਛੱਡਿਆ ਹੁੰਦਾ ਤਾਂ ਗੁਰਸਿੱਖਾਂ ਜਾਂ ਮੁਸਲਮਾਨ ਭਰਾਵਾਂ ਨੇ ਉੱਥੇ ਉਨ੍ਹਾਂ ਦੀ ਕੋਈ ਨਾ ਕੋਈ ਯਾਦਗਾਰ ਜ਼ਰੂਰ ਬਣਾ ਦੇਣੀ ਸੀ ਕਿਉਂਕਿ ਉਹ ਗੁਰੂ ਜੀ ਦੇ ਅਨਿੰਨ ਸਿੱਖ ਸਨ ਅਤੇ ਮੁਸਲਮਾਨ ਭਰਾ ਵੀ ਗੁਰੂ ਨਾਨਕ ਦੇਵ ਜੀ ਨੂੰ ਮਹਾਨ ਪੀਰ ਮੰਨਦੇ ਸਨ।

SIKHBOOKCLUB.COM

ਸੋ ਭਾਈ ਮਰਦਾਨਾ ਜੀ ਸਿੱਖ ਪੰਥ ਅੰਦਰ ਉੱਚ ਅਧਿਆਤਮਕ ਗੁਣਾਂ ਵਾਲੇ, ਸੰਤੋਖੀ, ਸਿਦਕੀ, ਸਿਰੜੀ ਸ਼ਰਧਾ ਭਾਵਨਾ ਵਾਲੇ ਅਤੇ ਨਿਸ਼ਕਾਮ ਮੁੱਢਲੇ ਰਬਾਬੀ ਸਿੱਖ ਸੇਵਕ ਹੋਏ ਹਨ। ਉਹ ਬੜੇ ਖੁਸ਼ਕਿਸਮਤ ਅਤੇ ਭਾਗਾਂ ਵਾਲੇ ਸਨ ਕਿ ਅੰਤਲੇ ਸਮੇਂ ਤੱਕ ਗੁਰੂ ਨਾਨਕ ਦੇਵ ਜੀ ਦੇ ਸਾਥ ਰਹੇ ਅਤੇ ਗੁਰੂ ਚਰਨਾ ਵਿੱਚ ਹੀ ਸਰੀਰ ਤਿਆਗਿਆ। ਅਰਥਾਤ :

*ਸੇਵਕ ਕੀ ਓੜਕਿ ਨਿਬਹੀ ਪ੍ਰੀਤ॥*
*ਜੀਵਤ ਸਾਹਿਬ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥*

# ਬੰਸਾਵਲੀ
## ਭਾਈ ਮਰਦਾਨਾ

ਮੀਰ ਬਦਰਾ (ਪਿਤਾ)

↓

ਭਾਈ ਮਰਦਾਨਾ

↓

↓ ਭਾਈ ਰਜਾਦਾ — ↓ ਭਾਈ ਸਜਾਦਾ

ਭਾਈ ਸਜਾਦਾ ↓

↓ ਭਾਈ ਬਾਦੂ — ↓ ਭਾਈ ਸਾਦੂ

ਭਾਈ ਬਾਦੂ ↓

ਭਾਈ ਗੁਲਾਬਾ *

SIKHBOOKCLUB.COM

* ਭਾਈ ਗੁਲਾਬੇ ਤੋਂ ਅੱਗੇ ਭਾਈ ਮਰਦਾਨਾ ਜੀ ਦੀ ਬੰਸ ਦੀ ਸਹੀ ਜਾਣਕਾਰੀ ਇਤਿਹਾਸ ਵਿੱਚ ਉਪਲਭਦ ਨਹੀਂ ਹੈ। ਇਹਨਾਂ ਤੋਂ ਅੱਗੇ ਭਾਵੇਂ ਗੁਰੂ ਘਰ ਵਿੱਚ ਬਹੁਤ ਰਬਾਬੀ ਸੇਵਾ ਨਿਭਾਉਂਦੇ ਰਹੇ ਹਨ ਜਿਵੇਂ ਕਿ ਭਾਈ ਪਾਂਧਾ, ਭਾਈ ਬੂਲਾ, ਭਾਈ ਸੱਤਾ, ਭਾਈ ਬਲਵੰਡ, ਭਾਈ ਝਾਂਜੂ, ਭਾਈ ਮੁਕੰਦ, ਭਾਈ ਕਿਦਾਰਾ, ਭਾਈ ਅਬਦੁਲਾ, ਭਾਈ ਨੱੜਾ, ਭਾਈ ਭੀਖਾ, ਭਾਈ ਬਾਲ, ਭਾਈ ਜਾਲਪ, ਭਾਈ ਦੌਲਤ ਅਲੀ, ਭਾਈ ਕਾਲੂ, ਭਾਈ ਮਾਮੂ, ਭਾਈ ਮੰਦਾ, ਭਾਈ ਅਮੀਰ, ਭਾਈ ਹਾਕੋ, ਭਾਈ ਵਸਾਵਾ, ਭਾਈ ਵਧਾਵਾ ਆਦਿ ਦੇਸ਼ ਦੀ ਵੰਡ ਤੋਂ ਪਹਿਲਾਂ ਅਤੇ ਬਾਅਦ 'ਚ ਵੀ ਭਾਈ ਚਾਂਦ, ਭਾਈ ਬੂੜਾ, ਭਾਈ ਆਸ਼ਕ ਅਲੀ, (ਭਾਈ ਲਾਲ ਜੀ) ਆਦਿ ਭਾਈ ਮਰਦਾਨਾ ਜੀ ਦੀ ਸੁਰ 'ਤੇ ਰਬਾਬ ਨਾਲ ਕੀਰਤਨ ਕਰਦੇ ਰਹੇ। ਭਾਈ ਲਾਲ ਜੀ ਆਮ ਕਹਿੰਦੇ ਸਨ ਕਿ ਅਸੀਂ ਭਾਈ ਮਰਦਾਨਾ ਜੀ ਦੀ ਸਤਾਰਵੀਂ ਕੁੱਲ ਵਿੱਚੋਂ ਹਾਂ। ਪਰ ਕਿਸੇ ਵੀ ਇਤਿਹਾਸਕਾਰ ਜਾ ਲਿਖਾਰੀ ਨੇ ਅਜੇ ਤੱਕ ਭਾਈ ਮਰਦਾਨਾ ਜੀ ਦੀ ਕੁੱਲ ਦੇ ਪੂਰਨ ਵੇਰਵੇ ਨਹੀਂ ਦਿੱਤੇ।

# 2

# ਗੁਰਮਤਿ ਸੰਗੀਤ

ਮਨੁੱਖੀ ਜੀਵਨ ਅੰਦਰ ਸੰਗੀਤ ਮਨੋਂ ਰੂਹ ਦੀ ਖ਼ੁਰਾਕ ਹੈ। ਸੰਗੀਤ ਦੀਆਂ ਸੁਰਾਂ ਰਸੀਲੀਆਂ, ਸਰੂਰ ਭਰੀਆਂ, ਜੋਸ਼ਮਈ ਅਤੇ ਅਨੰਦਮਈ ਹੋਣ ਕਰਕੇ ਕੇਵਲ ਮਨੁੱਖ ਹੀ ਨਹੀਂ ਸਗੋਂ ਪਸ਼ੂਆਂ, ਪੰਛੀਆਂ, ਜੀਵ ਜੰਤੂ ਅਤੇ ਬਨਸਪਤੀ ਅੰਦਰ ਵੀ ਆਲੌਕਿਕ ਨਜ਼ਾਰੇ ਪੈਦਾ ਕਰ ਕੇ ਉਹਨਾਂ ਨੂੰ ਹੁਲਾਸ ਦਿੰਦੀਆਂ ਹਨ। ਸੰਗੀਤ ਮਨ ਦੀ ਇਕਾਗਰਤਾ, ਸ਼ਾਂਤੀ ਅਤੇ ਸਕੂੰਨ ਪੈਦਾ ਕਰਕੇ ਆਤਮਾ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੰਦਾ ਹੈ। ਸੰਗੀਤ ਦੀ ਕਲਾ ਕੋਮਲ ਹੋਣ ਕਰਕੇ ਮਨੁੱਖ ਦੀਆਂ ਕੋਮਲ ਭਾਵਨਾਂ ਨੂੰ ਵੀ ਪ੍ਰਗਟ ਕਰਦੀ ਹੈ। ਇਸ ਦਾ ਦੁਨਿਆਵੀ ਕਾਰ-ਵਿਹਾਰ ਅਤੇ ਰੋਜ਼ੀ-ਰੋਟੀ ਲਈ ਵੀ ਉਚਿੱਤ ਸਥਾਨ ਹੈ। ਸੰਗੀਤ ਦਾ ਅਧਾਰ ਨਾਦ (ਸਵਰ) ਅਤੇ ਲੈਅ (ਤਾਲ) ਹੈ।

## ਸੰਗੀਤ ਦੀ ਉਪਜ

ਨਾਰਦੀ ਸਿਕਸ਼ਾ ਅਤੇ ਸੰਗੀਤ ਰਤਨਾਗਰ ਗ੍ਰੰਥਾਂ ਵਿੱਚ ਦਰਜ ਹੈ ਕਿ ਸੰਗੀਤ ਦੀਆਂ 7 ਸੁਰਾਂ ਦੀ ਉਤਪਤੀ ਵੱਖ-ਵੱਖ ਜਾਨਵਰਾਂ ਜਾਂ ਪੰਛੀਆਂ ਦੀਆਂ ਆਵਾਜ਼ਾਂ ਚੋਂ ਬੰਦੇ ਨੇ ਹਾਸਲ ਕੀਤੀ ਜਿਵੇਂ ਮੋਰ ਦੀ ਅਵਾਜ਼ ਚੋਂ 'ਸ' ਪਪੀਹੇ ਦੀ ਅਵਾਜ਼ ਚੋਂ 'ਰੇ', ਬੱਕਰੇ ਦੀ ਆਵਾਜ਼ ਚੋਂ 'ਗ' ਚਕੋਰ ਦੀ ਅਵਾਜ਼ ਚੋਂ 'ਮ' ਕੋਇਲ ਦੀ ਅਵਾਜ਼ ਤੋਂ 'ਪ', ਡੱਡੂ ਦੀ ਆਵਾਜ਼ ਦੋਂ 'ਧ', ਹਾਥੀ ਦੀ ਆਵਾਜ਼ ਚੋਂ 'ਨੀ' ਸ੍ਵਰ ਉਪਜਦੇ ਹਨ ਭਾਵ ਸੰਗੀਤ ਦੇ ਮੁੱਖ ਸ੍ਵਰ ਸ, ਰੇ, ਗ,ਮ,ਪ,ਧ,ਨੀ ਹਨ।

ਫ਼ਾਰਸੀ ਵਿੱਚ ਇੱਕ ਗਾਥਾ ਹੈ ਕਿ ਆਤਿਸਜ਼ਨ ਨਾਂ ਦਾ ਇੱਕ ਪੰਛੀ ਹੈ, ਜਿਸ ਦੀ ਚੁੰਝ 'ਚ 7 ਸੁਰਾਖ਼ ਹੁੰਦੇ ਹਨ ਅਤੇ ਇਨ੍ਹਾਂ ਸੁਰਾਖਾਂ ਵਿੱਚੋਂ 7 ਧੁਨੀਆਂ ਨਿਕਲਦੀਆਂ ਹਨ। ਇੱਕ ਹੋਰ ਗਾਥਾ ਅਨੁਸਾਰ ਹਜ਼ਰਤ ਮੂਸਾ ਇੱਕ ਵਾਰ ਜੰਗਲ ਵਿੱਚ ਘੁੰਮ ਰਿਹਾ ਸੀ। ਕੁਦਰਤੀ ਇੱਕ ਪੱਥਰ ਬਾਰਸ਼ ਪੈਣ ਸਮੇਂ ਜਦੋਂ ਪਹਾੜੀ ਤੋਂ ਡਿੱਗਿਆ ਤਾਂ ਉਸ ਦੇ 7 ਟੋਟੇ ਹੋ ਗਏ ਅਤੇ ਇਨ੍ਹਾਂ ਟੋਟਿਆਂ ਵਿੱਚੋਂ ਉਸ ਨੇ 7 ਸ੍ਵਰ ਸੁਣੇ।

ਭਾਰਤ, ਯੂਨਾਨ, ਚੀਨ ਦੀਆਂ ਪੁਰਾਣਿਕ ਕਥਾਵਾਂ ਅਨੁਸਾਰ ਸੰਗੀਤ ਦੀ ਉਤਪਤੀ ਦੈਵੀ ਸ਼ਕਤੀ ਦੀ ਉਪਜ ਹੈ। ਇਹ ਧਰਤੀ ਤੋਂ ਆਕਾਸ਼ ਤੱਕ ਸੰਪਰਕ ਕਰਨ ਦੀ ਸਮਰਥਾ ਰਖਦੀ ਹੈ।

## ਭਾਰਤੀ ਅਤੇ ਪੱਛਮੀ ਸੰਗੀਤ

ਸੰਗੀਤ ਸ਼ਬਦ ਸੰਗ+ਗੀਤ ਦੇ ਸੁਮੇਲ ਤੋਂ ਹੋਂਦ ਵਿੱਚ ਆਇਆ ਹੈ। ਇਸ ਦਾ ਭਾਵ ਹੈ ਕਿ ਕਾਵਿ ਰਚਨਾ ਨੂੰ ਇੱਕਠ ਜਾਂ ਸੰਗਤ ਵਿੱਚ ਗਾਉਣਾ। ਸੰਸਾਰ ਅੰਦਰ ਵੱਖ ਵੱਖ ਖਿੱਤਿਆਂ ਵਿੱਚ ਜਿਸ ਤਰ੍ਹਾਂ ਬੋਲੀ ਵੱਖਰੀ ਹੈ ਉਸੇ ਤਰ੍ਹਾਂ ਸੰਗੀਤ ਕਲਾ ਵੀ ਵੱਖਰੀ ਹੈ। ਸੰਗੀਤ ਸਮਾਜ ਦੀ ਸੱਭਿਆਚਾਰਕ ਰੀਤ ਨੂੰ ਵੀ ਪ੍ਰਗਟ ਕਰਦਾ ਹੈ। ਭਾਰਤੀ ਸੰਗੀਤ ਜੋ ਸਦੀਆਂ ਪੁਰਾਣਾ ਹੈ ਵਿੱਚ ਲੋਕ-ਗੀਤ, ਸਾਸ਼ਤਰੀ, ਸੂਫੀ ਅਤੇ ਗੁਰਮਤਿ ਸੰਗੀਤ ਮੁੱਖ ਹਨ। ਇਹ ਸੰਗੀਤ ਟਕਸਾਲੀ (classical) ਹੈ ਅਤੇ ਇਸ ਦੀ ਪੱਧਤੀ (method) ਅਰਥਾਤ ਗਾਉਣ ਦਾ ਢੰਗ ਬੜਾ ਸੂਖਮ, ਨਿੱਗਰ, ਡੂੰਘਾ, ਵਿਸਮਾਦੀ ਅਤੇ ਵਿਗਿਆਨਕ ਹੈ। ਇਸ ਸੰਗੀਤ ਦੀਆਂ ਤਿੰਨ ਸ਼ਾਖਾਵਾਂ ਗਾਇਨ, ਵਾਦਨ ਅਤੇ ਨ੍ਰਿਤ ਹਨ। ਗਾਇਨ ਅਧੀਨ ਵਾਦਨ ਹੈ ਅਤੇ ਵਾਦਨ ਅਧੀਨ ਨ੍ਰਿਤ ਹੈ। ਪਰ ਗਾਇਨ ਸਭ ਤੋਂ ਸ੍ਰੇਸ਼ਠ ਹੈ। ਸੰਗੀਤ ਵਿੱਚ ਨਾਦ ਤੋਂ ਸ਼ਰੁਤੀ, ਸ਼ਰੁਤੀ ਤੋਂ ਸ੍ਵਰ, ਸ੍ਵਰਾਂ ਤੋਂ ਸਪਤਕ, ਸਪਤਕ ਤੋਂ ਥਾਟ ਅਤੇ ਥਾਟ ਤੋਂ ਅੱਗੇ ਰਾਗ ਦੀ ਉਤਪਤੀ ਹੁੰਦੀ ਹੈ। ਇਹ ਦੇਸੀ ਤੇ ਵਿਦੇਸ਼ੀ ਸਾਜ਼ਾਂ ਨਾਲ ਗਾਇਆ ਜਾਂਦਾ ਹੈ। ਪਰ ਪੱਛਮੀ ਸੰਗੀਤ ਜੋ ਵਾਦਨ ਅਤੇ ਗਾਇਨ 'ਤੇ ਆਧਾਰਤ ਹੈ, ਵਿੱਚ ਵਾਦਨ ਪ੍ਰਮੁੱਖ ਹੈ। ਇਸ ਨੂੰ ਪੌਪ ਸੰਗੀਤ ਵੀ ਕਹਿੰਦੇ ਹਨ ਕਿਉਂਕਿ ਇਹ ਸਥੂਲ ਵਿਗਿਆਨਕ ਸਾਜ਼ਾਂ 'ਤੇ ਆਧਾਰਤ ਹੈ। ਅੱਜ ਕਲ੍ਹ ਭਾਰਤ ਅੰਦਰ ਵੀ ਇਹ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ। ਭਾਰਤੀ ਸੰਗੀਤ ਦੀ ਦੁਨੀਆਂ ਅੰਦਰ ਮੀਰ ਖੁਸਰੋ, ਜਿਸ ਨੂੰ ਉਰਦੂ ਦਾ ਜਨਮ ਦਾਤਾ ਮੰਨਿਆ ਜਾਂਦਾ ਹੈ, ਉਹ ਕਵਾਲੀ ਅਤੇ ਠੁਮਰੀ ਦਾ ਪਿਤਾਮਾ ਵੀ ਕਹਾਉਂਦਾ ਹੈ ਇੱਕ ਮਹਾਨ ਸੰਗੀਤਕਾਰ ਹੋਇਆ ਹੈ।

SIKHBOOKCLUB.COM

## ਗੁਰਮਤਿ ਸੰਗੀਤ

ਗੁਰਬਾਣੀ, ਜੋ ਇਲਾਹੀ ਹੈ, ਧੁਰ ਦਰਗਾਹੋਂ ਆਈ ਹੈ। ਇਹ ਗੁਰੂਆਂ, ਭਗਤਾਂ, ਗੁਰਸਿੱਖਾਂ ਅਤੇ ਭੱਟਾਂ ਦੇ ਬੋਲ ਹਨ ਤੇ ਮਾਨੋਂ ਇੱਕ ਨਿਰਮਲ ਜਲਧਾਰਾ ਹੈ। ਇਹ ਜਲਧਾਰਾ ਅੰਮ੍ਰਿਤ ਰੂਪੀ ਹੋਣ ਕਰ ਕੇ, ਤਪਦਿਆਂ ਹਿਰਦਿਆਂ ਨੂੰ ਠਾਰਨ ਵਾਲੀ, ਮਨ ਦੇ ਸ਼ੰਕੇ ਅਤੇ ਚਿੰਤਵਾਂ ਨਿਵਾਰਨ ਵਾਲੀ, ਰੂਹ ਨੂੰ ਸ਼ਿੰਗਾਰਨ ਵਾਲੀ, ਕੂੜ-ਕ੍ਰਿਆਵਾਂ ਨੂੰ ਸੰਘਾਰਨ ਵਾਲੀ, ਰੱਬੀ ਨਾਮ ਜਪਾਵਣ ਵਾਲੀ, ਅਤੇ ਭਵਜਲੋਂ ਪਾਰ ਲੰਘਾਵਣ ਵਾਲੀ ਹੈ। ਇਹ ਬਾਣੀ ਐਸਾ ਮਹਾਂ ਕਵਿ ਹੈ ਕਿ ਗੁਰੂ ਸਾਹਿਬਾਨ ਵੱਲੋਂ ਇਸ ਨੂੰ ਗਾ ਕੇ ਸੁਣਾਉਣ ਦੀ ਪ੍ਰੇਰਨਾ ਹੈ। ਗੁਰਬਾਣੀ ਸੰਗੀਤ ਨੂੰ ਗੁਰਮਤਿ ਸੰਗੀਤ ਵੀ ਕਿਹਾ ਜਾਂਦਾ ਹੈ। ਇਹ ਸੰਗੀਤ ਭਾਰਤੀ ਅਤੇ ਪੱਛਮੀ ਸੰਗੀਤ ਤੋਂ ਭਿੰਨ ਅਤੇ ਅਨੋਖਾ ਹੈ। ਇਸ ਦਾ ਮੁੱਖ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ। ਇਹ ਬਾਣੀ 31 ਰਾਗ਼ਾਂ 'ਤੇ ਨਿਰਧਾਰਤ ਹੈ। ਇਸ ਗੁਰਬਾਣੀ ਨੂੰ ਕੀਰਤਨ ਦੁਆਰਾ ਗਾਉਣ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਨੇ ਭਾਈ

ਮਰਦਾਨੇ ਨੂੰ ਸਾਥ ਲੈ ਕੇ ਸ਼ੁਰੂ ਕੀਤੀ। ਕੀਰਤਨ ਦੀ ਇਕਾਈ ਗੁਰ ਸ਼ਬਦ ਹੈ ਜੋ ਮਨੁੱਖਤਾ ਲਈ ਰੂਹਾਨੀ ਸੰਦੇਸ਼ ਦਿੰਦਾ ਹੈ ਕਿਉਂਕਿ ਇਸ ਰਾਹੀਂ ਹਰੀ ਜਸ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਪੱਧਤੀ ਬਹੁਤ ਹੀ ਨਵੇਕਲੀ, ਸੁਤੰਤਰ, ਰਚਨਾਤਮਕ, ਕਲਾਤਮਕ, ਆਦਰਸ਼ਕ ਅਤੇ ਬੁਨਿਆਦੀ ਹੈ। ਗੁਰਬਾਣੀ ਰਾਗ ਬੱਧ ਹੋਣ ਕਰ ਕੇ ਇਸ ਦਾ ਕੀਰਤਨ ਰਾਗ ਵਿੱਚ ਹੀ ਕਰਨ ਦਾ ਉਪਦੇਸ਼ ਹੈ। ਇਹ ਕੀਰਤਨ ਜਾਂ ਸੰਗੀਤ ਦੂਜੇ ਸੰਗੀਤਾਂ ਤੋਂ ਇਸ ਕਰ ਕੇ ਵੱਖਰਾ ਹੈ ਕਿਉਂਕਿ ਇਸ ਵਿੱਚ ਨੱਚਣ, ਟੱਪਣ, ਹੱਸਣ, ਤਾੜੀਆਂ ਆਦਿ ਮਾਰਨ ਦੀ ਮਨਾਹੀ ਹੈ। ਇਹ ਮਨਾਹੀਂ ਇਸ ਕਰ ਕੇ ਹੈ ਕਿ ਇਨ੍ਹਾਂ ਗੱਲਾਂ ਨਾਲ ਮਨ ਟਿਕਾਉ ਵਿੱਚ ਨਹੀਂ ਰਹਿੰਦਾ, ਸੁਰਤ ਨੂੰ ਸ਼ਬਦ ਨਾਲ ਜੋੜਿਆ ਨਹੀਂ ਜਾ ਸਕਦਾ ਅਤੇ ਨਾ ਹੀ ਸ਼ਬਦ ਦੀ ਸਮਝ ਆ ਸਕਦੀ ਹੈ। ਇਹ ਕੀਰਤਨ ਰਾਗ ਪ੍ਰਧਾਨ ਨਹੀਂ, ਸ਼ਬਦ ਪ੍ਰਧਾਨ ਹੈ। ਰਾਗ ਭਾਰੂ ਕੀਰਤਨ ਵਿੱਚ ਸ਼ਬਦ ਅਲੋਪ ਹੋਣ ਕਾਰਨ ਕੀਰਤਨੀਏ ਦੀ ਪੇਸ਼ਕਾਰੀ ਮਨ ਤੇ ਬੁੱਧੀ ਤੱਕ ਹੀ ਸੀਮਿਤ ਰਹਿੰਦੀ ਹੈ। ਐਸੀ ਕਲਾ ਕੀਰਤਨੀਏ ਦੀ ਹਉਮੈ ਵੀ ਪ੍ਰਗਟ ਕਰਦੀ ਹੈ। ਸੰਗਤਾਂ ਗੁਰ ਸ਼ਬਦ ਨਾਲ ਇੱਕ ਮਿੱਕ ਹੋਣ ਤੋਂ ਅਸਮਰਥ ਹੋ ਜਾਂਦੀਆਂ ਹਨ। ਗੁਰਬਾਣੀ ਦਾ ਫੁਰਮਾਣ ਹੈ:

*ਇਕ ਗਾਵਤੌ ਰਹੈ ਮਨਿ ਸਾਦਿ ਨ ਪਾਏ॥ ਹਉਮੈ ਵਿਚਿ ਗਾਵਹਿ ਬਿਰਥਾ ਜਾਏ॥ (157)*

ਸ਼ਬਦ ਨੂੰ ਰਾਗ ਵਿੱਚ ਮਰਯਾਦਾ-ਬੱਧ ਰੱਖ ਕੇ ਕੀਤਾ ਕੀਰਤਨ ਸਰੋਤਿਆਂ ਨੂੰ ਸ਼ਬਦ ਦੇ ਬੋਲਾਂ ਨਾਲ ਜੋੜਨ ਕਰ ਕੇ, ਸ਼ਬਦ ਦੀ ਰਮਜ਼ ਅਤੇ ਰਹੱਸ ਨੂੰ ਸਮਝਾਉਣ ਨਾਲ ਬੜਾ ਅਨੰਦ ਆਉਂਦਾ ਹੈ। ਇੰਵ ਗੁਰਮੁਖ ਸੱਜਣ ਜਦੋਂ ਪ੍ਰਭੂ ਦੀ ਪ੍ਰੇਮਾ ਭਗਤੀ ਨਾਲ ਕੀਰਤਨ ਕਰਦੇ ਹਨ ਤਾਂ ਉਨ੍ਹਾਂ ਦੀ ਕੀਰਤਨ-ਸ਼ੈਲੀ ਬੜੀ ਸਪਸ਼ਟ ਅਤੇ ਰਾਗਮਈ ਹੋ ਜਾਂਦੀ ਹੈ। ਅਰਥਾਤ ਕੀਰਤਨੀਏ ਦੇ ਮਨ ਅੰਦਰ ਸਹਿਜ ਅਤੇ ਗਾ ਰਹੇ ਗੁਰ ਸ਼ਬਦ ਦੇ ਭਾਵ ਦਾ ਰੰਗਣ ਚੜ੍ਹਿਆ ਹੋਣਾ ਜ਼ਰੂਰੀ ਹੈ। ਐਸੀ ਅਵਸਥਾ ਵਿੱਚ ਜਿੱਥੇ ਕੀਰਤਨੀਆਂ ਅਤੇ ਸੰਗਤ ਅਨੰਦਿਤ ਹੁੰਦੀ ਹੈ ਉੱਥੇ ਪਰਮਾਤਮਾ ਵੀ ਪਰਸੰਨ ਹੁੰਦਾ ਹੈ ਅਤੇ ਚੋਖੀਆਂ ਬਖਸ਼ਸ਼ਾਂ ਕਰਦਾ ਹੈ। ਭਾਵ 'ਖੋਲ ਖਜ਼ਾਨਾ ਸਬਦ ਦਾ ਸਾਧ ਸੰਗਤਿ ਸਚੁ ਮੇਲ ਮਿਲਾਇਆ। (ਭਾਈ ਗੁਰਦਾਸ ਜੀ)।

SIKHBOOKCLUB.COM

ਸਵਰਗਵਾਸੀ ਪ੍ਰੋਫ਼ੈਸਰ ਪਰਮਜੋਤ ਸਿੰਘ, ਜਿਹੜੇ ਬਹੁਤ ਹੀ ਗੁਰਮੁਖ ਸੱਜਣ, ਸਾਦਾ ਜੀਵਨ ਵਾਲੇ, ਰਾਗ ਵਿੱਦਿਆ ਦੇ ਮਾਹਰ ਅਤੇ ਨਿਸ਼ਕਾਮ ਕੀਰਤਨੀਏ ਸਨ, ਆਪਣੀ ਕਿਤਾਬੜੀ 'ਕਿਨਿ ਬਿਧਿ ਕੀਰਤਨ ਗਾਏ ਜੀਉ' ਵਿੱਚ ਲਿਖਦੇ ਹਨ ਕਿ ਕੀਰਤਨ ਦਾ ਪ੍ਰਭਾਵ ਸਰੋਤੇ ਨਹੀਂ ਕਬੂਲਦੇ ਜਦੋਂ ਕੀਰਤਨ ਰਾਗੀਆਂ ਦੁਆਰਾ ਮੇਰ-ਤੇਰ, ਮਾਣ-ਤਾਣ, ਮਾਇਕ ਪ੍ਰਭਾਵ ਅਤੇ ਸੰਸਾਰਕ ਪੂਰਤੀ ਲਈ ਕੀਤਾ ਜਾਂਦਾ ਹੈ। ਜਦੋਂ ਉਹ ਕੀਰਤਨ ਕਰਤਾ ਪੁਰਖ ਨੂੰ ਹਾਜ਼ਰ ਨਾਜ਼ਰ ਸਮਝ ਕੇ ਨਹੀਂ ਸਗੋਂ ਆਪਣੀ ਡਿਊਟੀ ਪੂਰੀ ਕਰਨ ਲਈ ਕਰਦੇ ਹਨ, ਉਨ੍ਹਾਂ ਦੇ ਆਪਣੇ ਮਨ ਦੀ

ਭਟਕਣਾ ਸਰੋਤਿਆਂ ਦੇ ਮਨਾਂ ਨੂੰ ਨਹੀਂ ਟਿਕਾ ਸਕਦੀ। ਉਹ ਅੱਗੇ ਲਿਖਦੇ ਹਨ, ਕਈ ਵਾਰ ਬਨਾਵਟੀ ਤੇ ਦਿਖਾਵਟ ਵਾਲਾ ਵਾਤਾਵਰਣ ਵੀ ਸਰੋਤਿਆਂ ਦੀਆਂ ਬਿਰਤੀਆਂ ਨੂੰ ਖਿੰਡਾਉਣ ਦਾ ਕਾਰਨ ਬਣਦਾ ਹੈ। ਬੇਲੋੜ ਸਾਜ਼ਾਂ ਦੀ ਛਣਛਣਾਹਟ, ਲਾਊਡ ਸਪੀਕਰਾਂ ਦੀ ਤੀਖਣ ਆਵਾਜ਼, ਬਿਜਲੀ ਦੀਆਂ ਅੱਖਾਂ ਚੁੰਧਿਆਉਂਦੀਆਂ ਰੋਸ਼ਨੀਆਂ ਵੀ ਗੁਰਬਾਣੀ ਦੇ ਕੀਰਤਨ ਦੇ ਅੰਮ੍ਰਿਤਮਈ ਰਸ ਵਿੱਚ ਵਿੱਕ ਪਾਉਂਦੀਆਂ ਹਨ। ਇਸ ਤਰ੍ਹਾਂ ਵਾਤਾਵਰਣਿਕ ਪ੍ਰਭਾਵ ਬਿਰਤੀਆਂ ਨੂੰ ਖਿੰਡਾਉਣ ਦਾ ਕਾਰਨ ਬਣਦਾ ਹੈ। ਹੋਰ ਤਾਂ ਹੋਰ ਕਈ ਵਾਰ ਗੁਰਬਾਣੀ ਕੀਰਤਨ ਵੇਲੇ ਫਿਲਮੀ ਧੁਨਾਂ ਨੂੰ ਪਹਿਲ ਦਿੱਤੀ ਜਾਂਦੀ ਹੈ ਜਾਂ ਰਾਗ ਨਾਦ ਵਿੱਚ ਗੁਰਬਾਣੀ ਸ਼ਬਦਾਂ ਨੂੰ ਉਲਝਾਇਆ ਜਾਂਦਾ ਹੈ ਪਰ ਜੇਕਰ ਕੀਰਤਨੀਆਂ ਗੁਰਬਾਣੀ ਦੇ ਨਿਯਮਾਂ ਅਨੁਸਾਰ ਸਹਿਜ ਮਾਰਗ ਦਾ ਪਾਂਧੀ ਬਣ ਕੇ ਕੀਰਤਨ ਕਰਦਾ ਹੈ ਤਾਂ ਸਰੋਤਿਆਂ ਦਾ ਮਨ ਵਿਸਮਾਦ ਅਵਸਥਾ ਵਿੱਚ ਆ ਕੇ ਅਨੂਠਾ ਅਨੰਦ ਮਾਣਦਾ ਹੈ। ਸਰੋਤੇ ਨਿੰਮੀ ਨਿੰਮੀ ਸੰਗੀਤਕ ਆਵਾਜ਼ ਵਿੱਚ ਰਸ ਮਾਣਦੇ ਹਨ ਅਤੇ ਉਸ ਜਗ੍ਹਾ ਬੇਪ੍ਰਵਾਹੀ ਅਤੇ ਵਿਸਮਾਦੀ ਦੇ ਮੰਡਲ ਵਿੱਚ ਜਾ ਵਿਰਾਜਦੇ ਹਨ, ਜਿਵੇਂ ਭਾਈ ਗੁਰਦਾਸ ਜੀ ਲਿਖਦੇ ਹਨ:

*ਅਮਿਉਂ ਕਿਰਨ ਨਿਝਰ ਝਰੈ ਆਦਿ ਝਰੋਖੇ ਪੌਲੈ ਬਾਰੀ।*
*ਪਾਤਸ਼ਾਹ ਦੀ ਮਜਲਸੇ ਪਿਰਮ ਪਿਆਲਾ ਪੀਵਨਹਾਰੀ।*

SIKHBOOKCLUB.COM

ਗੁਰੂ ਨਾਨਕ ਸਾਹਿਬ ਨੇ ਕੀਰਤਨ ਲਈ ਬਹੁਤ ਹੀ ਸਾਦਾ, ਲੋਕਪ੍ਰੀਯ, ਧੀਮੀ, ਮਿੱਠੀ ਅਤੇ ਸੁਰੀਲੀ ਆਵਾਜ਼ ਵਾਲਾ ਸਾਜ਼ 'ਰਬਾਬ' ਭਾਈ ਮਰਦਾਨਾ ਜੀ ਨੂੰ ਲੈ ਕੇ ਦਿੱਤਾ। ਉਨ੍ਹਾਂ ਰਬਾਬ ਦੀਆਂ ਸੁਰਾਂ ਨਾਲ ਰੱਬੀ ਬਾਣੀ ਨੂੰ ਬਹੁਤ ਹੀ ਰਮਣੀਕ, ਆਦਰਸ਼ਕ ਅਤੇ ਆਕਰਸ਼ਕ ਢੰਗ ਨਾਲ ਸੰਗਤਾਂ ਅਤੇ ਗਗਨ ਮੰਡਲ ਵਿੱਚ ਵਖੇਰਿਆ। ਉਨ੍ਹਾਂ ਆਪਣੇ ਮਿਕਨਾਤੀਸੀ ਬੋਲਾਂ ਨਾਲ ਜੰਗਲਾਂ ਵਿੱਚ ਮੰਗਲ ਲਾ ਦਿੱਤੇ, ਸਮੁੰਦਰਾਂ, ਦਰਿਆਵਾਂ, ਝੀਲਾਂ ਅਤੇ ਨਦੀਆਂ ਦੇ ਕਿਨਾਰਿਆਂ 'ਤੇ ਬੈਠ ਕੀਰਤਨ ਦੀਆਂ ਧੁਨੀਆਂ ਨਾਲ ਸੰਗਤਾਂ ਇਕੱਠੀਆਂ ਕਰ ਕੇ ਉਨ੍ਹਾਂ ਦੀਆਂ ਬਦੀਆਂ ਮਿਟਾ ਦਿੱਤੀਆਂ। ਆਬਸ਼ਾਰਾਂ ਅਤੇ ਦਰਿਆਵਾਂ ਦੇ ਪਾਣੀ ਦੇ ਤੇਜ਼ ਵਹਾ ਵਾਂਗ ਗੁਰ ਸ਼ਬਦਾਂ ਦੇ ਗਾਇਨ ਵਿੱਚੋਂ ਦਿਲਕਸ਼ ਫੁਆਰੇ ਫੁੱਟਣ ਕਰ ਕੇ ਕੋਹੜੀਆਂ ਦੇ ਰੋਗ ਦੂਰ ਕਰ ਦਿੱਤੇ, ਕੌਡੇ ਰਾਕਸ਼ ਦੇ ਤਪਦੇ ਤੇਲ ਦੇ ਕੜਾਹੇ ਠੰਢੇ ਕਰ ਦਿੱਤੇ, ਭੁੱਲੇ ਭਟਕਿਆਂ ਨੂੰ ਰਾਹੇ ਪਾ, ਜੀਵਨ ਦਾ ਮੰਤਵ ਸਮਝਾ, ਭਰਮੀਆਂ ਅਤੇ ਚਿੰਤਾਗ੍ਰਸਤੀਆਂ ਦੇ ਭਰਮ ਅਤੇ ਚਿੰਤਾਵਾਂ ਦੂਰ ਕਰ ਦਿੱਤੀਆਂ। ਜਿੱਥੇ ਕਿਤੇ ਵੀ ਬਾਬਾ ਨਾਨਕ ਅਤੇ ਭਾਈ ਮਰਦਾਨਾ ਬੈਠ ਕੇ ਗੁਰ ਸ਼ਬਦਾਂ ਦੇ ਤਰਾਨੇ ਅਲਾਪਦੇ ਲੋਕ ਇਨ੍ਹਾਂ ਨੂੰ ਸੁਣ ਮਸਤਾਨੇ ਅਤੇ ਦਿਵਾਨੇ ਹੋ ਜਾਂਦੇ ਸਨ। ਵੱਡੀ ਗੱਲ ਸਾਹਿਬਾਂ ਨੇ ਜਿੱਥੇ ਭੋਜਨ ਦੇ ਮੁਫਤ ਲੰਗਰ ਚਲਾ ਕੇ ਉੱਥੇ ਗੁਰਬਾਣੀ ਕੀਰਤਨ (ਭਜਨ) ਦੇ ਲੰਗਰ ਵੀ ਮੁਫਤ

ਵਰਤਾਏ। ਭਾਈ ਗੁਰਦਾਸ ਜੀ ਨੇ ਆਪਣੀ ਉਨਤਾਲੀਵੀਂ ਵਾਰ ਦੀ ਨੌਵੀਂ ਪਉੜੀ ਵਿੱਚ ਅੰਕਿਤ ਕੀਤਾ ਹੈ ਕਿ ਕੀਰਤਨ ਦੇ ਮੁਫਤ ਲੰਗਰ ਦੀ ਦਾਤ ਰਸੀਆਂ ਨੇ ਤਾਂ ਪ੍ਰਾਪਤ ਕਰ ਲਈ ਪਰ ਰਸ ਹੀਣੇ ਇਸ ਤੋਂ ਵਾਂਝੇ ਰਹਿ ਗਏ। ਭਾਵ ਦਾਤ ਅਤੇ ਜੋਤਿ ਦੀ ਵਡਿਆਈ ਨਿਰੰਕਾਰ ਨਾਮ ਰਸੀਏ ਨੂੰ ਹੀ ਬਖਸ਼ਦਾ ਹੈ, ਹਰ ਕੋਈ ਆਪਣੇ ਆਪ ਜਾਂ ਹਠ ਨਾਲ ਨਹੀਂ ਲੈ ਸਕਦਾ।

*ਬਹੈ ਝਰੋਖੇ ਪਾਤਿਸਾਹ ਖਿੜਕੀ ਖੋਲ੍ਹਿ ਦੀਵਾਨ ਲਗਾਵੈ।*
*ਅੰਦਰਿ ਚਉਕੀ ਮਹਲ ਦੀ ਬਾਹਰਿ ਮਰਦਾਨਾ ਮਿਲਿ ਆਵੈ।*
*(ਵਾਰ 39, ਪਉੜੀ 1)*

ਭਾਵ ਸਤਿਗੁਰ ਧੁਰ ਦਰਗਾਹੀ ਆ ਰਹੀ ਬਾਣੀ ਦੇ ਦਿਵਾਨ ਸਤਿਸੰਗਤ ਵਿੱਚ ਲਗਾਉਂਦੇ ਹਨ। ਇਸ ਸਤਿਸੰਗ ਵਿੱਚ ਪ੍ਰਭੂ ਨਾਲ ਜੁੜੇ ਮਰਦ (ਗੁਰਮੁਖ) ਅਤੇ ਪ੍ਰਭੂ ਤੋਂ ਟੁੱਟੇ ਹੋਏ (ਮਨਮੁੱਖ) ਬੰਦੇ ਵੀ ਆਉਂਦੇ ਹਨ। ਪਰ ਇਹ ਪਿਰਮ ਪਿਆਲਾ ਕੋਈ ਵਿਰਲਾ ਵਿਰਲਾ ਗੁਰਮੁਖ ਬਣ ਕੇ ਹੀ ਹਾਸਲ ਕਰਦਾ ਹੈ। ਜਿਸ ਤਰ੍ਹਾਂ ਭਾਈ ਮਰਦਾਨੇ ਨੇ ਗੁਰੂ ਦੇ ਮਿਲਾਪ ਨਾਲ ਚੱਖਿਆ।

## ਰਾਗ ਅਤੇ ਨਾਦ

ਰਾਗ ਸ਼ਬਦ ਰੰਜ' ਧਾਤੂ ਤੋਂ ਹੋਂਦ ਵਿੱਚ ਆਇਆ ਜਿਸ ਦਾ ਭਾਵ ਹੈ ਪ੍ਰਸੰਨ, ਆਨੰਦ ਜਾਂ ਪ੍ਰੇਮ। ਰਣਜੀਤ ਸਿੰਘ ਖੜਗ ਨੇ ਰਾਗ ਨੂੰ ਰੰਗ ਤੋਂ ਬਣਿਆ ਸ਼ਬਦ ਲਿਖਿਆ ਹੈ। ਅਰਥਾਤ ਉਹ ਰੰਗ ਜੋ ਮਨ ਨੂੰ ਰੰਗ ਚਾੜ੍ਹੇ, ਆਨੰਦ ਦਵੇ, ਰਸ ਅਤੇ ਹੁਲਾਸ ਪੈਦਾ ਕਰੇ। ਸੁਰਪ੍ਰੀਤ ਸਹਿਗਲ ਨੇ ਲਿਖਿਆ ਹੈ ਕਿ ਰਾਗ, ਸੁਰ ਅਤੇ ਵਰਣਾ ਦੀ ਉਹ ਸੁੰਦਰ ਰਚਨਾ ਹੈ ਜਿਸ ਨੂੰ ਸੁਣਦਿਆਂ ਹੀ ਮਨ ਖੁਸ਼ੀ ਨਾਲ ਝੂਮ ਉੱਠੇ। ਸਾਰੰਗ ਦੇਵ ਦੇ ਗ੍ਰੰਥ 'ਸੰਗੀਤ ਰਤਨਾਕਰ' ਅਨੁਸਾਰ, ਰਾਗ ਉਹ ਸੰਗੀਤ ਧੁਨੀ ਹੈ ਜਿਸ ਨੂੰ ਸੁਰ ਅਤੇ ਵਰਣਾ ਨਾਲ ਸਜਾਇਆ ਗਿਆ ਹੋਵੇ ਅਤੇ ਜੋ ਸੁਣਦਿਆਂ ਹੀ ਮਨ ਵਿੱਚ ਖੁਸ਼ੀ ਤੇ ਆਨੰਦ ਦੀ ਲਹਿਰ ਪੈਦਾ ਹੋ ਜਾਵੇ। ਮਤੰਗ ਮੁਨੀ, ਜੋ ਮਸ਼ਹੂਰ ਭਾਰਤੀ ਸ਼ਾਸਤਰਕਾਰ ਹੋਇਆ ਹੈ ਨੇ ਇਤਿਹਾਸਕਾਰਾਂ ਅਨੁਸਾਰ ਆਪਣੇ ਗ੍ਰੰਥ ਬ੍ਰਿਹਿਦਿਦੇਸ਼ੀ ਵਿੱਚ ਰਾਗ ਸ਼ਬਦ ਸਭ ਤੋਂ ਪਹਿਲਾਂ ਵਰਤਿਆ। ਮਤੰਗ ਅਨੁਸਾਰ ਉਹ ਧੁਨੀ ਜੋ ਸੁਰ ਅਤੇ ਵਰਣ ਨਾਲ ਸਜੀ ਹੋਵੇ ਅਤੇ ਜਿਸ ਤੋਂ ਰੰਜਕਤਾ ਅਨੁਭਵ ਹੋਵੇ, ਉਹ ਰਾਗ ਕਹਿਲਾਉਂਦੀ ਹੈ। ਰਾਗ ਸ਼ਬਦ ਨੂੰ ਭਾਰਤੀ ਸੰਗੀਤ ਦੇ ਖੇਤਰ ਵਿੱਚ 'ਜਨ-ਚਿਤ-ਰੰਜਕ' ਧੁਨੀ ਮੰਨਿਆ ਜਾਂਦਾ ਹੈ।

ਗੁਰੂ ਸਾਹਿਬ ਰਾਗ ਦੀ ਮਹਾਨਤਾ ਬਾਰੇ ਇੰਵ ਸੰਕੇਤ ਦਿੰਦੇ ਹਨ

*ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥ (958)*

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਇੱਕ ਥਾਂ ਹੋਰ ਅੰਕਿਤ ਕੀਤਾ ਹੈ:

*ਰਾਗੁ ਨਾਦੁ ਸਭ ਸਚੁ ਹੈ ਕੀਮਤਿ ਕਹੀ ਨਾ ਜਾਇ (1423)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰ 'ਚ ਰਾਗ ਮਾਲਾ ਦਰਜ ਹੈ। ਇਸ ਵਿੱਚ 6 ਮੁੱਖ ਰਾਗਾਂ ਦਾ ਵਰਨਣ ਹੈ। ਹਰ ਰਾਗ ਦੀਆਂ ਪੰਜ ਪੰਜ ਰਾਗਨੀਆਂ ਹਨ ਅਤੇ ਅੱਠ ਅੱਠ ਉਨ੍ਹਾਂ ਦੇ ਪੁੱਤਰ ਹਨ।

ਨਾਦ ਦਾ ਭਾਵ ਹੈ ਸ੍ਵਰ, ਸੁਰਾਂ ਦਾ ਅਲਾਪ, ਅਵਾਜ਼ ਦੀ ਗੂੰਜ, ਥਰਥਰਾਹਠ, ਗਾਉਣ ਦੀ ਧਾਰਨਾ ਆਦਿ। ਗੁਰਬਾਣੀ ਕਾਵਯ ਸੰਗੀਤ ਅਨਹਦ ਨਾਦ ਹੈ ਜਿਸ ਵਿੱਚੋਂ ਅਨਾਦੀ ਧੁਨਾਂ (ਤਰੰਗਾਂ) ਉਪਜਦੀਆਂ ਹਨ। ਇਹ ਤਰੰਗਾਂ ਜੀਵਾਂ ਦੇ ਅੰਦਰ ਸੁੱਤੀ ਕਲਾ ਜਗਾ ਦਿੰਦੀਆਂ ਹਨ। ਅਨਹਦ ਦਾ ਅਰਥ ਹੈ ਹੱਦ ਰਹਿਤ ਧੁਨੀ। ਗੁਰਬਾਣੀ ਦੇ ਸ਼ਬਦਾਂ ਵਿੱਚੋਂ ਅਨਹਦ ਰੂਪੀ ਧੁਨੀ ਉਪਜਦੀ ਹੈ ਅਤੇ ਬਾਣੀ ਅਨਾਹਤ ਹੈ। ਅਨਾਹਤ ਦਾ ਅਰਥ ਹੈ ਜੋ ਮਰਨ ਵਾਲੀ ਨਹੀਂ ਅਰਥਾਤ ਅਮਰ ਹੈ। ਆਮ ਕਰਕੇ ਧੁਨੀ ਚੋਟ ਮਾਰਨ ਕਾਰਨ ਪੈਦਾ ਹੁੰਦੀ ਹੈ, ਜਿਵੇਂ ਢੋਲ 'ਤੇ ਡੱਗਾ ਮਾਰਨ ਨਾਲ ਆਵਾਜ਼ ਗੂੰਜਦੀ ਹੈ। ਗੁਰਬਾਣੀ ਅੰਦਰ ਜਿਸ ਧੁਨੀ ਦੀ ਗੱਲ ਹੈ ਉਹ ਅਨਹਤ ਜਾਂ ਅਨਾਹਤ ਹੈ। ਇਸ ਧੁਨੀ ਲਈ ਕਿਸੇ ਚੋਟ ਦੀ ਲੋੜ ਨਹੀਂ ਜਿਵੇਂ ਗੁਰਬਾਣੀ ਦਾ ਫ਼ੁਰਮਾਨ ਹੈ:

SIKHBOOKCLUB.COM

*ਦਰ ਵਾਜਹਿ ਅਨਹਤ ਵਾਜੇ ਰਾਮ॥*

ਗੁਰਬਾਣੀ ਅਨੁਸਾਰ ਇਹ ਧੁਨੀ ਦਸਮ-ਦੁਆਰ ਵਿੱਚ ਸਥਿੱਤ ਹੈ। ਮਨੁੱਖੀ ਸਰੀਰ ਦੇ 9 ਦਰਵਾਜ਼ੇ ਤਾਂ ਖੁਲ੍ਹੇ ਹਨ ਪਰ ਦਸਮ-ਦੁਆਰ ਬੰਦ ਰੱਖਿਆ ਹੋਇਆ ਹੈ। ਇਸ ਦੁਆਰ ਅੰਦਰ ਸ਼ਬਦ-ਸੁਰਤ-ਸੁਆਸ ਦੇ ਸੁਮੇਲ ਨਾਲ ਨਿਰੰਕਾਰੀ ਜੋਤ ਪ੍ਰਚੰਡ ਹੋ ਜਾਂਦੀ ਹੈ। ਗੁਰ ਸ਼ਬਦ ਦੀ ਧੁਨੀ ਨਾਲ ਦਸਵਾਂ ਦੁਆਰ ਖੁਲ੍ਹ ਜਾਂਦਾ ਹੈ:

*ਨਉ ਦਰਵਾਜੇ ਕੋਟ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥ (854)*

ਜਿਵੇਂ ਤਨ ਲਈ ਭੋਜਨ ਦੀ ਜ਼ਰੂਰਤ ਹੈ ਤਿਵੇਂ ਆਤਮਾ ਲਈ ਸੰਗੀਤ (ਧੁਨੀ) ਅਤਿਅੰਤ ਜ਼ਰੂਰੀ ਹੈ। ਜਦੋਂ ਸ਼ਬਦ ਦੀ ਧੁਨੀ ਵੱਜਣ ਨਾਲ ਦਸਵਾਂ ਦੁਆਰ ਖੁਲ੍ਹਦਾ ਹੈ ਤਾਂ ਉਸ ਨਾਲ ਅੰਮ੍ਰਿਤ ਰੂਪੀ ਝਰਨੇ ਚੱਲ ਪੈਂਦੇ ਹਨ:

*ਅਨਹਦੁ ਸਬਦੁ ਦਸਮ ਦੁਆਰਿ ਵਜਿਓ ਤਹਿ ਅੰਮ੍ਰਿਤ ਨਾਮੁ ਚੁਆਇਆ ਥਾ॥ (1002)*

ਵਿਦਵਾਨਾ ਅਨੁਸਾਰ ਅਨਹਦ ਨਾਦ ਪੰਜ ਪ੍ਰਕਾਰ ਦੇ ਹਨ ਅਤੇ ਇਹ ਪੰਜ ਕਿਸਮ ਦੇ ਸਾਜ਼ਾਂ ਵਿੱਚੋਂ ਪੈਦਾ ਹੁੰਦੇ ਹਨ ਜਿਵੇਂ (1) ਤੱਤ ਤੰਤੀ-ਤਾਰ ਵਾਲੇ ਸਾਜ (2) ਵ੍ਰਿਤ-ਚੰਮ ਨਾਲ ਮੜ੍ਹੇ ਹੋਏ ਸਾਜ਼ (3) ਘਨ-ਧਾਤ ਦੇ ਬਣੇ ਹੋਏ ਸਾਜ਼ (4) ਨਾਦ-ਮਿੱਟੀ ਦੇ ਘੜੇ ਦੀ ਆਵਾਜ਼ (5) ਸੁਸਰ-ਫੂਕ ਮਾਰਨ ਨਾਲ ਵੱਜਣ ਵਾਲੇ ਸਾਜ਼।

*ਦੋਹਿਰਾ : ਤੱਤ ਤੰਤੀ ਵ੍ਰਿਤ ਚਰਮ ਕਾ ਘਨ ਕਾਂਸੀ ਕੋ ਜਾਨ।*
*ਨਾਦ ਸ਼ਬਦ ਘਟਕਾ ਕਹੇ ਸੁਵਾਸ ਸੁ ਸਾਰ ਪਹਿਚਾਨ।*

ਜੋਗੀ ਸੰਪਰਦਾ ਨੇ 10 ਕਿਸਮ ਦੇ ਨਾਦ ਮੰਨੇ ਹਨ (1) ਸੰਘ (2) ਮਿਰਦੰਗ (3) ਭੰਵਰੇ ਦੀ ਗੁੰਜਾਰ (4) ਤਾਲ (5) ਘੰਢਿਆਲ (6) ਬੀਣਾ (7) ਭੇਰੀ (8) ਦੁੰਦਭਿ (9) ਸਮੁੰਦਰ ਦੀ ਗੂੰਜ (10 ਬੱਦਲਾਂ ਦੀ ਗਰਜ਼।

ਭਾਵੇਂ ਸੰਸਾਰੀ ਲੋਕਾਂ ਨੇ ਨਾਦ ਦੀਆਂ ਕਿਸਮਾਂ ਦੀ ਗਿਣਤੀ ਉਪਰੋਕਤ ਢੰਗਾਂ ਨਾਲ ਕੀਤੀ ਹੈ ਪਰ ਗੁਰੂ ਨਾਨਕ ਦੇਵ ਜੀ ਨੇ ਜਪੁ ਬਾਣੀ ਅੰਦਰ ਇੰਞ ਬਿਆਨ ਕੀਤਾ ਹੈ:

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ (6)*

ਇੱਕ ਹੋਰ ਸ਼ਬਦ

SIKHBOOKCLUB.COM

*ਪੰਜ ਸਬਦ ਤਹ ਪੂਰਨ ਨਾਦ॥ ਅਨਹਦ ਬਾਜੇ ਅਸਚਰਜ ਬਿਸਮਾਦ॥ (777)*

ਪਰਮੇਸ਼ਰ ਨੇ ਸੰਸਾਰ ਦੀ ਰਚਨਾ ਵੀ 'ਓਅੰਕਾਰ' ਧੁਨੀ ਰੂਪੀ ਸ਼ਬਦ ਨਾਲ ਕੀਤੀ ਸੀ। ਗੁਰੂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧੁਨੀ ਦੇ ਮੂਲ ਬਾਰੇ ਫੁਰਮਾਇਆ ਹੈ:

*ਪ੍ਰਿਥਮੇ ਓਅੰਕਾਰਿ ਤਿਨਿ ਕਹਾ॥ ਸੋ ਧੁਨਿ ਪੂਰ ਜਗਤ ਮੋ ਰਹਾ॥*
*ਤਾਂਤੇ ਜਗਤ ਭਯੋ ਬਿਸਥਾਰਾ॥ ਪੁਰਖ ਪ੍ਰਕ੍ਰਿਤੀ ਜਬ ਦੁਹੂੰ ਬਿਚਾਰਾ॥*

## ਗੁਰਬਾਣੀ ਗੁਰੂ ਹੈ

ਕੁਝ ਬਾਣੀ ਨੂੰ ਛੱਡ ਬਾਕੀ ਸਾਰੀ ਬਾਣੀ ਰਾਗਾਂ ਵਿੱਚ ਹੀ ਉਚਾਰਨ ਕੀਤੀ ਹੋਈ ਹੈ। ਸਭ ਤੋਂ ਮਹਾਨ ਗੱਲ ਇਹ ਹੈ ਕਿ ਗੁਰੂ ਸਾਹਿਬਾਨ ਨੇ ਸ਼ਬਦ ਨੂੰ ਗੁਰੂ ਮੰਨਿਆ ਹੈ। ਗੁਰਬਾਣੀ ਦੇ ਸ਼ਬਦ ਜਾਂ ਬੋਲ ਗੁਰੂ ਦੇ ਮੁੱਖ 'ਚੋਂ ਨਿਕਲੇ ਹੋਏ ਹਨ। ਸ਼ਬਦ ਅਨੁਭਵ ਗੋਚਰ ਜੋਤ ਰੂਪ ਹੈ। ਇਹ ਗਿਆਨ, ਧਿਆਨ ਅਤੇ ਵਖਿਆਨ ਦਾ ਸੋਮਾ ਹੈ। ਜਿੱਥੇ ਗੁਰਬਾਣੀ ਦੇ ਸ਼ਬਦ ਮਾਣਕ ਮੋਤੀ ਹਨ ਉੱਥੇ ਜੀਵਨ ਜੋਤੀ ਵੀ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1708 ਵਿੱਚ ਨਾਂਦੇੜ (ਹਜੂਰ ਸਾਹਿਬ) ਵਿਖੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਥਾਪ ਦਿੱਤੀ ਸੀ। ਉਨ੍ਹਾਂ ਦੇਹ ਧਾਰੀ ਗੁਰੂ ਦੇ ਸਿਲਸਲੇ ਨੂੰ ਸਦਾ ਲਈ ਖ਼ਤਮ ਕਰ ਦਿੱਤਾ। ਸਤਿਗੁਰਾਂ ਨੇ ਗੁਰਬਾਣੀ ਰਾਹੀਂ ਇਹ ਆਦੇਸ਼ ਪਹਿਲਾਂ ਹੀ ਦੇ ਦਿੱਤਾ ਸੀ:

*ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (635)*
*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (772)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਕਿਤ ਕੀਤਾ ਹੈ ਕਿ ਇਹ ਗ੍ਰੰਥ (ਪੋਥੀ) ਪਰਮੇਸ਼ਰ ਦਾ ਸਰੂਪ ਹੈ:

*ਪੋਥੀ ਪਰਮੇਸਰ ਕਾ ਥਾਨੁ॥*
*ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥(1226)*

ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਪਰਮੇਸ਼ਰ ਦਾ ਨਿਵਾਸ ਹੈ। ਸਾਧ ਸੰਗਤ ਵਿੱਚ ਬੈਠ ਕੇ ਉਸ ਦੇ ਗੁਣ ਗਾਉਣ ਨਾਲ ਪੂਰਨ ਪਰਮੇਸ਼ਰ ਦਾ ਗਿਆਨ ਹੋ ਜਾਂਦਾ ਹੈ।

## ਗੁਰਬਾਣੀ ਦੀ ਵਿਉਂਤਬੰਦੀ

ਗੁਰਬਾਣੀ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਬਹੁਤ ਹੀ ਸਿਧਾਂਤਕ, ਵਿਧਾਨਕ ਅਤੇ ਕਲਾਨਾਤਮਕ ਢੰਗ ਨਾਲ ਕੀਤੀ ਹੈ। ਇਸ ਦਾ ਆਰੰਭ ਮੂਲ ਮੰਤ੍ਰ ਨਾਲ ਕੀਤਾ ਜਿਸ ਅੰਦਰ ਸਾਜਨਹਾਰ ਅਕਾਲ ਪੁਰਖ ਦੇ ਗੁਣਾਂ ਦਾ ਪ੍ਰਗਟਾਵਾ ਹੈ। ਅੱਗੇ 'ਜਪੁ' ਬਾਣੀ ਆਰੰਭ ਹੁੰਦੀ ਹੈ। ਜਿਸ ਨੂੰ 'ਜਪੁ ਜੀ ਸਾਹਿਬ' ਦੀ ਬਾਣੀ ਨਾਲ ਪੁਕਾਰਿਆ ਜਾਂਦਾ ਹੈ। ਇਹ ਬਾਣੀ ਰਾਗ ਰਹਿਤ ਹੈ ਅਤੇ ਸਾਰੀ ਬਾਣੀ ਦਾ ਤੱਤਸਾਰ ਹੈ। ਜਪੁ ਜੀ ਦੀ ਬਾਣੀ ਨੂੰ ਖ਼ਾਸ ਕਰ ਕੇ ਅੰਮ੍ਰਿਤ ਵੇਲੇ ਪੜ੍ਹਨ ਦਾ ਵਿਧਾਨ ਹੈ ਪਰ ਕਿਸੇ ਸਮੇਂ ਵੀ ਪੜ੍ਹੀ ਜਾ ਸਕਦੀ ਹੈ। ਇਸ ਤੋਂ ਅੱਗੇ 'ਸੋ ਦਰ' ਅਤੇ 'ਸੋ ਪੁਰਖ' ਦੇ ਸ਼ਬਦ ਹਨ। ਇਸ ਨੂੰ ਰਹਿਰਾਸ ਦੀ ਬਾਣੀ ਵੀ ਕਹਿੰਦੇ ਹਨ ਅਤੇ ਸ਼ਾਮ ਦੇ ਸਮੇਂ ਪੜ੍ਹੀ ਜਾਂਦੀ ਹੈ। ਫਿਰ ਸੋਹਿਲਾ ਦੀ ਬਾਣੀ ਹੈ ਅਤੇ ਇਸ ਨੂੰ 'ਕੀਰਤਨ ਸੋਹਿਲਾ' ਆਖਿਆ ਜਾਂਦਾ ਹੈ ਜੋ ਨਾਨਕ ਨਾਮ ਲੇਵਾ ਰਾਤ ਨੂੰ ਸੌਣ ਤੋਂ ਪਹਿਲਾਂ ਉਚਾਰਨ ਕਰਦੇ ਹਨ।

ਅੱਗੇ ਸ੍ਰੀ ਰਾਗ ਤੋਂ ਲੈ ਕੇ ਰਾਗ ਜੈਜਾਵੰਤੀ ਤੱਕ ਸਾਰੀ ਬਾਣੀ ਰਾਗਾਂ ਵਿੱਚ ਹੈ। ਹਰੇਕ ਰਾਗ ਵਿੱਚ ਸ਼ਬਦ, ਅਸਟਪਦੀਆਂ, ਛੰਤ, ਵਾਰ ਜਾਂ ਵਾਰਾਂ, ਅਤੇ ਭਗਤ ਬਾਣੀ ਕ੍ਰਮਬੱਧ ਦਰਜ ਕੀਤੀ ਹੋਈ ਹੈ। ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਹੈ ਜਿਸ ਨੂੰ 'ਮਹਲਾ 1' ਦਾ ਨਾਮ ਦਿੱਤਾ ਗਿਆ ਹੈ। ਅੱਗੇ

ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸ਼ਬਦਾਂ ਨੂੰ ਮਹਲਾ 2, 3, 4, 5 ਅਤੇ 9 ਨਾਲ ਕ੍ਰਮਵਾਰ ਸੰਬੋਧਨ ਕੀਤਾ ਜਾਂਦਾ ਹੈ। ਹਰੇਕ ਸ਼ਬਦ 'ਨਾਨਕ' ਨਾਮ 'ਤੇ ਆਧਾਰਤ ਹੈ। ਸਾਰੀ ਬਾਣੀ ਵਿੱਚ ਗੁਰੂ ਅੰਗਦ ਦੇਵ ਜੀ ਦੇ ਸ਼ਬਦ ਨਹੀਂ ਹਨ ਉਨ੍ਹਾਂ ਦੀ ਬਾਣੀ ਦੇ ਕੇਵਲ ਸਲੋਕ ਹੀ ਹਨ ਜਾਂ ਵਾਰਾਂ ਅੰਦਰ ਪਉੜੀਆਂ ਦੇ ਰੂਪ ਵਿੱਚ ਹਨ। ਗੁਰੂ ਤੇਗ ਬਹਾਦਰ ਜੀ ਨੇ ਅਸਟਪਦੀਆਂ ਦੀ ਬਾਣੀ ਨਹੀਂ ਰਚੀ ਭਗਤਾਂ ਦੀ ਬਾਣੀ ਵਿੱਚ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਪਹਿਲਾਂ ਅੰਕਿਤ ਹੈ।

ਰਾਗ ਜੈਜਾਵੰਤੀ ਉਪਰੰਤ ਸਲੋਕ ਸਹਸ ਕ੍ਰਿਤੀ, ਗਾਥਾ, ਚਉਬੋਲੇ, ਸਲੋਕ ਭਗਤ ਕਬੀਰ ਅਤੇ ਸ਼ੇਖ ਫਰੀਦ ਜੀ ਦੇ , ਸਵਯੇ ਸ੍ਰੀ ਮੁਖ ਵਾਕ ਮ:5, ਸਵਈਏ ਮਹਲੇ ਪਹਿਲੇ, ਦੂਜੇ, ਤੀਜੇ, ਚਉਥੇ, ਪੰਜਵੇਂ ਕੇ (ਭੱਟਾਂ ਦੇ ਉਚਾਰਨ ਕੀਤੇ ਹੋਏ), ਸਲੋਕ ਵਾਰਾਂ 'ਤੇ ਵਧੀਕ, ਭੋਗ ਦੇ ਸਲੋਕ ਪਾਤਸ਼ਾਹੀ 9, ਮੁੰਦਾਵਣੀ ਮ:5, ਸਲੋਕ ਮ: 5 ਅਤੇ ਰਾਗ ਮਾਲਾ 'ਤੇ ਸੰਪੂਰਨਤਾ ਹੈ।

ਗੁਰਬਾਣੀ ਦੇ ਸ਼ਬਦਾਂ ਵਿੱਚ '**ਰਹਾਉ**' ਸ਼ਬਦ ਆਉਂਦਾ ਹੈ ਜਿਸ ਦਾ ਭਾਵ ਹੈ ਠਹਿਰਾਉ ਜਾਂ ਵਿਸ਼ਰਾਮ। ਰਹਾਉ ਨੂੰ ਟੇਕ ਜਾਂ ਧਰੁਵ ਵੀ ਕਹਿੰਦੇ ਹਨ। ਰਹਾਉ ਵਾਲੀ ਪੰਗਤੀ ਵਿੱਚ ਸ਼ਬਦ ਦਾ ਕੇਂਦਰੀ ਭਾਵ (Central idea) ਹੁੰਦਾ ਹੈ। ਇੱਕ ਸ਼ਬਦ ਅੰਦਰ ਵੱਧ ਤੋਂ ਵੱਧ 4 ਰਹਾਉ ਵੀ ਦਰਜ਼ ਹਨ। ਕੀਰਤਨ ਕਰਨ ਵੇਲੇ ਰਹਾਉ ਦੀ ਪੰਗਤੀ ਨੂੰ ਵਾਰ ਵਾਰ ਅਲਾਪਿਆ ਜਾਂਦਾ ਹੈ ਅਤੇ ਇਸ ਨੂੰ ਸਥਾਈ ਵੀ ਗਾਇਆ ਜਾਂਦਾ ਹੈ।

ਇਹ ਦਰਸਾਉਣ ਲਈ ਕਿ ਇਹ ਸ਼ਬਦ ਕਿਸ ਗੁਰੂ ਦਾ ਹੈ '**ਮਹਲਾ**' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਲਫ਼ਜ ਮਹਲਾ ਨਾਲ 1, 2, 3, 4, 5, 9 ਦਾ ਉਚਾਰਨ ਕੀਤਾ ਜਾਂਦਾ ਹੈ। 1 ਤੋਂ ਭਾਵ ਗੁਰੂ ਨਾਨਕ ਦੇਵ ਜੀ, 2 ਤੋਂ ਭਾਵ ਗੁਰੂ ਅਗੰਦ ਦੇਵ ਜੀ, 3 ਤੋਂ ਭਾਵ ਗੁਰੂ ਅਮਰ ਦਾਸ ਜੀ, 4 ਤੋਂ ਭਾਵ ਗੁਰੂ ਰਾਮਦਾਸ ਜੀ, 5 ਤੋਂ ਭਾਵ ਗੁਰੂ ਅਰਜਨ ਦੇਵ ਜੀ ਅਤੇ 9 ਤੋਂ ਭਾਵ ਗੁਰੂ ਤੇਗ ਬਹਾਦਰ ਜੀ ਦਾ ਸ਼ਬਦ ਹੈ।

ਗੁਰ ਸ਼ਬਦਾਂ ਵਿੱਚ ਮਹਲਾ ਸ਼ਬਦ ਦੇ ਨਾਲ '**ਘਰੁ**' ਲਿਖਿਆ ਹੋਇਆ ਹੈ। ਘਰੁ ਦਾ ਭਾਵ ਹੈ ਗ੍ਰਹਿ ਜਾਂ ਨਿਵਾਸ। ਗ੍ਰਹਿ (ਘਰੁ) ਨੂੰ ਸੁਰ ਸ਼ਬਦ ਮੰਨਿਆ ਗਿਆ ਹੈ। ਜਿਸ ਸੁਰ ਗਿਣਤੀ ਤੋਂ ਰਾਗ ਬੰਦਿਸ਼ ਸ਼ੁਰੂ ਹੋਵੇ ਉਸ ਤੋਂ ਘਰ ਦੀ ਗਿਣਤੀ ਦਰਸਾਈ ਜਾਂਦੀ ਹੈ। ਸੰਗੀਤ ਦੀ ਦੁਨੀਆਂ ਅੰਦਰ ਘਰੁ ਦਾ ਸਬੰਧ ਤਾਲ ਜਾਂ ਸੁਰ ਨਾਲ ਹੈ ਕਿਉਂਕਿ ਰਾਗ ਸੁਰ ਦੇ ਮੇਲ ਨਾਲ ਉਪਜਦਾ ਹੈ। ਸਹੀ ਸੁਰ ਤੋਂ ਬਿਨਾਂ ਸ਼ੁੱਧ ਰਾਗ ਗਾਇਆ ਨਹੀਂ ਜਾ ਸਕਦਾ। ਗੁਰਬਾਣੀ ਅੰਦਰ 17 ਘਰ ਹਨ। ਇੱਕ

ਮੱਤ ਅਨੁਸਾਰ ਹਜ਼ਰਤ ਅਮੀਰ ਖੁਸਰੋ ਨੇ 17 ਤਾਲ ਬਣਾਏ। ਜਿਨ੍ਹਾਂ ਦੇ ਨਾਮ ਫ਼ਾਰਸੀ ਵਿੱਚ ਕ੍ਰਮਵਾਰ ਪਸ਼ਤੋ, ਜੈਬਹਾਰ, ਕੱਵਾਲੀ, ਸੂਲਫਾਕਤਾ, ਜਤ, ਜਲਦ, ਤਿਲਾਨਾਂ ਸਵਾਰੀ, ਆੜਾ ਚੌਤਾਲਾ, ਝੂਮਰ, ਜ਼ਮਾਨੀ ਸਵਾਰੀ, ਦਾਸਤਾਨ, ਖ਼ਸਮ, ਫ਼ਰਦੋਸਤ, ਕੈਦ, ਪਹਲਵਾਲ, ਪਟ ਅਤੇ ਚਮਕ ਹਨ।

**'ਪੜਤਾਲ'** ਤੋਂ ਭਾਵ ਹੈ ਪਰਤਤਾਲ, ਅਰਥਾਤ ਤਾਲ 'ਤੇ ਤਾਲ ਦਾ ਵੱਜਣਾ। ਜਾਂ ਤਾਲਾਂ ਦਾ ਸਮੂਹ, ਜਿਵੇਂ ਖੁਸ਼ੀ ਦੇ ਮੌਕੇ ਸਮੇਂ ਢੋਲ ਉਪੱਰ ਢੋਲਚੀ ਡੱਗੇ 'ਤੇ ਡੱਗਾ ਬਾਰ ਬਾਰ ਮਾਰਦਾ ਹੈ। ਗੁਰੂ ਰਾਮ ਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਅੰਦਰ 19 ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ 35 ਪੜਤਾਲਾਂ ਰਚੀਆਂ ਹਨ। ਪੜਤਾਲ ਅੰਦਰ ਤਾਲਾਂ ਨੂੰ ਬਦਲ ਬਦਲ ਕੇ ਵਰਤਿਆ ਜਾਂਦਾ ਹੈ। ਪਰ ਸਥਾਈ ਲਈ ਇੱਕੋ ਤਾਲ ਹੀ ਰਹਿੰਦਾ ਹੈ। ਪੜਤਾਲ ਦੇ ਸ਼ਬਦ ਦੀ ਬਣਤਰ ਦੂਜਿਆਂ ਨਾਲੋਂ ਭਿੰਨ ਹੈ। ਪੜਤਾਲ ਰੂਪੀ ਸ਼ਬਦ ਸ਼ੈਲੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਦਰਜ਼ ਹੈ। ਇਹ ਹੋਰ ਕਿਸੇ ਧਾਰਮਿਕ ਗ੍ਰੰਥ ਜਾਂ ਵੇਦਾਂ ਆਦਿ ਵਿੱਚ ਦਰਜ਼ ਨਹੀਂ ਹੈ। ਇਸ ਵਿੱਚ ਤੁਕਾਂ ਲੰਬੀਆਂ ਅਤੇ ਸ਼ਬਦਾਂ ਦਾ ਦੁਹਰਾਉ ਵਧੇਰੇ ਹੁੰਦਾ ਹੈ, ਜਿਵੇਂ:

*ਜਾ ਕੋ ਭਾਗੁ ਤਿਨਿ ਲੀਓ ਰੀ ਸੁਹਾਗੁ ਹਰਿ ਹਰਿ ਹਰੇ ਹਰੇ ਗੁਨ ਗਾਵੈ ਗੁਰਮਤਿ ਹਉ ਬਲਿ ਬਲੇ ਹਉ ਬਲਿ ਬਲੇ ਜਨ ਨਾਨਕ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ॥ (1296)*

SIKHBOOKCLUB.COM

**'ਜਤਿ'** ਸ਼ਬਦ ਗਾਉਣ ਦੀ ਧਾਰਨਾ ਦਾ ਸੰਕੇਤ ਹੈ। ਭਾਰਤੀ ਸੰਗੀਤ ਅੰਦਰ ਇਸ ਨੂੰ ਯਤਿ ਵੀ ਲਿਖਿਆ ਮਿਲਦਾ ਹੈ। ਯਤਿ ਤੋਂ ਭਾਵ ਹੈ ਨਿਰੰਤਰ ਚਾਲ ਵਿੱਚ ਠਹਿਰਾਉ ਦੀਆਂ ਅਵਸਥਾਵਾਂ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਸੰਗੀਤ ਦੀ ਧਾਰਨਾ ਦਾ ਨਾਉਂ' ਜਤਿ ਜਾਂ ਯਤਿ ਹੈ। ਡਾਕਟਰ ਚਰਨ ਸਿੰਘ ਨੇ ਜਤਿ, ਗਤਿ ਅਤੇ ਸਮਥ ਤਿੰਨਾਂ ਨੂੰ ਜੋੜੀ (ਤਬਲੇ) ਦਾ ਕਰਤਬ ਲਿਖਿਆ ਹੈ। ਭਾਵ ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਜਾਂ ਗਤ ਵਾਕਰ ਉਂਗਲੀਆਂ ਜੋੜੀ ਦੇ ਕਿਨਾਰੇ ਤੇ ਵੱਜਣ ਅਤੇ ਖੱਬਾ ਹੱਥ ਖੁਲ੍ਹਾ ਵਜੇ ਅਤੇ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ਼ ਕੱਢਣ ਤਾਂ ਉਸ ਨੂੰ ਜਤਿ ਕਹਿੰਦੇ ਹਨ। ਜਿੱਥੇ ਗੁਰਬਾਣੀ ਅੰਦਰ ਜਤਿ ਨਾਲ 'ਕੀ' ਲੱਗਿਆ ਹੋਵੇ ਜਿਵੇਂ 'ਬਿਰਹੜੇ ਘਰ 4 ਛੰਤਾ ਕੀ ਜਤਿ' ਉੱਥੇ ਛੰਤ ਦੀ ਧਾਰਨਾ 'ਤੇ ਗਾਉਣਾ ਹੁੰਦਾ ਹੈ ਅਤੇ ਜਿੱਥੇ ਜਤਿ ਨਾਲ 'ਕੀ' ਨਾ ਲੱਗਿਆ ਹੋਵੇ ਜਿਵੇਂ ਬਿਲਾਵਲ ਮਹਲਾ 1 ਘਰ 10 ਜਤਿ ਉੱਥੇ ਜੋੜੀ ਨਾਲ ਦਸਵੇਂ ਘਰ ਦੀ ਲੈਅ ਵਿੱਚ ਜਤਿ ਅੰਗ ਤੋਂ ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ।

**ਸੁਧੰਗ** (ਸ਼ੁਧ ਅੰਗ) ਦਾ ਭਾਵ ਹੈ ਸ੍ਵਰ ਅਰਥਾਤ ਰਾਗ ਨੂੰ ਸ਼ੁੱਧ ਗਾਉਣ ਦੀ ਪ੍ਰੇਰਨਾ। ਸੁਧੰਗ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਵਾਰ ਹੀ ਆਇਆ ਹੈ। ਰਾਗ ਆਸਾਵਰੀ ਘਰ 16 ਕੇ 2 ਮਹਲਾ 4 ਸੁਧੰਗ।

**ਧੁਨਿ** (ਧੁਨੀ) ਦਾ ਮਤਲਬ ਹੈ ਗਾਉਣ ਦੀ ਧਾਰਨਾ, ਸੰਗੀਤ 'ਚ ਸੁਰਾਂ ਦਾ ਅਲਾਪ, ਨਾਦ, ਥਰਥਰਾਹਟ ਜਾਂ ਆਵਾਜ਼ ਦੀ ਗੂੰਜ। ਗੁਰਬਾਣੀ ਅਲਾਪਣ ਸਮੇਂ ਨਾਮ ਰਸ ਦੇ ਫੁਆਰੇ ਫੁਟਦੇ ਹਨ ਜਿਨ੍ਹਾਂ ਦਾ ਨਜ਼ਾਰਾ ਬਹੁਤ ਹੀ ਅਗੰਮੀ ਅਤੇ ਅਸਚਰਜ ਹੁੰਦਾ ਹੈ। ਇਸ ਧੁਨੀ ਨਾਲ ਹਿਰਦੇ ਐਸੇ ਆਨੰਦਤ ਹੋ ਜਾਂਦੇ ਹਨ ਜਿਸ ਦੀ ਕੋਈ ਹੱਦ ਨਹੀਂ ਹੁੰਦੀ, ਜਿਵੇਂ ਆਸਮਾਨ ਦੀ ਕੋਈ ਹੱਦ ਨਹੀਂ ਹੁੰਦੀ। ਅਰਥਾਤ ਤਿਵੇਂ ਨਾਮ ਦੀ ਧੁਨੀ ਵੀ ਅਨਹਦ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੋ 22 ਵਾਰਾਂ ਅੰਕਿਤ ਹਨ ਉਨ੍ਹਾਂ ਵਿੱਚੋਂ 5 ਵਾਰਾਂ ਦਾ ਸਿਰਲੇਖ 'ਧੁਨੀ' ਹੈ। ਉਦਾਹਰਨ ਵਜੋਂ ਮਾਝ ਦੀ ਵਾਰ ਮਹਲਾ ਪਹਲਾ, ਮਲਕ ਮੁਰੀਦ ਤਥਾ ਚੰਦ੍ਹੜਾ ਸੋਹੀਆ ਕੀ ਧੁਨੀ ਪਰ ਗਾਵਣੀ। ਵਾਰ ਦੀ ਧੁਨੀ ਹੈ।

*ਕਾਬਲ ਵਿੱਚ ਮੁਰੀਦ ਖਾਂ ਫੜਿਆ ਬਡ ਜੋਰ।*
*ਚੰਦ੍ਹੜਾ ਸੋਹੀਆ ਕੀ ਧੁਨੀ ਮਲਿਕ ਜਾਤ ਦਾ।*

ਗੁਰੂ ਸਾਹਿਬਾਨ ਦੇ ਸਮੇਂ ਅਜਿਹੀਆਂ ਧੁਨੀਆਂ ਬਹੁਤ ਪ੍ਰਚੱਲਤ ਸਨ। ਇੰਞ ਗੁਰਾਂ ਨੇ ਗੁਰਬਾਣੀ ਨੂੰ ਲੋਕ ਪ੍ਰੀਯ ਬਣਾ ਦਿੱਤਾ।

**'ਵਾਰ'** ਕਵਿਤਾ ਦਾ ਉਹ ਰੂਪ ਹੈ ਜਿਸ ਅੰਦਰ ਸੂਰਮਿਆਂ ਦੀ ਬਹਾਦਰੀ ਬੜੇ ਹੀ ਅਲੌਕਿਕ ਢੰਗ ਨਾਲ ਪ੍ਰਗਟਾਈ, ਗਾਈ ਅਤੇ ਸੁਣਾਈ ਜਾਂਦੀ ਹੈ। ਇਹ ਕਵਿਤਾ ਬੀਰ ਰਸ ਭਰਪੂਰ ਹੁੰਦੀ ਹੈ। ਇਸ ਨਾਲ ਯੋਧਿਆਂ ਦੇ ਮਨਾਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਤਾਂਕਿ ਉਹ ਨਿਧੜਕ ਹੋ ਕੇ ਮੌਤ ਦੀ ਪਰਵਾਹ ਨਾ ਕਰਦਿਆਂ ਯੁੱਧ ਵਿੱਚ ਜੂਝਣ। ਗੁਰਬਾਣੀ ਦੀਆਂ ਵਾਰਾਂ ਅੰਦਰ ਤਲਵਾਰਾਂ ਜਾਂ ਹਥਿਆਰਾਂ ਦੀ ਟੱਕਰ ਨਹੀਂ, ਸਗੋਂ ਮਨ ਨੂੰ ਸਮਝਾਉਣ ਲਈ ਉੱਚੇ-ਸੁੱਚੇ ਵਿਚਾਰਾਂ ਦੀ ਟੱਕਰ ਹੈ। ਇਨ੍ਹਾਂ ਵਾਰਾਂ ਅੰਦਰ ਦੁਨਿਆਵੀ ਲੜਾਈ ਦਾ ਜ਼ਿਕਰ ਨਹੀਂ ਸਗੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੁਸ਼ਮਣਾਂ ਦਾ ਮੁਕਾਬਲਾ ਜਾਂ ਖ਼ਾਤਮੇ ਦਾ ਜ਼ਿਕਰ ਹੈ। ਸੋ ਇਹ ਵਾਰਾਂ ਪ੍ਰਭੂ ਭਗਤੀ ਅਤੇ ਨਾਮ ਸ਼ਕਤੀ ਨਾਲ ਭਰਪੂਰ ਹਨ।

ਵਾਰ ਗਾਉਣ ਵਾਲੇ ਨੂੰ **'ਢਾਡੀ'** ਕਹਿੰਦੇ ਹਨ। ਯੋਧਿਆਂ ਦੀਆਂ ਵਾਰਾਂ ਆਮ ਕਰਕੇ ਸਾਰੰਗੀ ਤੇ ਢੱਡਾਂ ਨਾਲ ਗਾਈਆਂ ਜਾਂਦੀਆਂ ਹਨ ਪਰ ਗੁਰਬਾਣੀ ਦੀਆਂ ਵਾਰਾਂ ਵਾਜੇ ਅਤੇ ਜੋੜੀ ਰਾਹੀਂ ਗਾਈਆਂ ਜਾਂਦੀਆਂ ਹਨ। ਗੁਰਬਾਣੀ ਦੀਆਂ ਵਾਰਾਂ ਅੰਦਰ ਸਲੋਕ, ਮਹਲੇ ਅਤੇ ਪਉੜੀਆਂ ਹਨ। ਗੁਰੂ ਸਾਹਿਬਾਨ ਨੇ ਇੰਞ ਗੁਰਬਾਣੀ ਦੀਆਂ ਵਾਰਾਂ ਬਹੁਤ ਹੀ ਅਣੋਖੇ ਢੰਗ ਨਾਲ ਰਚੀਆਂ ਹਨ। ਪੁਰਾਤਨ ਸਮਿਆਂ ਵਿੱਚ ਵਾਰਾਂ ਕੇਵਲ ਪਉੜੀ 'ਤੇ ਹੀ ਅਧਾਰਤ ਸਨ। ਗੁਰਬਾਣੀ ਦੀਆਂ ਵਾਰਾਂ ਅੰਦਰ ਸਲੋਕ, ਮਹਲੇ ਅਤੇ ਪਉੜੀਆਂ ਵੱਖ ਵੱਖ ਗੁਰਾਂ ਦੀਆਂ ਹੋਣ ਕਰ ਕੇ ਵਾਰ ਦੇ ਅੰਤ ਵਿੱਚ 'ਸੁਧੁ' ਸ਼ਬਦ ਅੰਕਿਤ ਹੈ ਇਸ ਦਾ ਭਾਵ ਹੈ ਕਿ ਵਾਰ ਗੁਰੂ ਜੀ ਵੱਲੋਂ ਸੋਧੀ ਹੋਈ ਹੈ।

# ਕੀਤਰਨ ਨਿਰਮੋਲਕ ਹੀਰਾ

ਕੀਰਤਨ ਦਾ ਭਾਵ ਹੈ ਕਰਤਾਰ ਦੀ ਕੀਰਤੀ ਨੂੰ ਗਾਉਣਾ। ਕੀਰਤਨ ਸ਼ਬਦ ਕੀਰਤੀ ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਜਸ'। ਮਹਾਨ ਕੋਸ਼ ਦੇ ਕਰਤਾ ਕਾਨ੍ਹ ਸਿੰਘ ਨਾਭਾ ਕੀਰਤਨ ਦੀ ਪਰੀਭਾਸ਼ਾ ਬਿਆਨ ਕਰਦੇ ਲਿਖਦੇ ਹਨ, 'ਗੁਰਮਤਿ ਵਿੱਚ, ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਂ ਕੀਰਤਨ ਹੈ। ਮੱਧ ਕਾਲ ਵਿੱਚ ਪੀਰਾਂ, ਫ਼ਕੀਰਾਂ, ਭਗਤਾਂ ਆਦਿ ਨੇ ਅਧਿਆਤਮਕ ਰਚਨਾਵਾਂ ਦਾ ਪ੍ਰਚਾਰ ਸੰਗੀਤ ਦੇ ਮਾਧਿਅਮ ਰਾਹੀਂ ਬੜੀ ਹਿੰਮਤ ਨਾਲ ਕੀਤਾ। ਕੀਰਤਨ ਕਰਨ ਵਾਲੇ ਸੱਜਣ ਨੂੰ ਕੀਰਤਨਕਾਰ ਜਾਂ ਕੀਰਤਨੀਆਂ ਜਾਂ ਰਾਗੀ ਕਿਹਾ ਜਾਂਦਾ ਹੈ।

ਗੁਰੂ ਸਾਹਿਬਾਨ ਦੇ ਸਮੇਂ ਤੋਂ ਗੁਰਮਤਿ ਸੰਗੀਤ ਪਰੰਪਰਾ ਅੰਦਰ ਤਿੰਨ ਕਿਸਮ ਦੇ ਕੀਰਤਨਕਾਰ ਮੰਨੇ ਜਾਂਦੇ ਸਨ ਉਹ ਸਨ ਰਬਾਬੀ, ਰਾਗੀ ਤੇ ਢਾਡੀ। ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿੱਚ ਸ਼ਬਦ ਰਾਹੀਂ 'ਕੀਰਤਨੀਏ' ਦੀ ਭਾਰੀ ਪ੍ਰਸ਼ੰਸਾ ਕੀਤੀ ਹੈ।

*ਭਲੋ ਭਲੋ ਰੇ ਕੀਰਤਨੀਆ। ਰਾਮ ਰਮਾ ਰਾਮਾ ਗੁਨ ਗਾਉ॥ (775)*

ਗੁਰੂ ਨਾਨਕ ਦੇਵ ਜੀ ਨੇ ਸਾਨੂੰ ਗੁਰ ਸ਼ਬਦ ਦੇ ਕੀਰਤਨ ਦੀ ਦਾਤ ਬਖਸ਼ੀ ਹੈ। ਕਲਯੁਗ ਅੰਦਰ ਮਨੁੱਖੀ ਮਨਾਂ ਦੇ ਅੰਧੇਰੇ ਨੂੰ ਦੂਰ ਕਰਨ ਲਈ, ਅਸ਼ਾਂਤ ਹਿਰਦਿਆਂ ਨੂੰ ਸ਼ਾਂਤ ਕਰਨ ਲਈ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਠੱਲ ਪਾਉਣ ਲਈ ਕੀਰਤਨ ਮਾਨੋ ਰਸਾਂ ਭਰਪੂਰ ਰਸਾਇਣ ਪਦਾਰਥ ਹੈ। ਅੱਜ ਕਲ੍ਹ ਦੇ ਵਿਗਿਆਨਕ ਅਤੇ ਕਲਾ ਦੇ ਯੁੱਗ ਅੰਦਰ ਦੁਨੀਆਂ ਦਾ ਹਰ ਪੰਜਵਾਂ ਜਾਂ ਛੇਵਾਂ ਬੰਦਾ ਮਾਨਸਕ ਰੋਗ ਨਾਲ ਗ੍ਰਸਤ ਹੈ। ਕਾਰਨ ਇਹ ਹੈ ਕਿ ਮਨੁੱਖੀ ਜੀਵਨ ਸਾਦਗੀ ਤੋਂ ਅਸਾਦਗੀ ਵੱਲ ਜਾ ਰਿਹਾ ਹੈ, ਇੱਕ ਦੂਜੇ ਨੂੰ ਦੇਖੋ ਦੇਖੀ ਅਤੇ ਪਦਾਰਥ ਯੁੱਗ ਹੋਣ ਕਰ ਕੇ ਜੀਵਨ ਲੋੜਾਂ ਵੱਧ ਰਹੀਆਂ ਹਨ। ਲੋੜਾਂ ਦੀ ਪੂਰਤੀ ਅਤੇ ਮਹਿੰਗਾਈ ਦੇ ਦੌਰ ਕਾਰਨ, ਆਬਾਦੀ ਦੇ ਵਾਧੇ ਕਾਰਨ, ਜ਼ਰੂਰੀ ਵਸਤਾਂ ਦੀ ਕਈ ਵਾਰ ਕਮੀ ਹੋਣ ਕਰ ਕੇ ਦਿਨੋ ਦਿਨ ਭੱਜ ਦੌੜ ਅਤੇ ਪਰੇਸ਼ਾਨੀਆਂ ਵਧ ਰਹੀਆਂ ਹਨ। ਇਹ ਪਰੇਸ਼ਾਨੀਆਂ ਚਿੰਤਾ ਨੂੰ ਜਨਮ ਦਿੰਦੀਆਂ ਹਨ ਅਤੇ ਚਿੰਤਾ ਚਿਖਾ ਬਰਾਬਰ ਮੰਨੀ ਗਈ ਹੈ। ਇਸ ਚਿੰਤਾ ਕਾਰਨ ਮਨੁੱਖੀ ਸ਼ਰੀਰ ਦੇ ਕੋਸ਼ਾਣੂ (Cells) ਭੈ ਭੀਤ ਹੋਣ ਨਾਲ ਲੋੜੀਂਦੇ ਰਸ ਪੈਦਾ ਨਹੀਂ ਕਰਦੇ। ਇਨ੍ਹਾਂ ਰਸਾਂ ਦੀ ਉਤਪਤੀ ਦੇ ਘਾਟ ਕਰ ਕੇ ਸਰੀਰਕ ਰੋਗ ਲੱਗ ਜਾਂਦੇ ਹਨ। ਵੱਡੀ ਗੱਲ ਇਹ ਹੈ ਕਿ ਪਦਾਰਥਾਂ ਦੇ ਮੋਹ ਕਾਰਨ ਅਤੇ ਧਨ ਦੇ ਫੈਲਾਅ ਕਾਰਨ ਅਸੀਂ ਜੀਵਨ ਦਾਤੇ ਨੂੰ ਭੁਲਾ ਦਿੱਤਾ ਹੈ। ਗੁਰੂ ਸਾਹਿਬਾਨ ਨੇ ਉਪਦੇਸ਼ ਦਿੱਤਾ ਹੈ ਕਿ ਇਹ ਸੰਸਾਰ ਤਾਂ ਅੰਨ੍ਹੇ ਖੂਹ ਦੀ ਨਿਆਈਂ ਹੈ, ਭਿਆਨਕ ਤੋਂ ਭਿਆਨਕ ਦੁੱਖ ਬੰਦੇ ਨੂੰ ਵਿਆਪਦੇ ਹਨ। ਗੁਰੂ ਨਾਨਕ ਦੇਵ ਜੀ ਨੇ ਤਾਂ ਤੱਤ ਕੱਢ ਦਿੱਤਾ ਹੈ, 'ਨਾਨਕ ਦੁਖੀਆ ਸਭ ਸੰਸਾਰ'।

SIKHBOOKCLUB.COM

ਇਨ੍ਹਾਂ ਸੰਸਾਰੀ ਦੁੱਖਾਂ ਕਲੇਸ਼ਾਂ ਤੋਂ ਬਚਣ ਲਈ ਜੀਵਨ ਦਾਤੇ ਦਾ ਨਾਮ (ਗੁਰ ਮੰਤ੍ਰ) ਹੀ ਅਸਲ ਦਾਰੂ ਹੈ। ਗੁਰਬਾਣੀ ਦੇ ਬੋਲ ਹਨ:

*ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ॥*
*ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ॥ (51)*

ਕਲਯੁਗ ਅੰਧਰ ਗੁਰੂ ਸਾਹਿਬਾਨ ਨੇ ਗੁਰਬਾਣੀ ਕੀਰਤਨ ਨੂੰ ਵੱਡੀ ਮਹਾਨਤਾ ਦਿੱਤੀ ਹੈ। ਗੁਰਬਾਣੀ ਅੰਦਰ ਦਰਜ ਹੈ:

*ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥ (1015-16)*
*ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗੁਨ॥*
*ਹਰਿ ਕੀਰਤਨੁ ਆਧਾਰੁ ਨਿਹਚਲ ਏਹੁ ਧਨੋ॥ (398)*
*ਹਰਿ ਕੀਰਤਨ ਮਹਿ ਉਤਮ ਧੁਨਾ॥ ਨਾਨਕ ਗੁਰ ਮਿਲਿ ਗਾਇ ਗੁਨਾ॥ (1182)*

ਗੁਰੂ ਨਾਨਕ ਦੇਵ ਜੀ ਨੇ ਕਲਯੁਗੀ ਜੀਵਾਂ ਦੇ ਦੁੱਖਾਂ ਦੇ ਨਾਸ਼ ਲਈ ਕੀਰਤਨ ਨੂੰ ਮੁੱਖ ਰਖਦਿਆਂ ਭਾਈ ਮਰਦਾਨੇ ਨੂੰ ਸਾਥੀ ਬਣਾਇਆ। ਉਨ੍ਹਾਂ ਹਰੇਕ ਘਰ ਅੰਦਰ ਧਰਮਸ਼ਾਲਾ ਬਣਾ ਕੇ ਪ੍ਰਭੂ ਦੀ ਕੀਰਤੀ ਗਾਉਣ ਦਾ ਹੋਕਾ ਦਿੱਤਾ। ਇਹ ਸਰਬ ਰਸ ਭਰਪੂਰ ਬਾਣੀ ਸੁਣਨ ਨਾਲ ਜਿੱਥੇ ਸਰੀਰ ਦੇ ਤਣਾਅ ਦੂਰ ਹੁੰਦੇ ਹਨ ਉੱਥੇ ਅਨੰਦਮਈ ਹਾਲਤ ਵਿੱਚ ਲੋੜੀਂਦੇ ਰਸਾਂ ਦੇ ਫੁਆਰੇ ਫੁੱਟ ਪੈਣ ਨਾਲ ਸਰੀਰ ਅਰੋਗ ਹੋ ਜਾਂਦੇ ਹਨ। ਪਰ ਇਹ ਰਸ ਉਹੀ ਰੂਹ ਚੱਖਦੀ ਹੈ ਜਿਸ ਅੰਦਰ ਗੁਰਬਾਣੀ ਅਤੇ ਗੁਰੂ ਉਪੱਰ ਪੂਰੀ ਸ਼ਰਧਾ ਹੋਵੇ ਅਤੇ ਕੀਰਤਨ ਸੁਚੇਤ ਹੋ ਕੇ ਸੁਣੇ :

SIKHBOOKCLUB.COM

*ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ॥ (400)*

## ਕਲਾਧਾਰੀ ਕੀਰਤਨੀਆਂ

ਹਰ ਕੋਈ ਚੰਗਾ ਕੀਰਤਨੀਆਂ ਨਹੀਂ ਬਣ ਸਕਦਾ। ਕੀਰਤਨੀਆਂ ਹੋਣਾ ਵੀ ਕੁਦਰਤੀ ਦਾਤ ਹੈ। ਸਭ ਤੋਂ ਪਹਿਲਾਂ ਤਾਂ ਕੀਰਤਨੀਏਂ ਨੂੰ ਕੀਰਤਨ ਦੀ ਮਰਿਯਾਦਾ ਤੋਂ ਭਲੀ ਭਾਂਤ ਜਾਣੂ ਹੋਣਾ ਜ਼ਰੂਰੀ ਹੈ। ਕੀਰਤਨੀਆਂ ਇੱਕ ਵਿਸ਼ੇਸ਼ ਕਿਸਮ ਦਾ ਗਾਇਕ ਹੁੰਦਾ ਹੈ, ਇਸ ਲਈ ਉਸ ਦੀ ਆਵਾਜ਼ ਵਿੱਚ ਰੰਜਕਤਾ, ਮਿਠਾਸ ਅਤੇ ਰਸੀਲਾਪਨ ਹੋਣਾ ਬਹੁਤ ਜ਼ਰੂਰੀ ਹੈ। ਆਦਰਸ਼ ਕੀਰਤਨੀਏ ਦੀ ਆਵਾਜ਼ ਰਿਆਜ਼ ਦੁਆਰਾ ਸਾਧੀ ਹੋਣੀ ਚਾਹੀਦੀ ਹੈ। ਉਸ ਦੀ ਆਵਾਜ਼ ਵਿੱਚ ਤੜਫ, ਬਿਹਬਲਤਾ ਅਤੇ ਵੇਦਨਾ ਹੋਵੇ ਅਤੇ ਇਹ ਹਿਰਦੇ ਵਿੱਚੋਂ ਉਪਜਦੀ ਹੋਵੇ।

ਉਤੱਮ ਕੀਰਤਨੀਆਂ ਉਹੀ ਹੁੰਦਾ ਹੈ ਜੋ ਗੁਰਬਾਣੀ ਦੇ ਸ਼ਬਦ ਦਾ ਕੀਰਤਨ ਦਰਸਾਏ ਰਾਗ ਅਨੁਸਾਰ ਕਰਦਾ ਹੈ। ਭਾਵ ਉਸ ਨੂੰ ਰਾਗ ਦਾ ਸਰੂਪ, ਰਾਗ ਦੇ

ਸਮੇਂ ਅਤੇ ਰਾਗ ਦੇ ਗਾਉਣ ਦੇ ਢੰਗ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਗੁਰਬਾਣੀ ਦੇ ਰਾਗਾਂ ਅਤੇ ਰਾਗਨੀਆਂ ਵਿੱਚ ਨਾਮ ਰਸ ਦੀ ਅਤੇ ਲੋਕ ਰਸ ਵਾਲੀ ਸ਼ੈਲੀ ਵਿੱਚ ਕਾਵਿ ਰੂਪ ਦੀ ਝਲਕ ਪੈਂਦੀ ਹੈ। ਇਸ ਲਈ ਗੁਰਮਤਿ ਸੰਗੀਤ ਦੇ ਨਾਲ ਨਾਲ ਭਾਰਤੀ ਸ਼ਾਸਤਰੀ ਸੰਗੀਤ ਦਾ ਇਲਮ ਹੋਣਾ ਵੀ ਬਹੁਤ ਜ਼ਰੂਰੀ ਹੈ। ਕੀਰਤਨ ਕਰਦੇ ਸਮੇਂ ਉਹ ਸ਼ਬਦ ਦੀ ਸਪਸ਼ਟਤਾ, ਸਹੀ ਉਚਾਰਨ ਅਤੇ ਪਰਧਾਨਤਾ ਨੂੰ ਮੁੱਖ ਰੱਖੇ ਅਤੇ ਰਾਗ ਨੂੰ ਪਰਧਾਨ ਨਾ ਬਣਾਏ। ਇਸ ਲਈ ਸਾਜ਼ਾਂ ਦੀ ਆਵਾਜ਼ ਧੀਮੀ ਹੋਣੀ ਚਾਹੀਦੀ ਹੈ। ਕੀਰਤਨ ਵਿੱਚ ਫ਼ਿਲਮੀ ਧੁਨਾਂ ਨਾ ਵਰਤੇ ਕਿਉਂਕਿ ਇਨ੍ਹਾਂ ਧੁਨਾਂ ਵਿੱਚ ਰੰਜਕਤਾ ਨਹੀਂ ਹੁੰਦੀ ਸਾਜ਼ ਕੀਰਤਨ ਦਾ ਸਾਧਨ ਹਨ ਮੰਜ਼ਿਲ ਨਹੀਂ।

ਇੱਕ ਗਾਥਾ ਹੈ ਕਿ ਇੱਕ ਵਾਰੀ ਗੁਰੂ ਨਾਨਕ ਦੇਵ ਜੀ ਜੰਗਲ ਵਿੱਚ ਬੈਠੇ ਕੀਰਤਨ ਕਰ ਰਹੇ ਸਨ। ਇਹ ਰਸ ਮਈ ਕੀਰਤਨ ਸੁਣ ਕੁਝ ਪੰਛੀ ਅਤੇ ਪਸ਼ੂ ਉਨ੍ਹਾਂ ਕੋਲ ਆ ਬੈਠੇ। ਭਾਈ ਮਰਦਾਨੇ ਦੇ ਮਨ ਵਿੱਚ ਆਇਆ ਕਿ ਮੇਰੀ ਰਬਾਬ ਦੀਆਂ ਸੁਰਾਂ 'ਤੇ ਇਹ ਪਸ਼ੂ ਪੰਛੀ ਕਿਵੇਂ ਮਾਇਲ ਹੋਏ ਬੈਠੇ ਹਨ। ਗੁਰੂ ਜੀ ਨੇ ਕੁਝ ਚਿਰ ਲਈ ਸ਼ਬਦ ਅਲਾਪਨਾ ਬੰਦ ਕਰ ਦਿੱਤਾ ਅਤੇ ਮਰਦਾਨੇ ਦੀ ਰਬਾਬ ਵੱਜਦੀ ਰਹੀ। ਗੁਰ ਸ਼ਬਦ ਦਾ ਉਚਾਰਨ ਬੰਦ ਹੋਣ ਨਾਲ ਪਸ਼ੂ ਪੰਛੀ ਬੇਤਾਬ ਹੋ ਗਏ ਅਤੇ ਸ਼ੋਰ ਮਚਾਉਣ ਲੱਗੇ। ਭਾਈ ਮਰਦਾਨੇ ਨੇ ਰਬਾਬ ਦੀਆਂ ਸੁਰਾਂ ਹੋਰ ਤੇਜ਼ ਕਰ ਦਿੱਤੀਆਂ ਪਰ ਉਹ ਸ਼ਾਂਤ ਨਾ ਹੋਏ। ਜਦੋਂ ਸਤਿਗੁਰਾਂ ਨੇ ਫਿਰ ਬਾਣੀ ਅਲਾਪਣੀ ਸ਼ੁਰੂ ਕਰ ਦਿੱਤੀ ਤਾਂ ਪਸ਼ੂ ਪੰਛੀ ਚੁੱਪ ਕਰ ਕੇ ਟਿਕ ਕੇ ਬੈਠ ਗਏ। ਇਸ ਨਾਲ ਭਾਈ ਮਰਦਾਨੇ ਅਤੇ ਭਾਈ ਬਾਲੇ ਨੂੰ ਸੋਝੀ ਹੋ ਗਈ ਕਿ ਕੀਰਤਨ ਦਾ ਮੂਲ ਗੁਰ ਸ਼ਬਦ ਹੈ। ਸਾਜ਼ ਤਾਂ ਇੱਕ ਸਹਿਯੋਗ ਦਾ ਕੰਮ ਕਰਦਾ ਹੈ।

ਕੀਰਤਨ ਕਰਨ ਸਮੇਂ ਕੀਰਤਨੀਏ ਦਾ ਧਿਆਨ ਪੂਰੀ ਇਕਾਗਰਤਾ ਨਾਲ ਸ਼ਬਦ ਗਾਇਨ ਵਿੱਚ ਹੋਵੇ। ਉਸ ਦਾ ਜੱਥਾ ਵੀ ਪੂਰੀ ਲਗਨ ਨਾਲ ਮੁੱਖੀ ਕੀਰਤਨੀਏ ਦਾ ਹਰ ਪੱਖੋਂ ਸਾਥ ਦੇਵੇ। ਕੀਰਤਨੀਏ ਨੂੰ ਵੱਧ ਤੋਂ ਵੱਧ ਸ਼ਬਦ ਕੰਠ ਹੋਣੇ ਚਾਹੀਦੇ ਹਨ। ਪੂਰੇ ਜੱਥੇ ਦਾ ਗਾਇਨ ਢੰਗ ਐਸਾ ਹੋਵੇ ਕਿ ਸੰਗਤ ਨੂੰ ਕੀਲ ਲਵੇ। ਇੰਵ ਉਸ ਜੱਥੇ ਦਾ ਕੀਰਤਨ ਸੁਣਨ ਲਈ ਸੰਗਤਾਂ ਦੇ ਮਨ ਵਿੱਚ ਵੱਡੀ ਖਿੱਚ ਪੈਦਾ ਹੁੰਦੀ ਹੈ। ਚੰਗੀ ਅਰਥਾਤ ਵੱਡੀ ਗਿਣਤੀ ਵਿੱਚ ਸੰਗਤ ਹੋਣ ਕਰਕੇ ਕੀਰਤਨੀਏ ਦਾ ਮਨ ਵੀ ਪਸੀਜਿਆ ਜਾਂਦਾ ਹੈ। ਇਸ ਤਰ੍ਹਾਂ ਗੁਰੂ ਦੀ ਹਜ਼ੂਰੀ ਵਿੱਚ ਉਹ ਸਥਾਨ ਬੈਕੁੰਠ ਬਣ ਜਾਂਦਾ ਹੈ। ਗੁਰੂ ਅਰਜਨ ਸਾਹਿਬ ਜੀ ਦੇ ਸੂਹੀ ਰਾਗ ਵਿੱਚ ਬੋਲ ਹਨ :

*ਤਹਾਂ ਬੈਕੁੰਠ ਜਹ ਕੀਰਤਨ ਤੇਰਾ ਤੂ ਆਪੇ ਸ਼ਰਧਾ ਲਾਇਹੀ॥ (748)*

ਆਦਰਸ਼ ਕੀਰਤਨੀਆਂ ਉਹੀ ਹੈ ਜਿਹੜਾ ਗੁਰੂ ਨੂੰ ਸਨਮੁੱਖ ਰਖਦਾ ਹੈ ਅਤੇ ਮਾਇਆ ਦੇ ਪ੍ਰਭਾਵ ਤੋਂ ਦੂਰ ਰਹਿੰਦਾ ਹੈ। ਐਸੇ ਕੀਰਤਨੀਏ 'ਤੇ ਪ੍ਰਭੂ ਐਸੀ

ਬਖ਼ਸ਼ਿਸ਼ ਕਰਦਾ ਹੈ ਕਿ ਉਸ ਨੂੰ ਕਿਸੇ ਚੀਜ਼ ਦੀ ਤੋਟ ਨਹੀਂ ਰਹਿੰਦੀ। ਕੀਰਤਨੀਏ ਲਈ ਸਭ ਤੋਂ ਮੁੱਖ ਗੱਲ ਹੈ ਕਿ ਉਸ ਦਾ ਜੀਵਨ ਉੱਚਾ ਅਤੇ ਸੁੱਚਾ ਹੋਵੇ। ਉਹ ਸਾਦਗੀ, ਸਹਿਜ, ਸਬਰ ਅਤੇ ਸੱਚ 'ਤੇ ਪਹਿਰਾ ਦੇਵੇ, ਸੰਗਤ ਦਾ ਪਿਆਰ ਅਤੇ ਸਤਿਕਾਰ ਮਨ ਵਿੱਚ ਰੱਖੇ। ਐਸੀ ਹਾਲਤ ਵਿੱਚ ਅਨੰਦ ਮਾਰਗ ਦੇ ਵਡਮੁੱਲੇ, ਦੁਰਲੱਭ ਅਤੇ ਅਲੌਕਿਕ ਖਜ਼ਾਨੇ ਪ੍ਰਾਪਤ ਹੋ ਜਾਂਦੇ ਹਨ। ਉਹ ਨਾਮ ਰਸੀਆ ਬਣ ਕੇ ਅੰਤ ਨੂੰ ਨਿਜ ਘਰ 'ਚ ਪਹੁੰਚ ਜਾਂਦਾ ਹੈ। ਉਸ ਦੀ ਦੋਹਾਂ ਜਹਾਨਾਂ ਵਿੱਚ ਸੋਭਾ ਹੁੰਦੀ ਹੈ। ਪਰ ਇਹ ਪਦ ਕੋਈ ਵਿਰਲਾ ਹੀ ਪ੍ਰਾਪਤ ਕਰਦਾ ਹੈ, ਨਹੀਂ ਤਾਂ ਮਾਇਆ ਦੇ ਵਪਾਰਕ ਕੀਰਤਨੀਆਂ ਦੀ ਗਿਣਤੀ ਅੱਜ ਕੱਲ੍ਹ ਬਹੁਤ ਹੈ।

ਡਾਕਟਰ ਜਸਵੰਤ ਸਿੰਘ ਨੇਕੀ ਨੇ ਇੱਕ ਵਾਰ ਭਾਈ ਸਮੁੰਦ ਸਿੰਘ ਗੁਰੂ ਘਰ ਦੇ ਮਹਾਨ ਕੀਰਤਨੀਏ ਨੂੰ ਸਵਾਲ ਕੀਤਾ ਕਿ ਕੀ ਸ਼ਬਦ ਭੇਟਾ ਨਾਲ ਤੁਹਾਡਾ ਘਰ ਦਾ ਗੁਜ਼ਾਰਾ ਹੋ ਜਾਂਦਾ ਹੈ? ਉਨ੍ਹਾਂ ਉੱਤਰ ਵਿੱਚ ਆਖਿਆ, 'ਸਾਡੇ ਬਜ਼ੁਰਗਾਂ ਨੇ ਤਿੰਨ ਗੱਲਾਂ ਦਾ ਉਪਦੇਸ਼ ਸਾਨੂੰ ਦਿੱਤਾ ਸੀ':

1. ਕੀਰਤਨ ਗੁਰੂ ਨੂੰ ਸੁਣਾਉਣ ਲਈ ਕਰੀਏ ਉਸ ਨੂੰ ਹਾਜ਼ਰ ਨਾਜ਼ਰ ਜਾਣ ਕੇ।
2. ਜੇਕਰ ਆਪਣੀਆਂ ਜ਼ਰੂਰਤਾਂ ਘਟਾ ਲਈਏ ਤਾ ਥੋੜ੍ਹੇ ਵਿੱਚ ਵੀ ਗੁਜ਼ਾਰਾ ਹੋ ਜਾਂਦਾ ਹੈ, ਜੇ ਵਧਾ ਲਈਏ ਤਾਂ ਬਹੁਤੇ ਵਿੱਚ ਵੀ ਨਹੀਂ ਹੁੰਦਾ।
3. ਸ਼ਬਦ ਭੇਟ ਨੂੰ ਮਨੁੱਖਾਂ ਵੱਲੋਂ ਦਿੱਤਾ ਦਾਨ ਨਾ ਜਾਣਨਾ, ਪਰਮਾਤਮਾ ਵੱਲੋਂ ਦਿੱਤੀ ਦਾਤ ਜਾਣਨਾ। ਇਸ ਦੀ ਝਾਕ ਨਾ ਰੱਖਣਾ। ਜੇ ਪ੍ਰਾਪਤ ਹੋ ਜਾਵੇ, ਉਸ ਦਾਤੇ ਦੀ ਬਖਸ਼ਿਸ਼ ਜਾਣਨਾ। ਜੇ ਕੁਝ ਵੀ ਪ੍ਰਾਪਤ ਨਾ ਹੋਵੇ ਤਾਂ ਵੀ ਉਸ ਦੀ ਮਿਹਰ ਸਮਝਣਾ ਕਿ ਉਸ ਨੇ ਕੀਰਤਨ ਕਰਨ ਦਾ ਅਉਸਰ ਤਾਂ ਬਖਸ਼ਿਆ ਹੈ। ਬਾਕੀ ਸ਼ਬਦ ਭੇਟਾ ਸਾਨੂੰ ਏਨੀ ਕੁ ਪ੍ਰਾਪਤ ਹੋ ਜਾਂਦੀ ਹੈ ਕਿ ਦਸਵੰਧ ਕੱਢਣ ਲੱਗਿਆਂ ਔਖ ਨਹੀਂ ਹੁੰਦੀ।

SIKHBOOKCLUB.COM

ਦਾਸ ਨੂੰ ਸਵਰਗਵਾਸੀ ਪ੍ਰੋਫ਼ੈਸਰ ਪਰਮਜੋਤ ਸਿੰਘ, ਜਨਰਲ ਸਕੱਤਰ ਸਵਰ ਸਮੁੰਦ ਗੁਰਮਤਿ ਸੰਗੀਤ ਅਕੈਡਮੀ, ਲੁਧਿਆਣਾ, ਜਿਨ੍ਹਾਂ ਹਮੇਸ਼ਾ ਨਿਸ਼ਕਾਮ ਕੀਰਤਨ ਕੀਤਾ, ਨੇ ਦੱਸਿਆ ਕਿ ਕੀਰਤਨ ਦੀ ਸਿਖਲਾਈ ਦੇਣ ਕਰਕੇ ਯੂ. ਕੇ. ਦੀ ਸੁਸਾਇਟੀ ਦੇ ਇੱਕ ਗੁਰਮੁਖ ਪਿਆਰੇ ਉਨ੍ਹਾਂ ਨੂੰ ਉਨ੍ਹਾਂ ਦੇ ਗ੍ਰਹਿ, ਕਾਲਜ ਰੋਡ ਦਾਖਾ ਵਿਖੇ ਨਵੀਂ ਕਾਰ ਦੀਆਂ ਚਾਬੀਆਂ ਦੇਣ ਆਏ। ਇਹ ਇਸ ਲਈ ਕਿ ਕੀਰਤਨ ਦੀ ਸਿਖਲਾਈ ਲਈ ਆਉਣ ਜਾਣ ਵਾਸਤੇ ਉਨ੍ਹਾਂ ਨੂੰ ਕੋਈ ਦਿੱਕਤ ਨਾ ਹੋਵੇ, ਪਰ ਪ੍ਰੋਫ਼ੈਸਰ ਸਾਹਿਬ ਨੇ ਕਾਰ ਲੈਣ ਤੋਂ ਜੁਆਬ ਦੇ ਦਿੱਤਾ। ਇਹ ਉਨ੍ਹਾਂ ਦੇ ਸਬਰ, ਸੰਤੋਖ, ਸਿਰੜ ਅਤੇ ਵੱਡੇ ਜਿਗਰੇ ਦੀ ਨਿਸ਼ਾਨੀ ਸੀ। ਅੱਜ ਕਲ੍ਹ ਦੇ ਸਮੇਂ ਮੁਫ਼ਤ ਮਿਲ ਰਹੀ ਕਾਰ ਨੂੰ ਕੌਣ ਮੋੜਦਾ ਹੈ? ਪ੍ਰੋਫ਼ੈਸਰ ਸਾਹਿਬ ਦੀ ਗੁਰਬਾਣੀ ਪ੍ਰਤੀ

ਲਗਨ, ਕੀਰਤਨ ਸੰਬੰਧੀ ਕੀਤੀ ਘਾਲਣਾ ਅਤੇ ਪ੍ਰੇਮ, ਕੀਰਤਨ ਦੀ ਸਿਖਲਾਈ ਅਤੇ ਮਨ ਦੀ ਨਿਮਰਤਾ ਨੂੰ ਅਖਰਾਂ ਵਿੱਚ ਬਿਆਨ ਕਰਨਾ ਮੁਸ਼ਕਿਲ ਹੈ। ਇੱਕ ਵਾਰ ਪ੍ਰੋਫੈਸਰ ਸਾਹਿਬ ਦੇ ਨਾਲ ਕੀਰਤਨ ਕਰਨ ਵਾਲੇ ਸਿੰਘਾਂ ਨੇ ਉਨ੍ਹਾਂ ਨੂੰ ਕਿਹਾ ਕਿ ਜੇਕਰ ਤੁਸੀਂ ਕੈਨੇਡਾ ਦੇ ਵੀਜੇ ਲਈ ਅਰਜ਼ੀ ਭਰ ਦੇਵੋਂ ਤਾਂ ਅਸੀਂ ਵੀ ਤੁਹਾਡੇ ਨਾਲ ਜਾ ਸਕਦੇ ਹਾਂ। ਉਨ੍ਹਾਂ ਦੇ ਕਹਿਣ 'ਤੇ ਭਾਈ ਪਰਮਜੋਤ ਸਿੰਘ ਨੇ ਅਰਜੀ ਦਾਖਲ ਕਰ ਦਿੱਤੀ ਅਤੇ 6 ਮਹੀਨੇ ਦਾ ਵੀਜ਼ਾ ਲੱਗ ਗਿਆ। ਉਹ ਕੈਨੇਡਾ ਪਹੁੰਚ ਗਏ। ਉਨ੍ਹਾਂ ਦਾਸ ਨੂੰ ਦੱਸਿਆ ਕਿ ਸਾਨੂੰ ਸੰਗਤਾਂ ਵੱਲੋਂ ਭਰਮਾ ਹੁੰਗਾਰਾ ਕੀਰਤਨ ਭੇਟਾ ਵਜੋਂ ਮਿਲਿਆ ਅਤੇ ਤਕਰੀਬਨ 50 ਕੁ ਦਿਨ ਵਿੱਚ ਕੈਨੇਡਾ ਆਉਣ ਜਾਣ ਦਾ ਸਾਡਾ ਖਰਚਾ ਕੀਰਤਨ ਭੇਟਾ ਵਜੋਂ ਪੂਰਾ ਹੋ ਗਿਆ। ਫਿਰ ਮੈਂ ਗੁਰਦੁਆਰਾ ਸਾਹਿਬ ਦੀ ਕਮੇਟੀ ਤੋਂ ਇਜਾਜ਼ਤ ਲੈ ਕੇ ਅਤੇ ਆਪਣੇ ਜੱਥੇ ਸਮੇਤ ਭਾਰਤ ਆਪਣੇ ਘਰ ਵਾਪਸ ਆ ਗਿਆ। ਇਹ ਘਟਨਾ ਦਰਸਾਉਂਦੀ ਹੈ ਕਿ ਪ੍ਰੋਫੈਸਰ ਸਾਹਿਬ ਦੇ ਮਨ ਵਿੱਚ ਭੋਰਾ ਵੀ ਲਾਲਚ ਨਹੀਂ ਸੀ। ਕੁਦਰਤ ਦਾ ਭਾਣਾ ਪ੍ਰੋਫੈਸਰ ਸਾਹਿਬ 6 ਕੁ ਮਹੀਨੇ ਦੀ ਬਿਮਾਰੀ ਉਪਰੰਤ 12 ਅਪ੍ਰੈਲ 2014 ਨੂੰ ਸੰਸਾਰ ਤੋਂ ਕੂਚ ਕਰ ਗਏ। ਉਹਨਾਂ ਦੇ ਜਾਣ ਨਾਲ ਗੁਰਮਤਿ ਸੰਗੀਤ ਨੂੰ ਵੱਡਾ ਘਾਟਾ ਪਿਆ ਹੈ। ਦਾਸ ਕਈ ਵਾਰ ਜਦੋਂ ਉਨ੍ਹਾਂ ਦੇ ਗ੍ਰਿਹਿ ਵਿਖੇ ਜਾਂਦਾ ਸੀ ਤਾਂ 3-4 ਕੀਰਤਨ ਸਿੱਖਣ ਵਾਲੇ ਉਨ੍ਹਾਂ ਦੇ ਸ਼ਿਸ਼ ਕੋਲ ਬੈਠੇ ਹੁੰਦੇ ਸਨ। ਉਹ ਬਿਮਾਰੀ ਕਾਰਨ ਕਾਫ਼ੀ ਕਮਜ਼ੋਰ ਹੋ ਗਏ ਸਨ ਪਰ ਫੇਰ ਵੀ ਇੱਕ ਦੋ ਸ਼ਬਦ ਦਾ ਕੀਰਤਨ ਰੋਜ਼ਾਨਾ ਕਰਦੇ ਸਨ। ਉਨ੍ਹਾਂ ਦੇ ਬੋਲ ਸਨ ਕਿ ਜੇਕਰ ਮੈਂ ਠੀਕ ਹੋ ਗਿਆ ਤਾਂ ਬਾਕੀ ਦਾ ਰਹਿੰਦਾ ਜੀਵਨ ਗੁਰਬਾਣੀ ਸੰਗੀਤ ਲਈ ਅਰਪਨ ਕਰ ਦੇਣਾ ਹੈ। ਹੋਰ ਮੈਨੂੰ ਜੀਵਨ ਅੰਦਰ ਕੋਈ ਲਾਲਸਾ ਨਹੀਂ ਹੈ। ਪਰ ਹੁੰਦਾ ਉਹ ਹੈ ਜੋ ਪ੍ਰਭੂ ਨੂੰ ਮਨਜ਼ੂਰ ਹੋਵੇ।

ਗੁਰੂ ਦੀ ਕ੍ਰਿਪਾ ਸਦਕਾ ਵਰਤਮਾਨ ਸਮੇਂ ਅੰਦਰ ਚੰਗੇ ਚੰਗੇ ਕੀਰਤਨੀਏ ਪੈਦਾ ਹੋ ਰਹੇ ਹਨ। ਵਿਦੇਸ਼ਾਂ ਵਿੱਚ ਸਿੱਖੀ ਦੇ ਫੈਲਾਅ ਕਾਰਨ ਦਿਨੋਂ ਦਿਨ ਕੀਰਤਨੀਆਂ ਦੀ ਮੰਗ ਵਧ ਰਹੀ ਹੈ। ਵਿੱਦਿਆ ਦੇ ਪਾਸਾਰ ਕਾਰਨ ਸਿੱਖ ਭਾਈਚਾਰਾ ਵੀ ਗਿਆਨਵਾਨ ਹੋ ਰਿਹਾ ਹੈ, ਤਰਕਵਾਜ ਵੀ ਬਹੁਤ ਹਨ, ਇਸ ਲਈ ਹੁਣ ਚੰਗੇ ਪੜ੍ਹੇ ਲਿਖੇ, ਸੰਗੀਤ ਦੇ ਸਿਧਾਂਤਾਂ ਦੇ ਗਿਆਤਾ, ਰਹਿਤਵਾਨ, ਲੋਭ ਅਤੇ ਹੰਕਾਰ ਦੇ ਤਿਆਗੀ ਆਦਰਸ਼ ਕੀਰਤਨੀਆਂ ਦੀ ਜ਼ਰੂਰਤ ਹੈ। ਪਰਮਾਤਮਾ ਭਲੀ ਕਰੇ ਤਾਂ ਕਿ ਗੁਣਵਾਨ ਕੀਰਤਨੀਏਂ ਪੈਦਾ ਹੋਣ ਅਤੇ ਸਿੱਖੀ ਦਾ ਪਰਚਾਰ ਹੋਵੇ। ਗੁਰਮਤਿ ਸੰਗੀਤ ਮਾਨੋਂ ਸਿੱਖੀ ਦੇ ਪਰਚਾਰ ਅਤੇ ਪਾਸਾਰ ਦਾ ਧੁਰਾ ਹੈ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਇਹ ਬਹੁਤ ਹੀ ਵੱਡਮੁੱਲੀ ਦਾਤ ਬਖਸ਼ੀ ਹੈ। ਗੁਰਬਾਣੀ ਦਾ ਸ਼ਬਦ ਹੈ:

*ਐਸਾ ਕੀਰਤਨ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮਿ ਤੇਰੈ॥ (236)*

3

# ਰਬਾਬ ਅਤੇ ਰਬਾਬੀ ਘਰਾਣੇ

ਰਬਾਬ ਪੁਰਾਤਨ ਸਮੇਂ ਦਾ ਇੱਕ ਸ਼੍ਰੋਮਣੀ ਤੰਤੀ ਸਾਜ਼ ਹੈ। ਇਹ ਸੰਗੀਤ ਦੇ ਸਮੂਹ ਸਾਜ਼ਾਂ ਵਿੱਚੋਂ ਪਰਮੁੱਖ ਅਤੇ ਸ਼ੇਰ ਦੀ ਨਿਆਈਂ ਹੈ। ਇਤਿਹਾਸਕਾਰਾਂ ਦੀਆਂ ਲਿਖਤਾਂ ਅਨੁਸਾਰ ਇਹ ਨਾਰਦ ਅਤੇ ਸਰਸਵਤੀ ਦਾ ਮੁੱਖ ਸਾਜ਼ ਸੀ। ਕਹਿੰਦੇ ਹਨ ਕਿ ਵਿਸ਼ਨੂੰ ਨੇ ਆਪਣੀ 'ਵੀਣਾ' ਨਾਰਦਮੁਨੀ ਨੂੰ ਦਿੱਤੀ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਮਹਾਨ ਕੋਸ਼ ਵਿੱਚ ਇਹ ਗੱਲ ਕਲਮਬੰਦ ਕੀਤੀ ਹੈ ਕਿ ਪਹਿਲਾਂ ਪਹਿਲ ਰਬਾਬ ਨੂੰ ਸੰਗੀਤਕਾਰ 'ਨਾਰਦਵੀਣਾ' ਜਾਂ 'ਰਾਵਨ ਵੀਣਾ' ਕਹਿੰਦੇ ਸੀ। ਅੱਜ ਕਲ੍ਹ ਵੱਖ ਵੱਖ ਦੇਸ਼ਾਂ ਅਤੇ ਖਿੱਤਿਆਂ ਅੰਦਰ ਇਸ ਨੂੰ ਰਬਾਪ, ਰਬਾਰ, ਅਲਰਬਾਬਾ, ਰੋਬਾਬ, ਰਬਾਬ ਆਦਿ ਨਾਵਾਂ ਨਾਲ ਜਾਣਿਆਂ ਜਾਂਦਾ ਹੈ।

ਮੂਲ ਰੂਪ ਵਿੱਚ ਇਹ ਈਰਾਨੀ ਸਾਜ਼ ਹੈ। ਇਹ ਅਰਬ, ਇਰਾਕ, ਅਫ਼ਗਾਨਿਸਤਾਨ ਆਦਿ ਦੇਸ਼ਾਂ ਦਾ ਕੌਮੀ ਸਾਜ਼ ਹੈ। ਅੱਠਵੀਂ ਸਦੀ ਵਿੱਚ ਇਹ ਸਾਜ਼ ਉੱਤਰੀ ਅਫਰੀਕਾ ਤੇ ਯੂਰਮ ਦੇਸ਼ਾਂ ਵਿੱਚ ਵੀ ਵਰਤਿਆ ਜਾਣ ਲੱਗਾ। ਇਸਲਾਮ ਵਾਲਿਆਂ ਨੇ ਇਸ ਨੂੰ ਉੱਥੇ ਵੀ ਪਹੁੰਚਾ ਦਿੱਤਾ। ਅੱਜ ਕਲ੍ਹ ਭਾਰਤ ਤੇ ਪਾਕਿਸਤਾਨ ਆਜ਼ਾਦੀ ਤੋਂ ਪਹਿਲਾਂ (ਸਾਂਝਾ ਹਿੰਦੋਸਤਾਨ), ਤਜ਼ਾਕਿਸਤਾਨ, ਉਜਬਿਕਤਾਨ ਆਦਿ ਮਲਕਾਂ ਵਿੱਚ ਵੀ ਰਬਾਬ ਵਰਤੀ ਜਾਂਦੀ ਹੈ। ਹਿੰਦੋਸਤਾਨ ਵਿੱਚ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਸੰਗੀਤ ਲਈ ਰਬਾਬ ਨੂੰ ਪਹਿਲ ਦਿੱਤੀ ਅਤੇ ਪ੍ਰਚੱਲਤ ਕੀਤਾ। ਗੁਰੂ ਸਹਿਬਾਨ ਨੇ ਸਿੱਖੀ ਅੰਦਰ ਇਸ ਵਾਜੇ ਨੂੰ ਲੋਕ ਪ੍ਰਿਯ ਬਣਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਇਸ ਸਾਜ਼ ਨੂੰ ਰਬਾਬ ਦਾ ਨਾਂ ਦਿੱਤਾ। ਰਬਾਬ ਸ਼ਬਦ ਰਬ+ਆਬ ਦਾ ਸੰਗਰਹਿ ਹੈ। ਰਬ ਦਾ ਭਾਵ ਹੈ ਪਰਮਾਤਮਾ ਅਤੇ ਆਬ ਦਾ ਭਾਵ ਹੈ ਪਾਣੀ ਜਾਂ ਜਲ। ਸੋ ਰਬਾਬ ਉਹ ਸਾਜ਼ ਹੈ ਜਿਸ ਨੂੰ ਗੁਰਬਾਣੀ ਸ਼ਬਦ ਗਾਉਣ ਸਮੇਂ ਵਜਾਉਣ ਨਾਲ ਰੱਬੀ ਸੰਗੀਤ ਦੀ ਜਲਧਾਰਾ ਵਹਿ ਤੁਰਦੀ ਹੈ।

ਰਬਾਬ ਸਬਦ ਦਾ ਪ੍ਰਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਕਈ ਥਾਂ 'ਤੇ ਕੀਤਾ ਗਿਆ ਹੈ। ਆਸਾ ਰਾਗ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੰਨਾ 381 'ਤੇ ਅੰਕਿਤ ਕੀਤਾ ਹੈ:

*ਰਬਾਬ ਪਖਾਵਜ ਤਾਲ ਘੁੰਗਰੂ ਅਨਹਦ ਸਬਦੁ ਵਜਾਵੈ ॥*

ਭਾਈ ਗੁਰਦਾਸ ਜੀ ਨੇ ਆਪਣੀ ਵਾਰ ਅੰਦਰ ਬਗਦਾਦ ਅੰਦਰ ਗੁਰੂ ਨਾਨਕ ਦੇਵ ਜੀ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਸਮੇਂ ਭਾਈ ਮਰਦਾਨਾ ਜੀ ਵੱਲੋਂ ਰਬਾਬ ਵਜਾਉਣ ਦਾ ਨਕਸ਼ਾ ਇੰਵ ਖਿੱਚਿਆ ਹੈ:

SIKHBOOKCLUB.COM

*ਫਿਰ ਬਾਬਾ ਗਿਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ।*
*ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ। (ਵਾਰ 1, ਪਉੜੀ 35)*

ਇੱਕ ਹੋਰ ਵਾਰ ਵਿੱਚ ਵੀ ਭਾਈ ਗੁਰਦਾਸ ਜੀ ਨੇ ਮਰਦਾਨੇ ਦਾ ਉਲੇਖ ਕੀਤਾ ਹੈ:

*ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ। (ਵਾਰ 11, ਪਉੜੀ 13)*

ਡਾਕਟਰ ਭਰਤ ਗੁਪਤਾ ਨੇ ਆਪਣੀ ਪੁਸਤਕ ਰਬਾਬ ਜਾਂ ਸਿਰੌਦ ਵਿੱਚ ਲਿਖਿਆ ਹੈ ਕਿ ਪੰਜਵੀਂ ਸਦੀ ਵਿੱਚ ਉਕੱਰੀਆਂ ਅਜੰਤਾ ਪੇਂਟਿੰਗਜ਼ ਵਿੱਚ ਵੀ ਰਬਾਬ ਦਾ ਚਿਤ੍ਰਣ ਕੀਤਾ ਹੋਇਆ ਹੈ। ਇੱਕ ਹੋਰ ਲਿਖਤ ਅਬ-ਉਲ-ਫਜ਼ਲ ਵੱਲੋਂ 1894 ਵਿੱਚ ਰਚੀ 'ਆਇਨੇ ਅਕਬਰੀ' ਦੇ ਪੰਨਾ 258 'ਤੇ ਵੀ ਰਬਾਬ ਦਾ ਜ਼ਿਕਰ ਆਉਂਦਾ ਹੈ। ਅਕਬਰ ਦੇ ਦਰਬਾਰ ਅੰਦਰ ਤਾਨਸੇਨ ਕੋਲ ਧਰੁਪਦ ਅਰਥਾਤ ਹਿੰਦੁਸਤਾਨੀ ਰਬਾਬ ਸੀ। ਉਸ ਨੂੰ ਸੇਨੀਆਂ ਰਬਾਬ ਵੀ ਕਹਿੰਦੇ ਸੀ।

## ਰਬਾਬ ਦੀ ਬਣਤਰ

ਰਬਾਬ ਬਣਾਉਣ ਲਈ ਦਰਖ਼ਤ ਤੋਂ ਲੱਕੜ ਦਾ ਇੱਕ ਚੰਗਾ ਮੋਟਾ ਟੋਟਾ ਕੱਟਿਆ ਜਾਂਦਾ ਹੈ। ਫੇਰ ਇਸ ਨੂੰ ਚੰਗੀ ਤਰ੍ਹਾਂ ਸੁਕਾਇਆ ਜਾਂਦਾ ਹੈ। ਇਹ ਲੱਕੜੀ ਟੀਕ, ਤੂਤ, ਸੰਦਲ, ਕਿੱਕਰ ਜਾਂ ਟਾਹਲੀ ਦੀ ਹੋ ਸਕਦੀ ਹੈ। ਹੇਠਲੇ ਸਿਰੇ 'ਤੇ ਚੜ੍ਹਾਉਣ ਲਈ ਬੱਕਰੀ ਦੀ ਖੱਲ ਵਰਤੀ ਜਾਂਦੀ ਹੈ ਅਰਥਾਤ ਉਸ ਨੂੰ ਚੰਮ ਨਾਲ ਮੜ੍ਹਿਆ ਜਾਂਦਾ ਹੈ। ਤਾਰਾਂ (ਤੰਦਾਂ) ਲਈ ਬੱਕਰੀ ਦੀਆਂ ਆਂਦਰਾਂ (ਨਾੜੀਆਂ), ਲੋਹੇ ਜਾਂ ਨਾਈਲੋਨ ਦਾ ਉਪਯੋਗ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਇੱਕ ਵਾਰ ਦੇ ਅੰਦਰ ਰਬਾਬ ਦੀ ਬਣਤਰ ਵੀ ਦਰਸਾਈ ਹੈ:

*ਚੰਗਾ ਰੁਖੁ ਵਢਾਇ ਰਬਾਬੁ ਘੜਾਇਆ।*
*ਛੇਲੀ ਹੋਇ ਕੁਹਾਇ ਮਾਸੁ ਵੰਡਾਇਆ।*
*ਆਂਦ੍ਰਹੁ ਤਾਰ ਬਣਾਇ ਚੰਮ ਮੜ੍ਹਾਇਆ।*
*ਸਾਧ ਸੰਗਤਿ ਵਿੱਚ ਆਇ ਨਾਦੁ ਵਜਾਇਆ।*
*ਰਾਗ ਰੰਗ ਉਪਜਾਇ ਸਬਦੁ ਸੁਣਾਇਆ।*
*ਸਤਿਗੁਰ ਪੁਰਖੁ ਧਿਆਇ ਸਹਿਜ ਸਮਾਇਆ। (ਵਾਰ 14, ਪਉੜੀ 15)*

ਭਾਵ ਰਬਾਬ ਬਨਾਉਣ ਵਾਸਤੇ ਚੰਗੇ ਬ੍ਰਿਛ ਅਤੇ ਬੱਕਰੀ ਦੀ ਕੁਰਬਾਨੀ ਦੀ ਲੋੜ ਪੈਂਦੀ ਹੈ। ਰਬਾਬ ਦਾ ਆਕਾਰ ਚਿਤਰਣ ਲਈ ਰੁੱਖ ਦਾ ਸੁੱਕਿਆ ਮੁੱਢ ਤਰਖਾਣ ਘੜਦਾ ਹੈ। ਰਬਾਬ ਨੂੰ ਚੰਮ ਨਾਲ ਮੜ੍ਹਨ ਲਈ ਇੱਕ ਚੰਗੀ ਪਠੋਰੀ ਬੱਕਰੀ ਮਾਰੀ ਜਾਂਦੀ ਹੈ। ਉਸ ਬੱਕਰੀ ਦੀਆਂ ਆਂਦਰਾਂ ਕੱਢ ਕੇ ਅਤੇ ਸੁਕਾ ਕੇ

ਤਾਰਾਂ ਬਣਾਈਆਂ ਜਾਂਦੀਆਂ ਹਨ। ਫੇਰ ਸੰਗਤ ਵਿੱਚ ਬੈਠ ਕੇ ਰਬਾਬੀ ਰਬਾਬ ਵਜਾ ਕੇ ਉਸ ਵਿੱਚੋਂ ਤਰ੍ਹਾਂ ਤਰ੍ਹਾਂ ਦੀਆਂ ਧੁਨੀਆਂ ਕੱਢ ਸ਼ਬਦ ਗਾਇਨ ਕਰਦਾ ਹੈ। ਇੰਞ ਜਿਵੇਂ ਰਬਾਬ ਖਾਤਰ ਬ੍ਰਿਛ ਅਤੇ ਬਕਰੀ ਕੁਰਬਾਨੀ ਦਿੰਦੇ ਹਨ ਤਿਵੇਂ ਗੁਰਮੁਖ ਬਣਨ ਲਈ ਗੁਰ ਸ਼ਬਦ ਦਾ ਉਪਦੇਸ ਮੰਨ ਕੇ ਤਨ, ਮਨ ਤੇ ਧਨ ਸਤਿਗੁਰੂ ਅੱਗੇ ਵਾਰਨਾ ਪੈਂਦਾ ਹੈ। ਅਖੀਰ ਉਹ ਗੁਰਮੁਖ ਸਹਿਜ ਪਦ ਪ੍ਰਾਪਤ ਕਰ ਕੇ ਜੰਮਣ ਮਰਨ ਤੋਂ ਰਹਿਤ ਹੋ ਜਾਂਦਾ ਹੈ।

ਰਬਾਬ ਲਈ ਵਰਤਿਆ ਜਾਣ ਵਾਲਾ ਲੱਕੜੀ ਦਾ ਟੁਕੜਾ ਖਰੋਚ ਕੇ ਅੰਦਰੋਂ ਖੋਖਲਾ ਕੀਤਾ ਜਾਂਦਾ ਹੈ। ਇਸ ਖੋਖਲੇਪਨ ਕਾਰਨ ਹੀ ਆਵਾਜ਼ ਗੂੰਜਦੀ ਹੈ। ਇਹ ਆਵਾਜ਼ ਹੋਰ ਵੀ ਸ਼ਕਤੀਸ਼ਾਲੀ ਹੋ ਜਾਂਦੀ ਹੈ ਜਦੋਂ ਰਬਾਬ ਦੇ ਹੇਠਲੇ ਗੋਲਾਕਾਰ ਆਕਾਰ ਦੇ ਹਿੱਸੇ ਨੂੰ ਚਮੜੇ ਨਾਲ ਮੜ੍ਹਿਆ ਜਾਂਦਾ ਹੈ। ਇਸ ਉੱਤੇ ਬਣੇ ਗੁਰਜ਼ (Bridge) ਉਪਰਦੀ ਤੰਦਾਂ (Strings) ਲੰਘਾਈਆਂ ਜਾਂਦੀਆਂ ਹਨ। ਇਨ੍ਹਾਂ ਤੰਦਾਂ ਦੀ ਗਿਣਤੀ ਇਤਿਹਾਸਕਾਰਾਂ ਨੇ 3 ਤੋਂ 18 ਲਿਖੀ ਹੈ। ਕਾਬਲੀ ਰਬਾਬ ਦੀਆਂ 3 ਤੰਦਾਂ (ਤਣੀਆਂ) ਅਤੇ 12 ਸਹਾਇਕ ਤੰਦਾਂ ਹੁੰਦੀਆਂ ਹਨ। ਇਬ੍ਰਾਹੀਮ ਆਦਲ ਸ਼ਾਹ ਜੋ ਰਿਆਸਤ ਬੀਜਾਪੁਰ ਵਿੱਚ ਰਹਿੰਦਾ ਸੀ ਨੇ 4 ਤਣੀਆਂ ਵਾਲੀ ਰਬਾਬ ਬਾਰੇ ਬਿਆਨਿਆਂ ਹੈ । ਆਇਨੇ ਅਕਬਰੀ ਵਿੱਚ 7, 12 ਅਤੇ 18 ਤੰਦੀ ਰਬਾਬ ਦਾ ਜ਼ਿਕਰ ਹੈ। ਐਲਨ ਮਾਈਨਰ (Allen Miner) ਦੀ ਲਿਖੀ ਪੁਸਤਕ 'ਸਿਤਾਰ ਅਤੇ ਸਰੋਦ' ਦੇ ਪੰਨਾ 62 ਉੱਤੇ ਉਸ ਨੇ ਸਾਦਿਕ ਅਲੀ ਦੀ ਪੁਸਤਕ ਜੋ 1874 ਵਿੱਚ ਛਪੀ ਵਿੱਚ ਹਿੰਦੁਸਤਾਨੀ ਸੰਗੀਤ ਨੂੰ 'ਕਾਨੂੰਨ-ਏ-ਮੌਸੀਕੀ' ਲਿਖਿਆ ਹੈ, ਦਾ ਹਵਾਲਾ ਦਿੱਤਾ ਹੈ। ਮਾਈਨਰ ਨੇ ਲਿਖਿਆ ਹੈ ਕਿ ਆਮ ਕਰਕੇ ਸੰਗੀਤਕਾਰ 5 ਤੰਦੀ ਰਬਾਬ ਹੀ ਵਰਤਦੇ ਸਨ। ਪਰ ਦਿਲਚਸਪ ਗੱਲ ਇਹ ਹੈ ਕਿ ਗੁਰੂ ਨਾਨਕ ਨੇ ਮਰਦਾਨੇ ਦੀ ਖ਼ਾਤਰ ਭਾਈ ਫਰਿੰਦੇ ਤੋਂ ਜੋ ਰਬਾਬ ਬਣਵਾਈ ਉਹ 6 ਤੰਦੀ ਸੀ। ਇਸ ਤੋਂ ਇਲਾਵਾ ਇਹ ਅੰਕਿਤ ਕੀਤਾ ਹੈ ਕਿ ਗੁਰੂ ਨਾਨਕ ਨੇ ਰਬਾਬ ਵਿੱਚ ਰੇਸ਼ਮੀ ਧਾਗੇ ਦੀਆਂ ਤੰਦਾਂ ਪੁਆਈਆਂ ਜਦ ਕਿ ਆਮ ਰਬਾਬਾਂ ਵਿੱਚ ਬੱਕਰੀ ਦੀਆਂ ਆਂਦਰਾਂ ਜਾਂ ਧਾਤ ਦੀਆਂ ਤੰਦਾਂ ਹੁੰਦੀਆਂ ਸਨ। ਛੇ ਤੰਦਾਂ ਦੇ ਨਾਮ ਹਨ- ਜ਼ੀਰ, ਮੀਆਂ, ਸੁਰ, ਮੁੰਦਰਾ, ਘੋੜ ਅਤੇ ਖਰਾਜ਼। ਇਹ ਤੰਦਾਂ ਰਬਾਬ ਨੂੰ ਸੁਰ ਕਰਨ ਵਾਲੀਆਂ ਕਿੱਲੀਆਂ ਨਾਲ ਜੁੜੀਆਂ ਹੁੰਦੀਆਂ ਹਨ। ਹੇਠਲੇ ਪਾਸੇ ਵੀ ਇਨ੍ਹਾਂ ਨੂੰ ਜੋੜਿਆ ਜਾਂਦਾ ਹੈ। ਜ਼ੀਰ ਦਾ ਮਾਧਿਅਮ ਸਪਤਿਮ 'ਪਾ', ਮੀਆਂ ਦਾ 'ਰਾ', ਸੁਰ ਦਾ 'ਸਾ', ਮੁੰਦਰਾ ਦਾ 'ਪਾ', ਘੋੜ ਦਾ 'ਗਾ' ਜਾਂ 'ਨਾ' ਅਤੇ ਖਰਾਜ਼ ਦਾ 'ਸਾ' ਹੁੰਦਾ ਹੈ। ਗੋਸੁਆਮੀ ਨੇ 6 ਤੰਦਾਂ ਨੂੰ ਪਾ,ਰਾ, ਸਾ,ਪਾ,ਮਾ (ਜਾਂ ਗਾ) ਅਤੇ ਸਾ PRSPM(Or G) 5 ਨਾਮ ਦਿੱਤੇ ਹਨ। ਉਹ ਆਪਣੀ ਕਿਤਾਬ ਜੋ 1957 ਵਿੱਚ ਲਿਖੀ ਦੇ ਪੰਨਾ 299 'ਤੇ ਲਿਖਦਾ ਹੈ ਕਿ ਇਹ ਮਾਧਿਅਮ ਅਰਬੀ, ਫ਼ਾਰਸੀ ਅਤੇ ਹਿੰਦੁਸਤਾਨੀ ਪਦਾਂ ਦਾ ਸੁਮੇਲ ਹੈ। ਜ਼ੀਰ ਦਾ ਸੰਬੰਧ ਅਰਬੀ ਨਾਲ, ਸੁਰ, ਦਰਾ

ਅਤੇ ਖਰਾਜ਼ ਦਾ ਹਿੰਦੁਸਤਾਨੀ ਅਤੇ ਘੋੜ ਦਾ ਫ਼ਾਰਸੀ ਅਤੇ ਉਰਦੂ ਸ਼ਬਦਾਂ ਨਾਲ ਹੈ। ਰਬਾਬ ਦੀ ਆਵਾਜ਼ ਮਨੁੱਖੀ ਆਵਾਜ਼ ਨਾਲ ਮਿਲਦੀ ਜੁਲਦੀ ਹੈ। ਇਸ ਦੀਆਂ 3 ਮਧੁਰ (ਸੁਰੀਲੀ) ਅਵਾਜ਼ ਕੱਢਣ ਵਾਲੀਆਂ ਤਾਰਾਂ ਚੌਥੀ ਨਾਲ ਜੁੜੀਆਂ ਹੁੰਦੀਆਂ ਹਨ। ਦੂਜੀਆਂ 2 ਤੰਦਾਂ ਸੁਸਤ ਡੀਂ ਦੀ ਆਵਾਜ਼ ਕਢਦੀਆਂ ਹਨ।

ਰਬਾਬ ਦੋ ਕਿਸਮ ਦੀ ਹੁੰਦੀ ਹੈ। ਇੱਕ ਨਿਬੱਧ ਦੂਜੀ ਅਨਿਬੱਧ। ਨਿਬੱਧ ਰਬਾਬ ਵਿੱਚ ਸੁਰਾਂ ਦੇ ਪਰਦੇ ਤੰਦਾਂ ਨਾਲ ਬੱਝੇ ਹੁੰਦੇ ਹਨ ਜਦ ਕਿ ਅਨਿਬੱਧ ਵਿੱਚ ਸੁਰਾਂ ਦੇ ਪਰਦੇ ਬੱਝੇ ਨਹੀਂ ਹੁੰਦੇ।

ਰਬਾਬ ਨੂੰ ਵਜਾਉਣ ਲਈ ਆਮ ਕਹ ਕੇ ਲੱਕੜੀ ਜਾਂ ਹਾਥੀ ਦੰਦ ਦਾ ਤਿਕੋਨਾ ਟੁਕੜਾ ਵਰਤਿਆ ਜਾਂਦਾ ਹੈ। ਇਸ ਨੂੰ ਹਵਾ, ਜ਼ਰਬ ਜਾਂ ਮਿਜ਼ਰਾਬ ਕਹਿੰਦੇ ਹਨ। ਮਿਜ਼ਰਾਬ ਨੂੰ ਸੱਜੇ ਹੱਥ ਦੇ ਅੰਗੂਠੇ ਅਤੇ ਪਹਿਲੀ ਤੇ ਦੂਜੀ ਉਂਗਲ ਨਾਲ ਫੜ ਕੇ ਟੁਣਕਾਰ ਕੀਤਾ ਜਾਂਦਾ ਹੈ ਤੇ ਖੱਬੇ ਹੱਥ ਦੀਆਂ ਉਂਗਲੀਆਂ ਨਾਲ ਤਾਰ ਨੂੰ ਡਾਂਡ ਉੱਤੇ ਦਬਾਕੇ ਸੁਰਾਂ ਪੈਦਾ ਕੀਤੀਆਂ ਜਾਂਦੀਆਂ ਹਨ।

## ਅਨਾਹਦ ਨਾਦ ਲਈ ਰਬਾਬ ਕਿਉਂ ਚੁਣੀ?

ਗੁਰਬਾਣੀ ਅਨਾਹਤ ਹੈ ਅਤੇ ਇਸ ਦਾ ਕਾਵਯ ਸੰਗੀਤ ਅਨਹਦ ਨਾਦ ਹੈ ਜਿਸ ਵਿੱਚੋਂ ਅਨਾਦੀ ਧੁਨਾਂ ਉਪਜਦੀਆਂ ਹਨ। ਅਨਹਤ ਜਾਂ ਅਨਾਹਤ ਦਾ ਭਾਵ ਹੈ ਉਹ ਧੁਨੀ ਜਿਸ ਦੀ ਉਪਜ ਲਈ ਚੋਟ ਮਾਰਨ ਦੀ ਲੋੜ ਨਹੀਂ ਪੈਂਦੀ। ਜਿਵੇਂ ਪਰਮਾਤਮਾ ਸਰਬ ਵਿਆਪਕ ਹੈ ਤਿਵੇਂ ਓਅੰਕਾਰ ਦੀ ਧੁਨੀ ਸਾਰੀ ਕੁਦਰਤ ਵਿੱਚ ਸਮਾਈ ਹੋਈ ਹੈ। ਗੁਰਬਾਣੀ ਉਚਾਰਨ ਨਾਲ ੴ ਦੀ ਧੁਨ ਸਹਿਜ ਸੁਭਾਅ ਪੈਦਾ ਹੁੰਦੀ ਹੈ। ਦੂਜੀਆਂ ਧੁਨੀਆਂ ਤਾਂ ਸੱਟ ਜਾਂ ਰਗੜ ਨਾਲ ਪੈਦਾ ਹੁੰਦੀਆਂ ਹਨ ਅਤੇ ਕੁਝ ਸਮਾਂ ਸੁਣਾਈ ਦੇ ਕੇ ਉਸੇ ਵਿੱਚ ਸਮਾ ਜਾਂਦੀਆਂ ਹਨ। ਪਰ ਗੁਰਬਾਣੀ ਕਿਉਂਕਿ ਰਾਗਾਂ 'ਤੇ ਨਿਰਧਾਰਤ ਹੈ ਅਤੇ ਰਾਗ ਪ੍ਰੇਮ ਦਾ ਸੋਮਾ ਹੈ। ਇਸ ਸੋਮੇ ਰਾਹੀਂ ਜਦੋਂ ਸ਼ਬਦ-ਸੁਰਤ-ਸੁਆਸ ਦਾ ਸੁਮੇਲ ਹੋ ਜਾਂਦਾ ਹੈ ਤਾਂ ਮਨੁੱਖੀ ਸਰੀਰ ਅੰਦਰ ਆਤਮਿਕ ਮੰਡਲ ਦੀ ਧੁਨੀ ਸੁਣਾਈ ਦਿੰਦੀ ਹੈ ਜਿਸ ਨਾਲ ਦਸਵਾਂ ਦੁਆਰ ਖੁਲ੍ਹ ਜਾਂਦਾ ਹੈ। ਐਸੀ ਹਾਲਤ ਵਿੱਚ ਨਾਮ ਦੀ ਖੁਮਾਰੀ ਚੜ੍ਹ ਜਾਂਦੀ ਹੈ ਜੋ ਸਦਾ ਲਈ ਟਿਕ ਜਾਂਦੀ ਹੈ। ਇਹ ਵੀ ਦੇਖਿਆ ਜਾਂਦਾ ਹੈ ਕਿ ਸ਼ਬਦ-ਸੁਰਤ-ਸੁਆਸ ਦਾ ਸੁਮੇਲ ਤਾਂ ਹੀ ਸੰਭਵ ਹੈ ਜੇਕਰ ਰੌਲਾ-ਗੌਲਾ ਨਾ ਹੋਵੇ ਅਰਥਾਤ ਸ਼ਾਂਤ ਮਹੌਲ ਹੋਵੇ।

ਅਨਹਦ ਦਾ ਭਾਵ ਹੈ ਹੱਦ ਰਹਿਤ, ਲਗਾਤਾਰ ਸੁਣਾਈ ਦੇਣ ਵਾਲੀ ਆਵਾਜ਼ ਜਾਂ ਧੁਨੀ। ਅਰਥਾਤ ਨਾਮ ਰਸ ਦੀ ਆਖਰੀ ਮੰਜ਼ਿਲ, ਜਿਸ ਨਾਲ ਮਨ ਅੰਦਰ ਅਲੌਕਿਕ, ਅਦਭੁੱਤ ਤੇ ਅਕਰਸ਼ਕ ਨਜ਼ਾਰੇ ਮਹਿਸੂਸ ਹੁੰਦੇ ਹਨ। ਅਨਹਦ ਦਾ

SIKHBOOKCLUB.COM

ਸ਼ਬਦੀ ਅਰਥ ਹੈ ਅਨੰਦਮਈ ਆਵਾਜ਼ ਜਾਂ ਖ਼ਬਰ ਜਿਸ ਮੁਕਾਬਲੇ ਦੁਨੀਆਂ ਅੰਦਰ ਹੋਰ ਕੋਈ ਖ਼ਬਰ ਨਹੀਂ ਹੈ। ਇਹ ਆਵਾਜ਼ ਜਾਂ ਖ਼ਬਰ ਆਤਮਿਕ ਪੱਧਰ 'ਤੇ ਹੋਣ ਕਾਰਨ ਸਰੀਰ ਦੇ ਹਰ ਅੰਗ ਵਿੱਚ ਝਰਨਾਹਟ ਪੈਦਾ ਕਰ ਦਿੰਦੀ ਹੈ। ਇਸ ਅਨੰਦ ਭਰੀ ਝਰਨਾਹਟ ਕਾਰਨ ਅੰਦਰਲੀ ਜੋਤ ਜਗ ਪੈਂਦੀ ਹੈ ਅਤੇ ਪਰਮ ਆਤਮਾ ਨਾਲ ਜੁੜ ਜਾਂਦੀ ਹੈ। ਇਸ ਜੋੜ ਨਾਲ ਗੁਰਮੁਖਾਂ ਅੰਦਰ ਨਾਮ ਰਸ ਦੇ ਐਸੇ ਅਨਹਦ ਫੁਆਰੇ ਫੁੱਟ ਪੈਂਦੇ ਹਨ ਜਿਵੇਂ ਆਸਮਾਨ ਦੀ ਕੋਈ ਹੱਦ ਨਹੀਂ ਹੈ। ਸੋ ਰਬਾਬ ਦੀ ਧੁਨੀ ਨਾਲ ਅਨਹਦ ਸ਼ਬਦ ਅਲਾਪਣਾ ਅਨੰਦ ਦਾ ਸਿਖਰ ਹੈ।

ਭਾਈ ਮਰਦਾਨੇ ਨੂੰ ਸਤਿਗੁਰਾਂ ਜਿਹੜੀ ਰਬਾਬ ਭਾਈ ਫਰਿੰਦੇ ਤੋਂ ਦਵਾਈ ਉਹ ਬਹੁਤ ਹੀ ਟਕਸਾਲੀ, ਸਰੇਸ਼ਠ, ਪਰਮਾਣਕ, ਉੱਤਮ ਅਤੇ ਗੁਰਮਤਿ ਸੰਗੀਤ ਦੇ ਤਰਜ਼ ਦੀ ਸੀ। ਭਾਈ ਫਿਰੰਦੇ ਨੇ ਇਹ ਰਬਾਬ ਬਹੁਤ ਮਿਹਨਤ, ਸ਼ਰਧਾ ਅਤੇ ਭਾਵਨਾ ਨਾਲ ਤਿਆਰ ਕੀਤੀ ਸੀ। ਜੇ ਕੋਈ ਇਸ ਨੂੰ ਦੇਖ ਕੇ ਪੁੱਛਦਾ, "ਫਿਰੰਦਿਆ ਕੀ ਮੁੱਲ ਹੈ ਇਸ ਰਬਾਬ ਦਾ"? ਤਾਂ ਅੱਗੋ ਫਿਰੰਦਾ ਕਹਿੰਦਾ, "ਨਾਨਕ ਪੀਰ ਦੇ ਰਬਾਬੀ ਮੁਰੀਦ ਲਈ ਇਹ ਬਣਾਈ ਹੈ। ਮੇਰੇ ਦਿਲ ਦੀ ਰੀਝ ਹੈ ਇਸ ਨੂੰ ਨਾਨਕ ਦੇ ਹੱਥਾਂ ਦੀ ਛੁਹ ਪ੍ਰਾਪਤ ਹੋਵੇ। ਮੈਂ ਉਸ ਦੇ ਦਰਸ਼ਨ ਕਰਾਂ ਅਤੇ ਰਬਾਬ ਦੇ ਆਸਰੇ ਉਸ ਦੀ ਮੂਰਤ ਮਨ ਵਿਚ ਟਿਕਾਈ ਰੱਖਾਂ"। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਭਾਈ ਮਰਦਾਨਾ ਭਾਈ ਫਿਰੰਦੇ ਨੂੰ ਆਪਣੇ ਨਾਲ ਸੁਲਤਾਨਪੁਰ ਲੈ ਕੇ ਆਏ। ਫਿਰੰਦੇ ਨੇ ਰਬਾਬ ਗੁਰੂ ਦੇ ਚਰਨਾ 'ਚ ਰੱਖ ਕੇ ਸਿਜੱਦਾ ਕੀਤਾ ਅਤੇ ਦਰਸ਼ਨ ਕਰ ਕੇ ਨਿਹਾਲ ਨਿਹਾਲ ਹੋ ਗਿਆ। ਇਹ ਰਬਾਬ ਦੇਖਣ ਵਿੱਚ ਸਾਦਾ, ਭਾਰ ਵਿੱਚ ਹਲਕੀ ਹੋਣ ਕਰਕੇ ਚੁੱਕਣ ਵਿੱਚ ਆਸਾਨ ਸੀ। ਇਸ ਦੀਆਂ ਤਾਰਾਂ ਰੇਸ਼ਮੀ ਹੋਣ ਕਾਰਨ ਬਹੁਤ ਹੀ ਮਨੋਹਰ, ਮਿਠਾਸ ਭਰਪੂਰ ਤੇ ਰਸ ਭਰੀਆਂ ਸੁਰੀਲੀਆਂ ਤਾਨਾਂ ਪੈਦਾ ਕਰਦੀਆਂ ਸਨ ਅਤੇ ਉੱਚੀ ਆਵਾਜ਼ ਤੋਂ ਪ੍ਰਦੂਸ਼ਨ ਰਹਿਤ ਸਨ। ਇਸ ਰਬਾਬ ਦੀ ਵੱਡੀ ਖੂਬੀ ਇਹ ਸੀ ਕਿ ਇਸ ਦੀਆਂ ਧੁਨੀਆਂ ਵਿੱਚੋਂ ਜੋੜੀ (ਤਬਲੇ) ਦੀ ਆਵਾਜ਼ ਵੀ ਨਿਕਲਦੀ ਸੀ ਅਰਥਾਤ ਸੁਰ ਅਤੇ ਤਾਲ ਦੋਵੇਂ ਉਪਜਦੇ ਹਨ।

ਇੱਕ ਕਵੀ ਨੇ ਇਸ ਰਬਾਬ ਦੀ ਅਤੇ ਰਬਾਬੀ ਮਰਦਾਨੇ ਦੀ ਵਿਸ਼ੇਸ਼ਤਾ ਬਾਰੇ ਬਿਆਨ ਕੀਤਾ ਹੈ:

*ਲਕੜ ਦਾ ਇੱਕ ਟੁਕੜਾ ਘੜ ਕੇ, ਉਸ 'ਤੇ ਕਸੀਆਂ ਤਾਰਾਂ।*
*ਮਰਦਾਨੇ ਦੀਆਂ ਉਂਗਲਾਂ ਫਿਰੀਆਂ, ਉਸ ਉੱਤੇ ਕਈ ਵਾਰਾਂ।*
*ਉਸ ਦੇ ਵਿੱਚੋਂ ਜੋ ਧੁਨ ਨਿਕਲੀ, ਉਹ ਦਿਲ ਨੂੰ ਜਾਂਦੀ ਛੂਹ।*
*ਕੰਨਾਂ ਨੂੰ ਵੀ ਲਗਦੀ ਚੰਗੀ, ਖਿੜ ਜਾਂਦੀ ਸੀ ਰੂਹ।*

ਗੁਰੂ ਨਾਨਕ ਦੇਵ ਜੀ ਦੇ ਮੁੱਖ 'ਚੋਂ ਜਦੋਂ ਸ਼ਬਦ ਲੈਅ ਬੱਧਤਾ ਵਿੱਚ ਅਲਾਪੇ ਜਾਂਦੇ ਤਾਂ ਇਹ ਰਬਾਬ ਦੀਆਂ ਸੁਰਾਂ ਨਾਲ ਮਿਲ ਕੇ ਐਸੀਆਂ ਅਲੌਕਿਕ ਰਸ

ਭਰੀਆਂ ਅਤੇ ਮਨਮੋਹਨ ਤਰੰਗਾਂ ਪੈਦਾ ਕਰਦੇ ਤਾਂ ਸੁਣਨ ਵਾਲੇ ਮੁਗਧ, ਮਸਤਾਨੇ ਅਤੇ ਦਿਵਾਨੇ ਹੋ ਜਾਂਦੇ ਸਨ। ਬਾਬੇ ਨਾਨਕ ਦੀ ਇਸ ਰਹਿਮਤ ਨਾਲ ਅਤੇ ਤਰਾਨਿਆਂ ਸਦਕਾ ਰੋਗੀਆਂ ਦੇ ਰੋਗ, ਸੋਗੀਆਂ ਦੇ ਸੋਗ, ਲੋਭੀਆਂ ਦੇ ਲੋਭ, ਕ੍ਰੋਧੀਆਂ ਦੇ ਕ੍ਰੋਧ, ਹੰਕਾਰੀਆਂ ਦੇ ਹੰਕਾਰ ਅਤੇ ਕੋਹੜੀਆਂ ਦੇ ਕੋਹੜ ਦੂਰ ਹੋ ਜਾਂਦੇ ਸਨ। ਚੋਰ, ਠੱਗ, ਯਾਰ ਅਤੇ ਜਾਬਰ ਪੈਰੀਂ ਪੈ ਕੇ ਸਿੱਖੀ ਧਾਰਨ ਕਰ ਲੈਂਦੇ। ਬਾਬੇ ਦਾ ਇਹ ਕ੍ਰਿਸ਼ਮਾ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ, ਨਿਓਟਿਆਂ ਨੂੰ ਓਟ, ਨਿਤਾਣਿਆਂ ਨੂੰ ਤਾਣ ਅਤੇ ਨਿਪੱਤਿਆਂ ਨੂੰ ਪੱਤ ਬਖਸ਼ ਦਿੰਦਾ ਸੀ ਅਤੇ ਹੈ ਜੇਕਰ ਉਹ ਸੱਚੇ ਦਿਲੋਂ ਉਪਦੇਸ਼ ਧਾਰਨ ਕਰ ਲੈਂਦੇ ਜਾਂ ਕਰ ਲੈਣ। ਰਬਾਬ ਬਾਰੇ ਬਗਦਾਦ ਸ਼ਹਿਰ ਅੰਦਰ ਵਾਪਰੀ ਇੱਕ ਗਾਥਾ ਹੈ ਜਿਹੜੀ 'ਤਾਰੀਖ-ਉਲ-ਹੁਕਮਾ' ਵਿੱਚ ਦਰਜ ਹੈ। ਦਸਦੇ ਹਨ ਕਿ ਉੱਥੇ ਅਬੂ-ਨਾਸਰ ਫ਼ਾਰਸੀ ਇੱਕ ਮਹਾਨ ਸੰਗੀਤਕਾਰ ਸੀ। ਉਸ ਨੇ ਇੱਕ ਵਾਰ ਅਮੀਰਾਂ ਦੇ ਇਕੱਠ ਵਿੱਚ ਰਬਾਬ ਨਾਲ ਗਾਇਆ। ਇਸ ਦਾ ਗਾਉਣ ਸੁਣ ਪਹਿਲਾਂ ਤਾਂ ਉਹ ਲੋਟ ਪੋਟ ਹੋ ਕੇ ਹੱਸਣ ਲੱਗ ਪਏ, ਫਿਰ ਖੁਸ਼ੀ 'ਚ ਰੌਲਾ ਪਾਉਣ ਲੱਗੇ ਅਤੇ ਅਖੀਰ ਇਸ ਸਾਜ਼ ਦੀਆਂ ਤਰੰਗਾਂ ਨਾਲ ਐਸੇ ਟੁੰਬੇ ਗਏ ਕਿ ਮੁਗਧ ਹੋ ਗਏ। ਇਸ ਗਾਥਾ ਦਾ ਵਰਨਣ, ਡਾਕਟਰ ਬਲਬੀਰ ਸਿੰਘ ਨੇ ਆਪਣੀ ਲਿਖਤ 'ਲੰਮੀ ਨਦਰ' ਜੋ 1959 ਵਿੱਚ ਲਿਖੀ, ਅੰਦਰ ਕੀਤਾ ਹੈ। ਇੱਕ ਹੋਰ ਸੰਗੀਤਕਾਰ ਅਲ-ਫਰਾਬੀ ਨੇ ਆਪਣੀ ਕਿਤਾਬ 'ਸੰਗੀਤ' ਵਿੱਚ ਲਿਖਿਆ ਹੈ ਕਿ ਰਬਾਬ ਦੀ ਆਵਾਜ਼ ਮਨੁੱਖੀ ਆਵਾਜ਼ ਨਾਲ ਮੇਲ ਖਾਂਦੀ ਹੈ।

SIKHBOOKCLUB.COM

## ਰਬਾਬ ਸੰਬੰਧੀ ਕਰਿਸ ਮੂਨੇ ਸਿੰਘ ਦੀ ਖੋਜ

ਕਰਿਸ ਮੂਨੇ ਸਿੰਘ (Chris Mooney Singh) ਆਸਟ੍ਰੇਲੀਆ ਦੇ ਸ਼ਹਿਰ ਕੈਨਬਰਾਜ ਅੰਦਰ 1956 'ਚ ਜਨਮਿਆ। 14 ਸਾਲ ਦੀ ਉਮਰ ਵਿੱਚ ਹੀ ਪੁਰਾਣੇ ਸੰਸਕਾਰਾਂ ਅਨੁਸਾਰ ਇਸ ਦੀ ਲਗਨ ਏਸ਼ੀਆ ਦੀ ਕਲਾ, ਸੰਸਕ੍ਰਿਤੀ, ਸਾਹਿਤ ਦਾ ਦਾਰਸ਼ਨਿਕ ਸਿਧਾਂਤ ਸਮਝਣ ਅਤੇ ਪ੍ਰਭੂ ਭਗਤੀ ਵੱਲ ਲੱਗ ਗਈ। ਇਸ ਨੇ 1989 ਵਿੱਚ ਸਿੱਖੀ ਧਾਰਨ ਕੀਤੀ ਅਰਥਾਤ ਪਹਿਲਾ ਆਸਟ੍ਰੇਲੀਅਨ ਸਿੱਖ ਬਣਿਆਂ। ਇਸ ਨੇ ਆਪਣੇ ਜੀਵਨ ਦੇ ਤਕਰੀਬਨ 10 ਸਾਲ ਰਬਾਬ ਦੀ ਖੋਜ ਸੰਬੰਧੀ ਲਗਾ ਦਿੱਤੇ ਅਤੇ ਇਸ ਨੂੰ ਵਜਾਉਣ ਵਿੱਚ ਵੀ ਨਿਪੁੰਨਤਾ ਹਾਸਲ ਕੀਤੀ। ਸੰਨ 1999 ਵਿੱਚ ਖ਼ਾਲਸੇ ਦੇ 300 ਸਾਲਾ ਸਾਜਨਾ ਦਿਵਸ 'ਤੇ ਮੂਨੇ ਸਿੰਘ ਨੇ ਰਬਾਬ ਨਾਲ ਹਰਿਮੰਦਰ ਸਾਹਿਬ ਵਿਖੇ ਕੀਰਤਨ ਕੀਤਾ। ਇਸੇ ਸਾਲ ਹੀ ਇਸ ਨੇ ਹਿਮਾਚਲ ਪ੍ਰਦੇਸ਼, ਸੁਕੇਤ ਮੰਡੀ ਦੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਉਸ ਰਬਾਬ ਦੇ ਦਰਸ਼ਨ ਕੀਤੇ ਜਿਹੜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਹਾਰਾਜੇ ਸਿੱਧ ਸੈਨ ਨੂੰ 1692 ਵਿੱਚ ਭੇਂਟ ਕੀਤੀ ਸੀ। ਇਹ ਰਬਾਬ 4 ਫੁੱਟ ਲੰਬੀ ਅਤੇ ਵਿਸ਼ੇਸ਼

ਨਮੂਨੇ ਦੀ ਹੈ। ਰਬਾਬ ਦੀ ਵਿਸ਼ੇਸ਼ਤਾ ਦਰਸਾਉਂਦਿਆਂ ਮੂਨੇ ਸਿੰਘ ਨੇ ਲਿਖਿਆ ਹੈ ਕਿ ਸਿੱਖਾਂ ਦਾ ਇਹ ਇੱਕ ਯਾਦਗਾਰੀ ਚਿੰਨ੍ਹ ਹੈ ਜਿਸ ਨੇ ਗੁਰਮਤਿ ਸੰਗੀਤ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਸ ਦੀਆਂ ਤੰਦਾਂ ਵਿੱਚੋਂ ਬਹੁਤ ਹੀ ਆਗਾਧ, ਸਪਸ਼ਟ, ਗੰਭੀਰ, ਰਸ ਭਿੰਨੀ, ਅੰਮ੍ਰਿਤ ਰੂਪੀ ਅਤੇ ਧੁੰਮਾਂ ਪਾਉਣ ਵਾਲੀ ਟਣਕਵੀਂ ਧੁਨੀ ਨਿਕਲਦੀ ਹੈ। ਇਹ ਧੁਨ ਸੁਭਾਵਕ ਹੀ ਐਸੀ ਹੈ ਜਿਵੇਂ ਟੋਭੇ ਵਿੱਚ ਪੱਥਰ ਦਾ ਟੁਕੜਾ ਸੁੱਟਣ ਨਾਲ ਉਸ ਸੁੱਟਣ ਵਾਲੀ ਜਗ੍ਹਾ 'ਚੋਂ ਉਪਜਦੀ ਹੈ। ਇਸ ਦੀਆਂ ਧੁਨਾਂ ਵਿੱਚ ਸਾਦਗੀ ਅਤੇ ਸਹਿਜ ਹੈ। ਪਰ ਅੱਜ ਕਲ੍ਹ ਕੀਰਤਨੀਆਂ ਵੱਲੋਂ ਵਰਤਿਆ ਜਾਣ ਵਾਲਾ ਵਾਜਾ ਜੋ ਫਰਾਂਸ ਦੀ ਪੈਦਾਇਸ਼ ਹੈ ਅਜਿਹੀਆਂ, ਧੁਨੀਆਂ ਤੋਂ ਹੀਣ ਹੈ। ਵਾਜਾ ਭਾਰਾ ਹੋਣ ਕਰ ਕੇ ਚੱਕਣਾ ਔਖਾ ਹੈ ਅਤੇ ਇਸ ਦੇ ਨਾਲ ਸੰਗੀਤ ਖ਼ਾਤਰ ਤਬਲਾ ਵੀ ਚਾਹੀਦਾ ਹੈ। ਪਰ ਰਬਾਬ ਹਲਕੀ ਹੋਣ ਕਰਕੇ ਚੱਕਣੀ ਸੌਖੀ ਹੈ ਅਤੇ ਇਸ ਲਈ ਤਬਲੇ ਜਾਂ ਪਖਾਵਜ ਦੀ ਵੀ ਜ਼ਰੂਰਤ ਨਹੀਂ। ਵੱਡੀ ਗੱਲ ਇਹ ਹੈ ਕਿ ਇਸ ਨੂੰ ਮੁਸਲਮਾਨ, ਹਿੰਦੂ ਅਤੇ ਦੂਜੀਆਂ ਕੌਮਾਂ ਨੇ ਵੀ ਅਪਣਾਇਆ ਹੈ।

## ਗੁਰੂ ਘਰ ਦੇ ਰਬਾਬੀ

ਭਾਈ ਮਰਦਾਨਾ ਜੀ ਤੋਂ ਪਿੱਛੋਂ ਉਨ੍ਹਾਂ ਦੇ ਪੁੱਤਰ ਭਾਈ ਸਜਾਦਾ ਜੀ ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਅੰਦਰ ਕਈ ਵਾਰ ਸੁਭਾ ਸ਼ਾਮ ਕੀਰਤਨ ਕਰਦੇ ਸਨ। ਗੁਰੂ ਦੀ ਕ੍ਰਿਪਾ ਸਦਕਾ ਇਹ ਵੀ ਬਹੁਤ ਸੁਘੜ, ਸੁਸ਼ੀਲ, ਉਚੀ-ਸੁੱਚੀ ਸ਼ਰਧਾ ਅਤੇ ਰਬਾਬ ਵਜਾਉਣ ਵਿੱਚ ਨਿਪੁੰਨ ਹੋ ਗਿਆ। ਇਸ ਨੇ ਗੁਰੂ ਦਾ ਦਾਸ ਬਣ ਕੇ ਇਲਾਹੀ ਬਾਣੀ ਦਾ ਕੀਰਤਨ ਗੁਰੂ ਅਗੰਦ ਦੇਵ ਜੀ ਦੇ ਸਮੇਂ ਵੀ ਕੀਤਾ। ਜਿੱਥੇ ਨਾਮ ਬਾਣੀ ਦੇ ਕੀਰਤਨ ਦੀ ਛਹਿਬਰ ਇਨ੍ਹਾਂ ਕਰਤਾਰਪੁਰ ਵਿਖੇ ਲਗਾਈ ਉੱਥੇ ਖਡੂਰ ਸਾਹਿਬ ਵਿਖੇ ਵੀ ਝੜੀਆਂ ਲਗਾ ਦਿੱਤੀਆਂ, ਕਿਉਂਕਿ ਗੁਰੂ ਨਾਨਕ ਜੀ ਦਾ ਹੁਕਮ ਮੰਨ ਕੇ ਗੁਰ ਗੱਦੀ ਮਿਲਣ ਉਪਰੰਤ ਗੁਰੂ ਅੰਗਦ ਦੇਵ ਜੀ ਕਰਤਾਰਪੁਰ ਤੋਂ ਖਡੂਰ ਆ ਗਏ ਸਨ। ਭਾਈ ਸਜਾਦਾ ਦੇ ਪੁੱਤਰ ਭਾਈ ਬਾਦੂ ਜੀ ਅਤੇ ਭਾਈ ਸਾਦੂ ਜੀ (ਭਾਈ ਮਰਦਾਨਾ ਦੇ ਪੋਤਰਿਆਂ) ਤੇ ਵੀ ਐਸਾ ਰੰਗਣ ਚੜ੍ਹਿਆ ਕਿ ਉਹ ਵੀ ਰਬਾਬੀ ਬਣਕੇ ਗੁਰੂ ਅਗੰਦ ਸਾਹਿਬ ਦੇ ਦਰਬਾਰ ਵਿੱਚ ਕੀਰਤਨ ਕਰਦੇ ਰਹੇ। ਇਤਿਹਾਸਕ ਤੱਥ ਹਨ ਕਿ ਭਾਈ ਸੱਤਾ ਅਤੇ ਭਾਈ ਬਲਵੰਡ ਵੀ ਇੱਥੇ ਹੀ ਗੁਰਬਾਣੀ ਕੀਰਤਨ ਸਿੱਖੇ। ਇਨ੍ਹਾਂ ਮਿਰਾਸੀ ਰਬਾਬੀਆਂ ਦੀ ਔਲਾਦ 'ਖਡੂਰੀਏ ਰਬਾਬੀ' ਕਹਿਲਾਉਣ ਲੱਗੀ। ਮਜੀਠੇ ਦੇ ਰੰਗ ਵਾਂਗ ਇਨ੍ਹਾਂ ਦੇ ਮਨਾਂ 'ਤੇ ਗੁਰਬਾਣੀ ਦਾ ਨਾਮ ਰੰਗ ਐਸਾ ਚੜ੍ਹਿਆ ਕਿ ਆਤਮਕ ਤੌਰ ਤੇ ਇਹ ਪਰਮਾਤਮਾ ਨਾਲ ਜੁੜ ਗਏ। ਇੰਵ ਖਡੂਰ ਸਾਹਿਬ ਕੀਰਤਨ ਦਾ ਮਹਾਨ ਕੇਂਦਰ ਬਣ ਗਿਆ।

SIKHBOOKCLUB.COM

ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ 'ਗੋਇੰਦਵਾਲ' ਵਿਖੇ ਕੀਰਤਨ ਦਾ ਕੇਂਦਰ ਸਥਾਪਤ ਕੀਤਾ। ਇਨ੍ਹਾਂ ਦੇ ਸਮੇਂ ਭਾਈ ਬਾਦੂ, ਭਾਈ ਸਾਦੂ, ਭਾਈ ਬੂਲਾ ਅਤੇ ਭਾਈ ਪਾਂਧਾ ਗੁਰੂ ਦਰਬਾਰ ਵਿੱਚ ਕੀਰਤਨ ਕਰਦੇ ਸਨ। ਭਾਈ ਪਾਂਧਾ ਅਤੇ ਭਾਈ ਬੂਲਾ ਦੇ ਨਾਵਾਂ ਦੀ ਪੁਸ਼ਟੀ ਤਾਂ ਭਾਈ ਗੁਰਦਾਸ ਜੀ ਨੇ ਵੀ ਕੀਤੀ ਹੈ:

*ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ। (ਵਾਰ 11, ਪਉੜੀ 16)*

ਗੁਰੂ ਅਮਰਦਾਸ ਜੀ ਨੇ ਰਬਾਬ ਦੇ ਨਾਲ ਤੰਤੀ ਸਾਜ਼ 'ਸਿਰੰਦਾ' ਵੀ ਪ੍ਰਚੱਲਤ ਕੀਤਾ। ਗੁਰੂ ਸਾਹਿਬ ਆਪ ਸਿਰੰਦੇ ਨਾਲ ਕੀਰਤਨ ਕਰਦੇ ਸਨ।

ਗੁਰੂ ਜੀ ਨੇ 'ਅੰਮ੍ਰਿਤਸਰ' ਨੂੰ ਕੀਰਤਨ ਅਤੇ ਸਿੱਖੀ ਦਾ ਮੁੱਖ ਕੇਂਦਰ ਬਣਾਇਆ। ਇਨ੍ਹਾਂ ਦੇ ਸਮੇਂ ਭਾਈ ਸੱਤਾ ਅਤੇ ਭਾਈ ਬਲਵੰਡ ਡੂੰਮ ਰਬਾਬੀ ਕੀਰਤਨ ਕਰਦੇ ਸਨ। ਇਹ ਬ੍ਰਿਜ ਭਾਸ਼ਾ ਦੇ ਉੱਘੇ ਲਿਖਾਰੀ ਅਤੇ ਕਵੀ ਸਨ। ਇਨ੍ਹਾਂ ਦੀ ਆਵਾਜ਼ ਵਿੱਚ ਸੋਜ਼, ਮਿਠਾਸ ਰਸ, ਸੁਰੀਲਾਪਣ ਅਤੇ ਸਾਜ਼ਾਂ ਦੀ ਕਲਾ ਦਾ ਜਾਦੂ ਸੀ। ਭਾਈ ਗੁਰਦਾਸ ਜੀ ਇਨ੍ਹਾਂ ਬਾਰੇ ਬਿਆਨਦੇ ਹਨ:

*ਗੁਰਬਾਣੀ ਲਿਖਿ ਪੋਥੀਆ ਤਾਣ ਮ੍ਰਿਦੰਗ ਰਬਾਬ ਵਜਾਵੈ। (ਵਾਰ 6, ਪਉੜੀ 12)*

ਚੌਥੇ ਪਾਤਸ਼ਾਹ ਦੇ ਦਰਬਾਰ ਅੰਦਰ ਭਾਈ ਸੱਤਾ ਬਲਵੰਡ ਤੋਂ ਇਲਾਵਾ ਭਾਈ ਝਾਂਜੂ, ਭਾਈ ਮੁਕੰਦ ਅਤੇ ਭਾਈ ਕਿਦਾਰਾ ਵੀ ਕੀਰਤਨ ਕਰਦੇ ਸਨ। ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸੱਤਾ ਅਤੇ ਬਲਵੰਡ ਹਜ਼ੂਰੀ ਕੀਰਤਨੀਏ ਸਨ। ਇਨ੍ਹਾਂ ਦੇ ਕੀਰਤਨ ਦੀ ਇਹ ਵਿਲੱਖਣਤਾ ਸੀ ਕਿ ਜਿਸ ਰਾਗ ਦਾ ਸ਼ਬਦ ਸੰਗਤ ਅੱਗੇ ਪੇਸ਼ ਕਰਨਾ ਹੈ ਉਸ ਰਾਗ ਦਾ ਸਵਰੂਪ ਰਬਾਬ ਰਾਹੀਂ ਐਸਾ ਸਿਰਜਦੇ ਕਿ ਸ੍ਰੋਤੇ ਵਾਹ ਵਾਹ ਕਰਨ ਲੱਗ ਜਾਂਦੇ ਅਤੇ ਝੂਮਣ ਲੱਗ ਪੈਂਦੇ। ਇਨ੍ਹਾਂ ਦੀ ਵਿੱਦਵਤਾ ਅਤੇ ਕੀਰਤਨ ਸ਼ੈਲੀ ਨੂੰ ਤੱਕ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ 'ਰਾਏ' ਦਾ ਖਿਤਾਬ ਦਿੱਤਾ। ਇਸ ਖਿਤਾਬ ਕਾਰਨ ਇਨ੍ਹਾਂ ਨੂੰ ਬਹੁਤ ਮਾਣ ਸਤਿਕਾਰ ਦਿੱਤਾ ਜਾਂਦਾ ਸੀ। ਪਰ ਇਸ ਮਾਣ ਨੇ ਇੱਕ ਵਾਰ ਇਨ੍ਹਾਂ ਨੂੰ ਅਭਿਮਾਨੀ ਬਣਾ ਦਿੱਤਾ। ਗੁਰੂ ਜੀ ਦੇ ਕਹਿਣ 'ਤੇ ਵੀ ਇਨ੍ਹਾਂ ਰਬਾਬੀਆਂ ਨੇ ਕੀਰਤਨ ਨਾ ਕੀਤਾ। ਤਦ ਗੁਰ ਸਿੱਖਾਂ ਤੋਂ ਕੀਰਤਨ ਕਰਾਉਣਾ ਸ਼ੁਰੂ ਕਰਾ ਦਿੱਤਾ ਅਤੇ ਇਨ੍ਹਾਂ ਨੂੰ 'ਰਾਗੀ' ਦੀ ਪਦਵੀ ਨਾਲ ਨਿਵਾਜਿਆ। ਪਰ ਕੁਝ ਜ਼ਮਾਂ ਬਾਅਦ ਇਹ ਭੁੱਲ ਬਖਸ਼ਾ ਕੇ ਫੇਰ ਸੇਵਾ ਨਿਭਾਉਣ ਲੱਗ ਪਏ। ਅਖੀਰ ਸਤਿਗੁਰਾਂ ਦੀ ਇਨ੍ਹਾਂ 'ਤੇ ਐਸੀ ਦਿੱਬ-ਦ੍ਰਿਸ਼ਟੀ ਹੋਈ ਕਿ ਇਨ੍ਹਾਂ ਦੇ ਮੁੱਖੋਂ ਰਾਮਕਲੀ ਰਾਗ ਦੇ ਅੰਦਰ ਵਾਰ ਉਚਾਰਨ ਹੋਈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ਼ ਕਰ ਦਿੱਤਾ। ਅਰਥਾਤ ਇਨ੍ਹਾਂ ਨੂੰ ਸ਼ਬਦ ਗੁਰੂ ਦੀ ਗੋਦ ਵਿੱਚ ਆਪਣੇ ਨਾਲ ਹੀ ਬਿਠਾ ਲਿਆ। ਇਸ ਵਾਰ ਦਾ ਸਿਰਲੇਖ ਹੈ:

*ਰਾਮਕਲੀ ਦੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ ੧ੴ ਸਤਿਗੁਰ ਪ੍ਰਸਾਦਿ ॥*
*ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ ॥*
*ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ ॥*
*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥......*
*ਦੁਨੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ ॥*
*ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ (966-968)*

ਇਸ ਵਾਰ ਦਾ ਤੱਤ ਸਾਰ ਹੈ ਕਿ ਗੁਰੂ ਨਾਨਕ ਨੇ ਗੁਰਮਤਿ ਰਾਜ ਕਾਇਮ ਕੀਤਾ ਅਤੇ ਇਸ ਦੀ ਨੀਂਹ ਵਿੱਚ ਨਾਮ ਪਦਾਰਥ ਪਾ ਕੇ ਉੱਪਰ ਸੱਚ ਦਾ ਕਿਲ੍ਹਾ ਉਸਾਰਿਆ। ਦੂਜੇ ਗੁਰੂ ਅਗੰਦ ਦੇਵ ਜੀ ਦੀ ਗੱਦੀ-ਨਸ਼ੀਨੀ ਬਾਰੇ ਅੰਕਿਤ ਕੀਤਾ ਕਿ ਭਾਈ ਲਹਿਣੇ (ਗੁਰੂ ਅੰਗਦ ਦੇਵ ਜੀ) ਨੇ ਮਰਦਾਂ ਵਾਲੀ ਘਾਲ ਘਾਲੀ ਅਤੇ ਕਲਯੁਗੀ ਜੀਵਾਂ ਦਾ ਭਾਰ ਖੁਸ਼ ਹੋ ਕੇ ਆਪਣੇ ਮੋਢਿਆਂ 'ਤੇ ਚੁੱਕਿਆ। ਇਹ ਸਭ ਕੁਝ ਦੇਖ ਗੁਰੂ ਨਾਨਕ ਨੇ ਸੁਰਤ ਰੂਪੀ ਪਰਬਤ ਦਾ ਮਧਾਣਾ ਬਣਾ ਕੇ ਤੇ ਇਕਾਗਰਤਾ ਰੂਪੀ ਬਾਸ਼ਕ ਨਾਗ ਦਾ ਨੇਤ੍ਰਾ ਪਾ ਕੇ ਪ੍ਰਭੂ ਨਾਮ ਨੂੰ ਰਿੜਕਿਆ ਅਤੇ ਠੋਕ ਵਜਾ ਕੇ ਦੇਖਿਆ ਕਿ ਗੁਰ ਗੱਦੀ ਦੇ ਲਾਇਕ ਕੌਣ ਹੈ। ਭਾਈ ਲਹਿਣੇ ਜੀ ਦੀ ਸੁਪਤਨੀ ਮਾਤਾ ਖੀਵੀ ਬਹੁਤ ਹੀ ਨੇਕ, ਪਵਿੱਤਰ, ਸੁਘੜ ਅਤੇ ਨਾਮ ਸਿਮਰਣ ਵਿੱਚ ਪਰਪੱਕ ਸੀ। ਉਹ ਸਾਧ ਸੰਗਤ ਨੂੰ ਬਹੁਤ ਹੀ ਵਧੀਆ ਪਕਵਾਨ ਪਕਾ ਕੇ ਲੰਗਰ ਖੁਸ਼ੀ ਖੁਸ਼ੀ ਛਕਾਉਂਦੀ ਸੀ। ਇਸੇ ਤਰ੍ਹਾਂ ਦੀ ਸ਼ਰਧਾ ਭਾਵਨਾ ਦੇਖ ਅੱਗੇ ਗੁਰ ਗੱਦੀ ਦੀ ਬਖਸ਼ਿਸ਼ ਹੁੰਦੀ ਗਈ।

SIKHBOOKCLUB.COM

ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਰਬਾਬੀ ਪਰੰਪਰਾ ਦੇ ਨਾਲ ਨਾਲ ਢਾਡੀ ਸੰਗੀਤ ਯੋਧਿਆਂ ਦੀਆਂ ਵਾਰਾਂ ਸਿੱਖ ਸੂਰਮਿਆਂ ਅੰਦਰ ਜੋਸ਼ ਭਰਨ ਲਈ ਸ਼ੁਰੂ ਕਰਾਇਆ। ਕਿਉਂਕਿ ਉਨ੍ਹਾਂ ਮੀਰੀ-ਪੀਰੀ ਦੇ ਸਿਧਾਂਤ ਨੂੰ ਹਲੇਮੀ ਰਾਜ ਲਈ ਅਮਲ ਵਿੱਚ ਲਿਆਂਦਾ। ਗੁਰੂ ਸਾਹਿਬ ਦੇ ਸਮੇਂ ਭਾਈ ਬਾਬਕ ਜਿੱਥੇ ਚੋਟੀ ਦਾ ਰਬਾਬੀ ਸੀ ਉੱਥੇ ਬਹੁਤ ਹੀ ਨਿਪੁੰਨ ਘੋੜ-ਸਵਾਰ ਅਤੇ ਮਹਾਨ ਯੋਧਾ ਵੀ ਸੀ। ਉਸ ਨੇ ਕਈ ਜੰਗਾਂ ਵਿੱਚ ਭਾਗ ਲਿਆ ਸੀ। ਢਾਡੀ ਅਬਦੁਲਾ ਅਤੇ ਨੱਥਾ ਮੱਲ ਰਬਾਬ ਅਤੇ ਢੱਡਾਂ ਨਾਲ ਵਾਰਾਂ ਦਾ ਗਾਇਨ ਅਕਾਲ ਤਖ਼ਤ ਦੇ ਸਾਮ੍ਹਣੇ ਕਰਦੇ ਸਨ।

ਸੋਹਨ ਕਵੀ ਨੇ ਗੁਰ ਬਿਲਾਸ ਪਾਤਸ਼ਾਹੀ 6 ਵਿੱਚ ਨਮੂਨੇ ਵਜੋਂ ਇੱਕ ਪਉੜੀ ਮੀਰ ਅਬਦੁਲਾ ਅਤੇ ਨੱਥ ਮਲ ਨੇ ਜੋ ਗੁਰੂ ਹਰਿ ਗੋਬਿੰਦ ਸਾਹਿਬ ਦੀ ਉਪਮਾ ਵਿੱਚ ਗਾਈ ਉਸ ਦੇ ਬੋਲ ਲਿਖੇ ਹਨ:

*ਹਰਿ ਸੱਚਾ ਤਖਤ ਸਹਾਯੋ, ਸ੍ਰੀ ਗੁਰੂ ਪਾਇਕੈ।*
*ਛਬਿ ਵਰਨੀ, ਨਹਿ ਜਾਇ, ਕਹੋ ਕਿਆ ਰਾਇ ਕੈ।*
*ਰਵਿ ਸਸਿ ਭਏ ਮਲੀਨ, ਸੁਦਰਸ ਦਿਖਾਇ ਕੈ।*
*ਸ੍ਰੀ ਗੁਰੂ ਤਖਤ ਵਿਰਾਜੇ, ਪ੍ਰਭੂ ਕੋ ਧਿਆਇ ਕੈ।*
*ਮੀਰ ਅਬਦੁੱਲਾ ਔ ਨੱਥਾ, ਜਬ ਕਹੈ ਸੁਣਾਇ ਕੈ।*

ਢਾਡੀ ਵਾਰਾਂ ਦੀ ਅਦਾਇਗੀ ਦਾ ਅੰਦਾਜ ਵੀ ਸੋਹਨ (ਕਵੀ) ਨੇ ਕੀਤਾ ਹੈ:

*ਸਤ ਵਰਾਨੇ ਢਾਡੀ ਕਹੈ, ਨੱਥੂ ਢੱਡ ਵਜਾਇ।*
*ਅਬਦੁੱਲਾ ਹੱਥ ਰਬਾਬ ਲੈ, ਡਾਢਾ ਗੁਰੂ ਸਮਝਾਇ। (ਗੁਰ ਬਿਲਾਸਪਾਤਸ਼ਾਹੀ 6)*

ਗੁਰੂ ਗੋਬਿੰਦ ਜੀ ਦੇ ਸਮੇਂ ਰਬਾਬੀ ਤਾਊਸ ਦੀ ਵਰਤੋਂ ਵੀ ਆਰੰਭ ਹੋ ਗਈ ਸੀ। ਉਨ੍ਹਾਂ ਦੇ ਸਮੇਂ ਤੱਕ ਭਾਈ ਸਾਦੂ, ਭਾਈ ਬਾਦੂ, ਭਾਈ ਮੁਕੰਦ, ਭਾਈ ਕਿਦਾਰਾ, ਭਾਈ ਅਬਦੁੱਲਾ, ਭਾਈ ਨੱਥਾ, ਭਾਈ ਭੀਖਾ, ਭਾਈ ਬਾਲ, ਭਾਈ ਜਾਲਪ ਆਦਿ ਪ੍ਰਮੁੱਖ ਰਬਾਬੀ ਹੋਏ ਹਨ। ਗੁਰੂ ਕਲਗੀਧਰ ਨੇ ਕੀਰਤਨ ਲਈ 'ਤਾਊਸ' ਨਾਮੀ ਸਾਜ਼ ਵੀ ਪ੍ਰਚੱਲਤ ਕੀਤਾ। ਗੁਰੂ ਸਾਹਿਬ ਨੇ 21 ਦਸੰਬਰ 1704 ਨੂੰ ਸਰਸਾ ਨਦੀ ਦੇ ਕਿਨਾਰੇ ਅੰਮ੍ਰਿਤ ਵੇਲੇ ਸਿੰਘਾਂ ਨੂੰ ਨਾਲ ਲੈ ਕੇ ਰਬਾਬ ਨਾਲ ਆਸਾ ਦੀ ਵਾਰ ਦਾ ਕੀਰਤਨ ਕੀਤਾ। ਭਾਵੇਂ ਉਸ ਸਮੇਂ ਘਮਸਾਨ ਦੀ ਜੰਗ ਹੋ ਰਹੀ ਸੀ ਅਤੇ ਲੱਖਾਂ ਹੀ ਮੁਗਲ ਤੇ ਪਹਾੜੀ ਰਾਜਿਆਂ ਦੀ ਫੌਜ ਮਾਰੋ ਮਾਰ ਕਰਦੀ ਆ ਰਹੀ ਸੀ ਪਰ ਸਤਿਗੁਰਾਂ ਨਿੱਤ ਦੀ ਮਰਿਯਾਦਾ ਨੂੰ ਅੰਤ ਦੀ ਔਖੀ ਘੜੀ ਵਿੱਚ ਵੀ ਨਿਭਾਇਆ। ਕੀ ਕੋਈ ਐਸਾ ਸੂਰਮਾ ਅਜੇ ਤੱਕ ਸੰਸਾਰ ਤੇ ਹੋਇਆ ਹੈ ਜਿਸ ਨੇ ਐਸੀ ਨਿਰਭੈਤਾ ਅਤੇ ਨਿੱਡਰਤਾ ਦਿਖਾਈ ਹੋਵੇ? ਇਸੇ ਕਰ ਕੇ ਭਾਈ ਗੁਰਦਾਸ ਜੀ ਨੇ ਲਿਖ ਦਿੱਤਾ:

*ਵਾਹੁ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ। (ਵਾਰ 41, ਪਉੜੀ 17)*

ਗੁਰਬਾਣੀ ਕੀਰਤਨ ਬੰਦੇ ਦੇ ਮਨ ਅੰਦਰ ਐਸਾ ਰਸ ਪੈਦਾ ਕਰ ਦਿੰਦਾ ਹੈ ਜਿਸ ਨਾਲ ਸੁੱਤੀ ਆਤਮਾ ਜਾਗ ਪੈਂਦੀ ਹੈ। ਫਿਰ ਬੰਦਾ ਜਬਰ ਦੇ ਵਿਰੁੱਧ ਜੂਝ ਪੈਂਦਾ ਹੈ ਅਤੇ ਆਪਾ ਵਾਰਨ ਤੋਂ ਵੀ ਹਿੱਚ-ਕਿਚਾਉਂਦਾ ਨਹੀਂ। ਭਾਵ ਗੁਰਬਾਣੀ ਕੀਰਤਨ ਦੀ ਸ਼ਕਤੀ ਵਿੱਚ ਜਿੱਥੇ ਭਗਤੀ ਮਾਰਗ ਹੈ ਉੱਥੇ ਸ਼ਕਤੀ ਮਾਰਗ ਵੀ ਹੈ। ਭਗਤੀ ਅਤੇ ਸ਼ਕਤੀ ਮਾਰਗ ਦਾ ਸੁਮੇਲ ਸ਼ੁੱਭ ਕ੍ਰਾਂਤੀ ਨੂੰ ਜਨਮ ਦਿੰਦਾ ਹੈ। ਅਜੇਹੀ ਕ੍ਰਾਂਤੀ ਮਨੁੱਖਤਾ ਦੇ ਭਲੇ ਦਾ ਸਹਾਇਕ ਬਣਦੀ ਹੈ। ਮਹਾਂਕਵੀ ਸੰਤੋਖ ਸਿੰਘ ਆਪਣੇ ਗ੍ਰੰਥ ਵਿੱਚ ਸਿੱਖ ਧਰਮ ਅੰਦਰ ਕੀਰਤਨ ਬਾਰੇ ਅੰਕਿਤ ਕਰਦੇ ਹਨ :

*ਹੋਤਿ ਹੀ ਪ੍ਰਭਾਉ ਆਹਿ ਬੈਠਤਿ ਦਿਵਾਨ ਵਿਖੈ।*
*ਬਾਜਤ ਰਬਾਬ ਸੋ ਮ੍ਰਿਦੰਗ ਧੁਨਿ ਠਾਨਿ ਤੇ।*

*ਪੜਹਿਂ ਰਬਾਬੀ ਸਬਦ ਸੁ ਰਾਗ।*
*ਸੁਨਹਿ ਪ੍ਰੇਮ ਤੇ ਜਿਨ ਵਡਭਾਗ। (ਗੁਰਪ੍ਰਤਾਪ ਸੂਰਜ ਗ੍ਰੰਥ)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਰਬਾਬੀਆਂ ਦਾ ਮੁਹੱਲਾ ਸਥਾਪਤ ਕੀਤਾ। ਭਾਈ ਨੰਦ ਲਾਲ ਗੋਇਆ ਨੂੰ ਮੁਹੱਲੇ ਦਾ ਮੁਖੀ ਥਾਪਿਆ ਅਤੇ ਭਾਈ ਦੌਲਤ ਅਲੀ ਇਸ ਦੇ ਕੰਮ ਕਾਜ ਵਿੱਚ ਚੰਗਾ ਹੱਥ ਵਟਾਉਂਦਾ ਸੀ। ਗੁਰੂ ਸਾਹਿਬ ਨੇ ਭਾਈ ਨੰਦ ਲਾਲ ਸਮੇਤ ਬਹੁਤ ਸਾਰੇ ਰਬਾਬੀ ਮੁਲਤਾਨ ਭੇਜੇ ਤਾਂ ਕਿ ਉੱਥੇ ਵੀ ਅਜੇਹਾ ਸਕੂਲ ਸਥਾਪਤ ਕੀਤਾ ਜਾਵੇ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦੇ ਆਨੰਦਪੁਰ ਛੱਡਣ ਉਪਰੰਤ ਮੁਗਲ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਇਸ ਨਗਰ ਦੀ ਤਬਾਹੀ ਬੜੀ ਵੱਡੀ ਪੱਧਰ 'ਤੇ ਕੀਤੀ ਪਰ ਬਾਅਦ ਵਿੱਚ ਰਬਾਬੀ ਦੌਲਤ ਅਲੀ ਨੇ ਕੀਰਤਨ ਜਾਰੀ ਰੱਖਿਆ ਅਤੇ ਹੋਰ ਰਬਾਬੀਆਂ ਨੂੰ ਸਿਖਲਾਈ ਦਿੱਤੀ। ਇਸ ਸੰਬੰਧੀ ਇੱਕ ਸਿੱਖ ਵਿਰਸੇ ਦੀ ਲਿਖਤ ਇੰਗਲੈਂਡ ਦੇ ਤੋਸ਼ੇਖਾਨੇ ਵਿੱਚ ਪਈ ਹੈ ਜਿਹੜੀ ਇਕਬਾਲ ਨਾਮੇ 'ਚੋਂ ਦੇਖ ਕੇ ਲਿਖੀ ਗਈ ਸੀ। ਇਹ ਇਕਬਾਲ ਨਾਮਾ ਰਾਜਾ ਰਾਮ ਤੋਤਾ ਕਸ਼ਮੀਰ ਦੇ ਰਹਿਣ ਵਾਲੇ ਨੇ ਫ਼ਾਰਸੀ ਵਿੱਚ ਲਿਖਿਆ ਸੀ। ਰਾਜਾ ਰਾਮ ਤੋਤਾ ਸ਼ੇਰਿ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਲਿਖਾਰੀ ਸੀ।

ਨਵਾਬ ਜੱਸਾ ਸਿੰਘ ਆਹਲੂਵਾਲੀਆ (1718-1763) ਸੁਲਤਾਨ ਉਲ-ਕੌਮ ਪੰਜ ਸਾਲ ਦਾ ਹੀ ਸੀ ਜਦੋਂ ਪਿਤਾ ਬਹਾਦਰ (ਬਾਦਰ) ਸਿੰਘ ਇਸ ਸੰਸਾਰ ਤੋਂ ਚੱਲ ਵਸੇ। ਇਨ੍ਹਾਂ ਦੀ ਮਾਤਾ ਨੇ ਛੋਟੀ ਉਮਰੇ ਹੀ ਧਾਰਮਿਕ ਸਿੱਖਿਆ ਵੱਲ ਲਾ ਦਿੱਤਾ। ਦੋਵੇਂ ਮਾਂ-ਪੁੱਤ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰ ਕੌਰ (ਸੁੰਦਰੀ ਜੀ) ਕੋਲ ਦਿੱਲੀ ਪਹੁੰਚ ਗਏ। ਨਵਾਬ ਜੱਸਾ ਸਿੰਘ ਨੇ ਮਾਤਾ ਸਾਹਿਬ ਕੌਰ ਪਾਸ ਰਬਾਬ ਵਜਾਉਣੀ ਸਿੱਖੀ। ਮਤਾ ਜੀ ਕੋਲ ਦਿੱਲੀ ਰਹਿ ਕੇ ਸਿੱਖੀ ਦਾ ਐਸਾ ਰੰਗਣ ਚੜ੍ਹਿਆ ਜੋ ਕਦੇ ਨਾ ਉਤੱਰਿਆ। ਨਵਾਬ ਕਪੂਰ ਸਿੰਘ (1697-1753) ਜੱਸਾ ਸਿੰਘ ਦੀ ਕਰਨੀ, ਕਥਨੀ ਅਤੇ ਸਿੱਖੀ ਪਿਆਰ ਤੋਂ ਬਹੁਤ ਪ੍ਰਭਾਵਿਤ ਹੋਇਆ। ਇਸ ਦੇ ਕਰਿਸ਼ਮੇ ਕਾਰਨਾਮੇ ਅਤੇ ਕੀਰਤੀ ਦੇਖ ਜੱਸਾ ਸਿੰਘ ਨੂੰ ਪੰਜਾਬ ਲੈ ਆਏ ਅਤੇ ਖ਼ਾਲਸੇ ਦਾ ਮੁਖੀ ਬਣਾ ਦਿੱਤਾ। ਜੱਸਾ ਸਿੰਘ ਕੇਵਲ ਚੰਗਾ ਘੋੜ ਸਵਾਰ, ਦਲੇਰ ਯੋਧਾ ਹੀ ਨਹੀਂ ਸੀ ਸਗੋਂ ਉੱਚ ਕੋਟੀ ਦਾ ਕੀਰਤਨੀਆਂ ਵੀ ਸੀ। ਇਨ੍ਹਾਂ ਗੁਣਾਂ ਨੂੰ ਤੱਕ ਨਵਾਬ ਕਪੂਰ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਆਪਣਾ ਜਾਨ-ਨਸ਼ੀਨ ਨਿਯੁਕੱਤ ਕਰ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਉਪਰੰਤ ਤਕਰੀਬਨ 50 ਸਾਲ ਸਿੱਖਾਂ ਉਪੱਰ ਬੜਾ ਭਾਰੀ ਸੰਕਟ ਦਾ ਸਮਾਂ ਰਿਹਾ। ਅਹਿਮਦ ਸ਼ਾਹ ਅਬਦਾਲੀ ਨੇ 1747 ਤੋਂ 1769 ਦੇ ਦਰਮਿਆਨ ਲਗਾਤਾਰ 9 ਹਮਲੇ ਹਿੰਦੁਸਤਾਨ 'ਤੇ ਕੀਤੇ

SIKHBOOKCLUB.COM

ਜਿਨ੍ਹਾਂ ਵਿੱਚ ਖਾਸ ਕਰ ਸਿੱਖਾਂ ਦਾ ਬੜਾ ਭਾਰੀ ਖੂਨ ਡੁੱਲ੍ਹਿਆ। ਸੰਨ 1764 ਦੇ ਹਮਲੇ ਵਿੱਚ ਹਰਿਮੰਦਰ ਸਾਹਿਬ ਢਹਿ ਢੇਰੀ ਕਰ ਦਿੱਤਾ ਗਿਆ। ਪਰ ਜੱਸਾ ਸਿੰਘ ਵਰਗੇ ਸ਼ੇਰ ਵੱਤ ਸੂਰਮਿਆਂ ਨੇ ਹੌਂਸਲਾ ਨਾ ਹਾਰਿਆ ਅਤੇ ਛਾਤੀਆਂ ਤਾਣ ਕੇ ਮੁਕਾਬਲੇ ਕੀਤੇ। ਸੰਨ 1761 ਵਿੱਚ ਲਾਹੌਰ ਦੇ ਸੂਬੇ 'ਤੇ ਫ਼ਤਹਿ ਪਾਉਣ ਕਰ ਕੇ ਕੌਮ ਨੇ ਇਸ ਨੂੰ ਨਵਾਬੀ ਦਾ ਖ਼ਤਾਬ ਬਖਸ਼ਿਆ। ਅਬਦਾਲੀ ਦਾ ਹਰਿਮੰਦਰ ਸਾਹਿਬ ਢਾਉਣ ਉਪਰੰਤ ਪਿੱਛਾ ਕੀਤਾ। ਉਸ ਦੀਆਂ ਫ਼ੌਜਾਂ ਤੋਂ ਲੁੱਟ ਮਾਰ ਕੀਤੀ। ਲੁੱਟਿਆ ਮਾਲ ਖੋਹ ਲਿਆ ਅਤੇ ਉਸ ਦੇ ਫ਼ੌਜਿਆਂ ਨੂੰ ਕੈਦੀ ਬਣਾ ਕੇ ਉਨ੍ਹਾਂ ਤੋਂ ਹਰਿਮੰਦਰ ਸਾਹਿਬ ਦੀ ਇਮਾਰਤ ਫਿਰ ਤੋਂ ਤਿਆਰ ਕਰਵਾਈ। ਉਪਰੰਤ ਮੁਗਲਾਂ ਨੂੰ ਪਛਾੜ ਕੇ ਦਿੱਲੀ ਦੇ ਲਾਲ ਕਿਲ੍ਹੇ ਤੇ ਖ਼ਾਲਸਈ ਨਿਸ਼ਾਨ ਝੁਲਾਏ। ਸੰਨ 1774 ਵਿੱਚ ਰਾਓ ਬ੍ਰਹਮ ਭੱਟੀ ਨੂੰ ਸਿਕਸ਼ਤ ਦੇ ਕੇ ਕਪੂਰਥਲਾ ਵਿੱਖੇ ਸਿੱਖ ਸਟੇਟ ਸਥਾਪਤ ਕੀਤੀ। ਕਿਉਂਕਿ ਨਵਾਬ ਕਪੂਰ ਸਿੰਘ ਜੀ ਵੀ ਮਹਾਨ ਰਬਾਬੀ ਕੀਰਤਨੀਏ ਸਨ ਸੋ ਉਨ੍ਹਾਂ ਦੀ ਯਾਦ ਵਿੱਚ ਕਪੂਰਥਲਾ ਵਿਖੇ ਰਬਾਬੀ ਘਰਾਣਾ ਸਥਾਪਤ ਹੋਇਆ।

ਸ਼ੇਰਿ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ 1799 ਵਿੱਚ 'ਸਿੱਖ ਰਾਜ' ਕਾਇਮ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇਕ ਦਿਲ ਹੋਣ ਕਰਕੇ ਜਿੱਥੇ ਰਾਜ ਦੀ ਪਰਜਾ ਨਾਲ ਭਾਰੀ ਹਮਦਰਦੀ, ਪਿਆਰ ਅਤੇ ਸਤਿਕਾਰ ਜਿਤਾਉਂਦੇ ਸਨ ਉੱਥੇ ਰਬਾਬੀਆਂ, ਰਾਗੀਆਂ ਅਤੇ ਢਾਡੀਆਂ ਦਾ ਬਹੁਤ ਹੀ ਆਦਰ ਮਾਨ ਕਰਦੇ ਸਨ। ਇਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਕੀਰਤਨੀਆਂ ਦੀਆਂ ਤਨਖਾਹਾਂ ਵੀ ਬੰਨ੍ਹ ਦਿੱਤੀਆਂ ਤਾਂ ਜੋ ਆਪਣੇ ਪਰਿਵਾਰ ਚੰਗੀ ਤਰ੍ਹਾਂ ਪਾਲ ਸਕਣ ਅਤੇ ਘਰ ਦਾ ਗੁਜਾਰਾ ਠੀਕ ਚੱਲੇ। ਇਹ ਪਰੰਪਰਾ ਪਹਿਲਾਂ ਨਹੀਂ ਸੀ। ਪਰ ਇਹਨਾਂ ਦੇ ਸਮੇਂ ਭਾਈ ਮੁਨਸ਼ਾ ਸਿੰਘ ਹਰਿਮੰਦਰ ਸਾਹਿਬ ਦੇ ਮੁੱਖ ਰਬਾਬੀ ਸਨ ਅਤੇ ਨਿਸ਼ਕਾਮ ਸੇਵਾ ਨਿਭਾਉਂਦੇ ਸਨ। ਉਹਨਾਂ ਦੇ ਕੀਰਤਨ ਵਿੱਚ ਇਤਨਾ ਰਸ ਸੀ ਕਿ ਮਹਾਰਾਜਾ ਸਾਹਿਬ ਕਿਤਨਾ ਕਿਤਨਾ ਚਿਰ ਬੈਠ ਕੇ ਕੀਰਤਨ ਸੁਣਦੇ ਸਨ। ਭਾਈ ਮੁਨਸ਼ਾ ਸਿੰਘ ਬਹੁਤ ਹੀ ਸਿਦਕਵਾਨ, ਨਿਮਾਣੇ, ਸੰਤੋਖੀ ਅਤੇ ਗਰੀਬੜੇ ਸਨ। ਦਸਦੇ ਹਨ ਕਿ ਪਹਿਨਣ ਲਈ ਉਨ੍ਹਾਂ ਪਾਸ ਕੇਵਲ ਦੋ ਹੀ ਚੋਲੇ ਸਨ। ਰੋਟੀ ਪਕਾਉਣ ਲਈ ਲੋਹੇ ਦਾ ਤਵਾ ਵੀ ਨਹੀਂ ਸੀ ਉਹ ਵੀ ਘੜੇ ਦੇ ਬਣਾਏ ਠੀਕਰੇ 'ਤੇ ਰੱਖ ਕੇ ਹੀ ਪਕਾਉਂਦੇ ਸਨ। ਇਸ ਬਾਰੇ ਮਹਾਰਾਜਾ ਰਣਜੀਤ ਸਿੰਘ ਨੂੰ ਕਿਸੇ ਨੇ ਦੱਸਿਆ ਤਾਂ ਉਹ ਆਪਣੇ ਅਹਿਲਕਾਰਾਂ ਸਮੇਤ ਬਹੁਤ ਸਾਰਾ ਸਾਜ਼ੋ-ਸਮਾਨ ਲਾਹੌਰ ਤੋਂ ਲੈ ਕੇ ਭਾਈ ਮੁਨਸ਼ਾ ਸਿੰਘ ਦੇ ਘਰ 'ਤੇ ਪਹੁੰਚਿਆ, ਪਰ ਜਦੋਂ ਭਾਈ ਸਾਹਿਬ ਨੂੰ ਪਤਾ ਲੱਗਿਆ ਕਿ ਮਹਾਰਾਜਾ ਉਸ ਦੇ ਲਈ ਬਹੁਤ ਮਾਲ ਧਨ ਲੈ ਕੇ ਆਇਆ ਹੈ ਤਾਂ ਉਹਨਾਂ ਘਰ ਦਾ ਦਰਵਾਜਾ ਬੰਦ ਕਰ ਲਿਆ। ਮਹਾਰਾਜਾ ਦੇ ਬਾਰ ਬਾਰ ਕਹਿਣ ਤੇ ਵੀ ਦਰਵਾਜਾ ਨਾ ਖੋਲ੍ਹਿਆ। ਸਤਿਕਾਰ ਨਾਲ ਅੰਦਰੋਂ ਹੀ ਬੋਲੇ, "ਮਹਾਰਾਜਾ

SIKHBOOKCLUB.COM

ਸਾਹਿਬ । ਤੁਹਾਡਾ ਇਸ ਪਰਉਪਕਾਰ ਲਈ ਲੱਖ ਲੱਖ ਧੰਨਵਾਦ। ਰਾਜਨ! ਗੁਰੂ ਦੀ ਬਖਸ਼ਿਸ਼ ਕਾਰਨ ਮੇਰੇ ਮਨ ਅੰਦਰ ਹੁਣ ਸੰਸਾਰੀ ਵਸਤਾਂ ਦੀ ਭੁੱਖ ਨਹੀਂ ਰਹੀ। ਮੈਨੂੰ ਗੁਰੂ ਨਾਨਕ ਦੀ ਬਖਸ਼ੀ ਗਰੀਬੀ ਬਹੁਤ ਪਿਆਰੀ ਲਗਦੀ ਹੈ। ਕ੍ਰਿਪਾ ਕਰਕੇ ਤੁਸੀਂ ਇਹ ਸਾਰਾ ਸਮਾਨ ਵਾਪਿਸ ਲੈ ਜਾਉ ਜਾਂ ਕਿਸੇ ਹੋਰ ਲੋੜਵੰਦ ਨੂੰ ਦੇ ਦਿਉ'। ਇਸੇ ਤਰ੍ਹਾਂ ਭਾਈ ਸ਼ਾਮ ਸਿੰਘ ਰਬਾਬੀ (1803-1926) ਰਾਗੀ ਹੋਏ ਹਨ। ਜਿਨ੍ਹਾਂ ਨੇ ਹਰਿਮੰਦਰ ਸਾਹਿਬ ਵਿਖੇ 80 ਸਾਲਾਂ ਤੋਂ ਵੀ ਵੱਧ ਸਮਾਂ ਨਿਸ਼ਕਾਮ ਕੀਰਤਨ ਕੀਤਾ। ਇਨ੍ਹਾਂ ਦਾ ਜਨਮ ਪਿੰਡ ਸ਼ਾਹਪੁਰ (ਸਰਗੋਧਾ ਜ਼ਿਲ੍ਹਾ ਜੋ ਪਾਕਿਸਤਾਨ ਵਿੱਚ ਹੈ) ਮਾਤਾ ਕਸ਼ਮੀਰ ਕੌਰ ਦੀ ਕੁੱਖੋਂ ਭਾਈ ਦਰਬਾਰੀ ਦੇ ਗ੍ਰਹਿ ਵਿਖੇ ਹੋਇਆ। ਪੰਜ ਸਾਲ ਦੀ ਉਮਰ ਹੀ ਸੀ ਕਿ ਪਿਤਾ ਦਰਬਾਰ ਸਿੰਘ ਸੰਸਾਰ ਤੋਂ ਕੂਚ ਕਰ ਗਏ। ਸੰਤ ਰਾਮ ਸਿੰਘ ਸੇਵਾ ਪੰਥੀ, ਮੀਰਪੁਰ, ਜੰਮੂ ਦੇ ਰਹਿਣ ਵਾਲੇ ਇਨ੍ਹਾਂ ਨੂੰ ਅੰਮ੍ਰਿਤਸਰ ਲੈ ਆਏ। ਇੱਥੇ ਆ ਕੇ ਅਦਨਸ਼ਾਹੀ ਧਰਮਸ਼ਾਲਾ 'ਚ ਠਹਿਰੇ। ਧਾਰਮਿਕ ਵਿੱਦਿਆ, ਰਾਗ ਵਿੱਦਿਆ ਅਤੇ ਰਬਾਬ ਵਜਾਉਣੀ ਸਿੱਖੀ। ਭਾਈ ਵੀਰ ਸਿੰਘ ਅਤੇ ਭਾਈ ਸੁੰਦਰ ਸਿੰਘ ਮਜੀਠਿਆ ਨੇ ਇਨ੍ਹਾਂ ਦੇ ਨਿਵਾਸ ਲਈ 1911 ਵਿੱਚ ਆਟਾ ਮੰਡੀ ਵਿਖੇ ਧਰਮਸ਼ਾਲਾ ਸੰਤ ਸ਼ਾਮ ਸਿੰਘ ਬਣਵਾ ਦਿੱਤੀ। ਪਰ ਭਾਈ ਸ਼ਾਮ ਸਿੰਘ ਨੇ ਇਸ ਦਾ ਨਾਂ ਬਦਲ ਕੇ ਧਰਮਸ਼ਾਲਾ ਗੁਰੂ ਨਾਨਕ ਦੇਵ ਜੀ ਰੱਖ ਦਿੱਤਾ। ਅੱਜ ਕਲ੍ਹ ਵੀ ਹਰਿਮੰਦਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਦੀ ਦੇਗ, ਜਿਸ ਦਾ ਗੁਰੂ ਸਾਹਿਬ ਨੂੰ ਭੋਗ ਲਵਾਇਆ ਜਾਂਦਾ ਹੈ, ਇਸ ਧਰਮਸ਼ਾਲਾ ਵਿੱਚੋਂ ਤਿਆਰ ਹੋ ਕੇ ਆਉਂਦੀ ਹੈ।

SIKHBOOKCLUB.COM

ਹਰਿਮੰਦਰ ਸਾਹਿਬ ਵਿਖੇ 1947 ਤੱਕ ਭਾਈ ਬੂੜਾ, ਭਾਈ ਗੱਜਾ ਸਿੰਘ, ਭਾਈ ਮੋਤੀ, ਭਾਈ ਚਾਂਦ, ਭਾਈ ਲਾਲ ਆਦਿ ਰਬਾਬੀ ਕੀਰਤਨ ਕਰਦੇ ਰਹੇ। ਭਾਈ ਚਾਂਦ ਉਪਰੰਤ ਰਬਾਬ ਦੀ ਥਾਂ ਵਾਜੇ ਦੀ ਵਰਤੋਂ ਸ਼ੁਰੂ ਹੋ ਗਈ ਅਤੇ ਮੁੱਖ ਕੀਰਤਨਕਾਰ ਭਾਈ ਸੁਰਜਨ ਸਿੰਘ, ਭਾਈ ਸੰਤਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੁੰਦਰ ਸਿੰਘ, ਭਾਈ ਸ਼ੇਰ ਸਿੰਘ, ਭਾਈ ਗੋਪਾਲ ਸਿੰਘ ਆਦਿ ਹੋਏ ਹਨ। ਪਿਛਲੇ ਕੁਝ ਸਾਲਾਂ ਤੋਂ ਤਾਂਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਲਹਿਰ ਜ਼ੋਰ ਫੜ੍ਹ ਰਹੀ ਹੈ। ਆਸਟ੍ਰੇਲੀਆ ਦੇ ਭਾਈ ਮੂਨੇ ਸਿੰਘ ਨੇ 1999 ਨੂੰ ਹਰਿਮੰਦਰ ਸਾਹਿਬ ਵਿਖੇ ਰਬਾਬ ਨਾਲ ਕੀਰਤਨ ਕੀਤਾ।

1947 ਵਿੱਚ ਦੇਸ਼ ਦੀ ਵੰਡ ਸਮੇਂ ਭਾਈ ਚਾਂਦ ਅਤੇ ਭਾਈ ਲਾਲ ਮੁਸਲਮਾਨ ਹੋਣ ਕਰ ਕੇ ਪਾਕਿਸਤਾਨ ਚਲੇ ਗਏ ਪਰ ਬਾਅਦ ਵਿੱਚ ਇਹ ਕੀਰਤਨ ਕਰਨ ਭਾਰਤ ਆਉਂਦੇ ਰਹੇ। ਇਨ੍ਹਾਂ ਰਬਾਬੀ ਰੂਹਾਂ ਨੇ ਆਪਣੇ ਵਿਲੱਖਣ ਅਤੇ ਅਨਮੋਲ ਕੀਰਤਨ ਦੁਆਰਾ ਲੱਖਾਂ ਹੀ ਹੋਰ ਰੂਹਾਂ ਨੂੰ ਗੁਰੂ ਘਰ ਨਾਲ ਜੋੜਿਆ। ਰਬਾਬੀ ਭਾਈ ਲਾਲ ਜੀ ਤਕਰੀਬਨ 85 ਵਰ੍ਹਿਆਂ ਦੀ ਉਮਰ ਭੋਗ ਕੇ ਸੰਨ 2012 ਵਿੱਚ ਲਾਹੌਰ ਵਿਖੇ ਇਸ ਫਾਨੀ ਸੰਸਾਰ ਤੋਂ ਅਲਵਿਦਾ ਹੋ ਗਏ। ਇਨ੍ਹਾਂ ਪਾਕਿਸਤਾਨ 'ਚ

ਰਹਿੰਦਿਆਂ ਵੀ ਗੁਰਬਾਣੀ ਕੀਰਤਨ ਦਾ ਦਾਮਨ ਬੜੀ ਸ਼ਰਧਾ, ਅਦਬ ਅਤੇ ਅਕੀਦਤ ਨਾਲ ਸੰਭਾਲੀ ਰੱਖਿਆ। ਇਹ ਆਖਰੀ ਸਾਹਾਂ ਤੱਕ ਭਾਈ ਮਰਦਾਨਾ ਜੀ ਦੇ ਕਰ-ਕਦਮਾਂ 'ਤੇ ਚਲਦੇ ਰਹੇ।

## ਰਬਾਬੀ ਘਰਾਣੇ

ਰਬਾਬੀ ਰਵਾਇਤ ਬਹੁਤ ਪੁਰਾਣੀ ਹੈ। ਇਸਲਾਮ ਦੇ ਰਾਜੇ ਮਹਾਰਾਜਿਆਂ ਨੇ ਆਪਣੇ ਦਰਬਾਰਾਂ ਦੀਆਂ ਰੌਣਕਾਂ ਵਧਾਉਣ ਲਈ ਇਸ ਪਿਤਾ-ਪੁਰਖੀ ਕਿੱਤੇ ਨੂੰ ਉਤਸ਼ਾਹਤ ਤੇ ਪ੍ਰਚੱਲਤ ਕੀਤਾ। ਅਕਬਰ ਦੇ ਦਰਬਾਰ ਅੰਦਰ ਤਾਨਸੇਨ ਬੜਾ ਉੱਘਾ ਰਬਾਬੀ ਸੀ। ਇਸ ਦਾ ਗੁਰੂ ਹਰੀਦਾਸ ਸੀ ਅਤੇ ਹਰੀਦਾਸ ਨੇ ਭਾਈ ਮਰਦਾਨੇ ਤੋਂ ਰਬਾਬ ਦੀ ਕਲਾ ਹਾਸਲ ਕੀਤੀ ਸੀ। ਹਿੰਦੁਸਤਾਨ 'ਤੇ ਮੁਗਲ ਬਾਦਸ਼ਾਹਾਂ ਦੇ ਹਮਲਿਆਂ ਦੌਰਾਨ ਕੁਝ ਰਬਾਬੀ ਅਫ਼ਗਾਨਿਸਤਾਨ, ਈਰਾਨ ਆਦਿ ਮੁਲਕਾਂ ਤੋਂ ਹਿੰਦੁਸਤਾਨ ਆਏ ਅਤੇ ਬਹੁਤੇ ਇੱਥੇ ਹੀ ਟਿਕ ਗਏ। ਇਤਿਹਾਸਕ ਘਟਨਾਵਾਂ ਦਰਸਾਉਂਦੀਆਂ ਹਨ ਕਿ ਅਠ੍ਹਾਰਵੀਂ ਸਦੀ ਦੌਰਾਨ ਨਾਦਰਸ਼ਾਹ ਨੇ ਹਿੰਦੁਸਤਾਨ 'ਤੇ ਹਮਲਿਆਂ ਦੌਰਾਨ ਹਿੰਦੁਸਤਾਨ 'ਤੇ ਐਸੇ ਜ਼ੁਲਮ ਢਾਹੇ ਕਿ ਖ਼ੂਨ ਦੀਆਂ ਮਾਨੋ ਨਦੀਆਂ ਵਗ ਤੁਰੀਆਂ। ਦਿੱਲੀ ਆਦਿ ਇਲਾਕੇ ਲੁੱਟ ਕੇ ਆਪ ਤਾਂ ਈਰਾਨ ਚਲਾ ਗਿਆ ਪਰ ਇਸ ਦੇ ਨਾਲ ਆਏ ਰਬਾਬੀ ਗਵਾਲੀਅਰ, ਆਗਰਾ, ਰਾਮਪੁਰ, ਜੈਪੁਰ, ਅਤਰੌਲੀ, ਲਖਨਊ ਆਦਿ ਸ਼ਹਿਰਾਂ 'ਚ ਜਾ ਵਸੇ। ਹੌਲੀ ਹੌਲੀ ਇਨ੍ਹਾਂ ਨੇ ਰਬਾਬੀ ਘਰਾਣੇ ਸਥਾਪਤ ਕਰ ਲਏ ਅਤੇ ਇਨ੍ਹਾਂ ਵਿੱਚ ਰਬਾਬਾਂ ਬਨਾਉਣ, ਰਬਾਬ ਵਜਾਉਣ ਦੀ ਸਿਖਲਾਈ ਅਤੇ ਸੰਗੀਤ ਅਧਿਆਪਨ ਸ਼ੁਰੂ ਕਰ ਦਿੱਤਾ। ਉਪਰੋਕਤ ਘਰਾਣਿਆਂ ਵਿੱਚੋਂ ਲਖਨਊ ਅਤੇ ਰਾਮਪੁਰ ਰਬਾਬੀ ਘਰਾਣੇ ਬਹੁਤ ਹੀ ਮਸ਼ਹੂਰ ਸਨ।

SIKHBOOKCLUB.COM

## 19 ਵੀਂ ਸਦੀ ਵਿੱਚ ਪੰਜਾਬ ਦੇ ਰਬਾਬੀ ਘਰਾਣੇ ਨਾਭਾ ਅਤੇ ਪਟਿਆਲਾ ਘਰਾਣਾ

ਨਾਭੇ ਦੀ ਸਿੱਖ ਰਿਆਸਤ ਰਬਾਬੀ ਕੀਰਤਨੀਆਂ ਕਾਰਨ ਪ੍ਰਸਿੱਧ ਸੀ। ਮਹਾਰਾਜਾ ਰਣਜੀਤ ਸਿੰਘ ਨੇ ਮੁਨਸ਼ੀ ਫ਼ੈਜ਼ ਬਖ਼ਸ਼ ਨੂੰ ਰਬਾਬੀ ਸਕੂਲ ਦਾ ਮੁਖੀਆ ਥਾਪਿਆ। ਇਸ ਨੇ ਬਹੁਤ ਹੀ ਰੀਤੀ ਬੱਧ ਢੰਗ ਨਾਲ ਕੀਰਤਨ ਆਰੰਭ ਕਰਾਇਆ। ਨਾਭੇ ਦੇ ਭਾਈ ਮੁਨਸ਼ਾ ਸਿੰਘ ਰਬਾਬੀ ਇਸ ਕਲਾ ਵਿੱਚ ਬਹੁਤ ਮਾਹਰ ਸਨ। ਇੱਥੇ ਦੇ ਰਬਾਬੀ, ਢਾਡੀ ਜ਼ਿਆਦਾਤਰ ਲੋਕ ਗੀਤ ਅਤੇ ਗਾਥਾਵਾਂ ਗਾਉਂਦੇ ਸਨ ਜਦ ਕਿ ਪਟਿਆਲਾ ਘਰਾਣਾ ਟਕਸਾਲੀ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਹਾਰਾਜਾ ਰਿਪਦੁਮਨ ਸਿੰਘ ਆਪ ਵੀ ਚੰਗਾ ਰਬਾਬੀ ਸੀ। ਨਾਭੇ ਦਾ ਇੱਕ ਹੋਰ ਪਰਵਾਰ ਬਰਕਤ ਅਲੀ ਅਤੇ ਸਾਥੀ ਵੀ ਰਬਾਬੀ ਕਲਾ ਵਿੱਚ ਨਿਪੁੰਨ ਸਨ ਪਰ ਇਹ

ਮਲੇਰਕੋਟਲੇ ਆ ਗਏ। ਨਾਭੇ ਦਾ ਘਰਾਣਾ ਰਬਾਬਾਂ ਵੀ ਬਣਾਉਂਦਾ ਸੀ। ਇਹ ਰਬਾਬਾਂ ਨਾਭਾ ਲਾਹੌਰੀ ਗੇਟ ਕੋਲ ਬਣਦੀਆਂ ਸਨ।

## ਕਪੂਰਥਲਾ ਘਰਾਣਾ

ਕਪੂਰਥਲਾ ਨਵਾਬ ਕਪੂਰ ਸਿੰਘ ਨੇ ਵਸਾਇਆ ਸੀ। ਇਹ ਰਿਆਸਤ ਬਿਸਤ ਦੁਆਬ ਦੇ ਆਲੇ-ਦੁਆਲੇ ਫੈਲੀ ਹੋਈ ਸੀ। ਇਹ ਘਰਾਣਾ ਤਿੰਨ ਹੋਰ ਥਾਣਾਂ 'ਤੇ ਵੀ ਚਲਦਾ ਸੀ। ਇਹ ਸਨ ਸੁਲਤਾਨਪੁਰ ਲੋਧੀ, ਫਗਵਾੜਾ ਅਤੇ ਬੰਗਾ। ਇਨ੍ਹਾਂ ਵਿੱਚੋਂ ਸੁਲਤਾਨਪੁਰ ਲੋਧੀ ਚੋਟੀ ਦਾ ਸੰਗੀਤ ਵਿਦਿਆਲਾ ਸੀ। ਭਾਈ ਚਾਂਦ ਅਤੇ ਰਜਬ ਅਲੀ ਰਬਾਬੀ ਕਪੂਰਥਲਾ ਸਕੂਲ ਦੇ ਵਿਦਿਆਰਥੀ ਸਨ। ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਾਮ ਸਿੰਘ ਜੀ ਨੇ ਵੀ ਰਬਾਬ ਦੀ ਵਿੱਦਿਆ ਸੁਲਤਾਨਪੁਰ ਲੋਧੀ ਤੋਂ ਪ੍ਰਾਪਤ ਕੀਤੀ ਸੀ। ਇਹ ਰਬਾਬੀ ਕੀਰਤਨ ਵਿੱਚ ਵੱਡੀ ਮੁਹਾਰਤ ਰਖਦੇ ਸਨ। ਇਹ ਕੂਚਾ ਰਬਾਬੀਆਂ ਵਿਖੇ ਰਹਿੰਦੇ ਸਨ। ਭਾਈ ਸਾਈਂ ਦਿੱਤਾ ਤਾਂ ਅੰਮ੍ਰਿਤਸਰ ਦੇ ਸੈਂਟਰਲ ਖ਼ਾਲਸਾ ਅਨਾਥ ਆਸ਼ਰਮ ਵਿੱਚ 1914 ਤੋਂ 1932 ਤੱਕ ਅਧਿਆਪਕ ਵੀ ਰਹੇ। ਇਹਨਾਂ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਪਿਛਲੇ ਪਾਸੇ ਗਊ ਘਾਟ ਕੋਲ ਰਬਾਬ ਸਿਖਲਾਈ ਸਕੂਲ ਵੀ ਖੋਲ੍ਹਿਆ ਅਤੇ ਲਾਲਾ ਢੋਲਨ ਦਾਸ ਨਾਲ ਸਾਂਝ ਪਾ ਕੇ ਸੰਗੀਤ ਦੇ ਸਾਜ਼ਾਂ ਦੀ ਦੁਕਾਨ ਵੀ ਖੋਲ੍ਹੀ। ਇਨ੍ਹਾਂ ਸਾਜ਼ਾਂ ਵਿੱਚ ਸਿਤਾਰ, ਦੋਤਾਰਾ, ਤਾਊਸ, ਤਾਨਪੁਰਾ, ਸਿਰੰਦਾ, ਰਬਾਬ, ਢੱਡਾਂ, ਸਾਰੰਗੀ, ਤਬਲਾ ਆਦਿ ਮੁੱਖ ਸਨ।

SIKHBOOKCLUB.COM

ਪੁਰਾਤਨ ਗਾਇਨ ਸ਼ੈਲੀਆਂ ਨੂੰ ਜਿੰਦਾ ਰੱਖਣ ਲਈ ਬਹੁਤ ਸਾਰੀਆਂ ਟਕਸਾਲਾਂ/ ਸੰਸਥਾਵਾਂ, ਅਕੈਡਮੀਆਂ, ਸਕੂਲ, ਕਾਲਜ ਵੀ ਵੀਹਵੀਂ ਸਦੀ ਵਿੱਚ ਚਾਲੂ ਕੀਤੇ ਗਏ। ਇਨ੍ਹਾਂ ਵਿੱਚ **ਮਸਤੂਆਣਾ ਟਕਸਾਲ** ਸੰਤ ਅਤਰ ਸਿੰਘ ਜੀ ਮਸਤੂਆਣਿਆਂ ਵੱਲੋਂ ਚਾਲੂ ਕੀਤੀ ਗਈ। ਇਸ ਦੇ ਮੁੱਢਲੇ ਉਸਤਾਦ ਭਾਈ ਜਸਵੰਤ ਸਿੰਘ ਅਤੇ ਭਾਈ ਲਾਲ ਜੀ ਸਨ। ਇਸ ਦੀਆਂ ਸ਼ਾਖਾਂ ਗੁਰਦੁਆਰਾ ਚੀਮਾ ਸਾਹਿਬ (ਸੰਗਰੂਰ) ਅਤੇ ਭੁੱਚੋ ਮੰਡੀ (ਬਠਿੰਡਾ) ਵਰਨਣ ਯੋਗ ਹਨ।

**ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ** ਤਖ਼ਤ ਦਮਦਮਾ ਸਾਹਿਬ ਦੇ ਉੱਤਰ ਵਲ ਸਥਿੱਤ ਹੈ। ਦਸਵੇਂ ਪਾਤਸ਼ਾਹ ਨੇ ਇਸ ਧਰਤੀ ਨੂੰ 'ਗੁਰੂ ਕੀ ਕਾਸ਼ੀ' ਦਾ ਵਰਦਾਨ ਬਖਸ਼ਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ 24 ਫਰਵਰੀ 1991 ਨੂੰ ਪੰਜ ਪਿਆਰਿਆਂ ਨੇ ਇਸ ਦਾ ਨੀਂਹ ਪੱਥਰ ਰੱਖਿਆ। ਇਸ ਸੰਸਥਾ ਵਿੱਚ ਸੰਗੀਤ ਦੀ ਸਿਖਲਾਈ ਤੰਤੀ ਸਾਜ਼ਾਂ ਨਾਲ ਦਿੱਤੀ ਜਾਂਦੀ ਹੈ।

**ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ** ਸੰਨ 1999 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਕਮੇਟੀ ਵੱਲੋਂ ਖ਼ਾਲਸਾ ਪੰਥ ਦੇ 300

ਸਾਲ ਪ੍ਰਕਾਸ਼ ਦਿਹਾੜੇ ਨੂੰ ਸਮੱਰਪਿਤ ਕਰਦਿਆਂ ਸਥਾਪਤ ਕੀਤੀ ਗਈ ਸੀ। ਇਸ ਦਾ ਮੁੱਖ ਮੰਤਵ ਤੰਤੀ ਸਾਜ਼ਾਂ ਦੀ ਸਿਖਲਾਈ ਦੇਣਾ ਅਤੇ ਇਨ੍ਹਾਂ ਨਾਲ ਗੁਰਮਤਿ ਸੰਗੀਤ 'ਚ ਨਵੀਂ ਰੰਗਤ ਪਰਦਾਨ ਕਰਨਾ ਹੈ। **ਦੌਧਰਪੁਰ ਦੀ ਟਕਸਾਲ** 18 ਵੀਂ ਸਦੀ ਵਿੱਚ ਨਿਰਮਲੇ ਸੰਤ ਸੁੱਚਾ ਸਿੰਘ ਨੇ ਨੇਤਰਹੀਣ (ਸੂਰਮੇ ਸਿੰਘਾਂ) ਕੀਰਤਨੀਆਂ ਦੀ ਸਿਖਲਾਈ ਲਈ ਆਰੰਭ ਕੀਤੀ ਸੀ। ਇਸੇ ਤਰ੍ਹਾਂ ਇੱਕ **ਸੂਰਮਾ ਆਸ਼ਰਮ** 1933 ਵਿੱਚ ਅੰਮ੍ਰਿਤਸਰ ਵਿਖੇ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਵੱਲੋਂ ਸ਼ੁਰੂ ਕੀਤਾ ਗਿਆ ਸੀ। ਰਾਮਪੁਰਾ ਫੂਲ (ਬਠਿੰਡਾ) ਅਤੇ ਰੋਪੜ ਵਿਖੇ ਵੀ **ਨੇਤਰਹੀਣ ਵਿਦਿਆਲਾ** ਗੁਰਬਾਣੀ ਸੰਗੀਤ ਦੀ ਸਿੱਖਿਆ, ਪ੍ਰਚਾਰ ਅਤੇ ਪਸਾਰ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। **ਯਤੀਮਖਾਨਾ ਅੰਮ੍ਰਿਤਸਰ** 1904 ਵਿੱਚ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ ਚਾਲੂ ਕੀਤਾ ਗਿਆ ਸੀ। ਇੱਥੇ ਅਨਾਥ ਅਤੇ ਗਰੀਬ ਬੱਚੇ ਰਾਗ ਵਿੱਦਿਆ ਪ੍ਰਾਪਤ ਕਰਦੇ ਹਨ।

**ਸੇਵਾ ਪੰਥੀ ਟਕਸਾਲ** ਦਾ ਮੁੱਢ ਪਿੰਡ ਸੋਧਰੇ, ਗੁਜਰਾਤ (ਪਾਕਿਸਤਾਨ) ਵਿੱਚ ਭਾਈ ਘਨ੍ਹੱਈਆ ਜੀ ਨੇ ਬੰਨ੍ਹਿਆ ਸੀ। ਸੰਨ 1947 ਵਿੱਚ ਹਿੰਦੁਸਤਾਨ-ਪਾਕਿਸਤਾਨ ਦੀ ਵੰਡ ਉਪਰੰਤ ਇਹ ਟਕਸਾਲ ਭਾਈ ਭਗਤਾ ਗੋਨਿਆਣਾ ਮੰਡੀ (ਬਠਿੰਡਾ) ਵਿਖੇ 1950 ਵਿੱਚ ਭਾਈ ਸੇਵਾ ਸਿੰਘ ਨੇ ਸਥਾਪਤ ਕੀਤੀ। ਸੰਨ 1973 ਵਿੱਚ ਮਹੰਤ ਤੀਰਥ ਸਿੰਘ ਜੀ ਇਸ ਟਕਸਾਲ ਦੇ ਸਰਪਰਸਤ ਬਣੇ। ਉਨ੍ਹਾਂ ਨੇ ਗੁਰਮਤਿ ਸੰਗੀਤ ਨੂੰ ਬਹੁਤ ਉਤਸ਼ਾਹਤ ਕੀਤਾ। ਇਸ ਦੀ ਇੱਕ ਸ਼ਾਖਾ ਯਮਨਾ ਨਗਰ ਵਿੱਚ ਚੱਲ ਰਹੀ ਹੈ।

SIKHBOOKCLUB.COM

**ਬੁੱਢਾ ਜੌੜ੍ਹ ਟਕਸਾਲ** ਜੋ ਰਾਜਸਥਾਨ ਵਿੱਚ ਹੈ ਤਕਰੀਬਨ 200 ਸਾਲ ਪੁਰਾਣੀ ਹੈ। ਮੰਨਿਆ ਜਾਂਦਾ ਹੈ ਇਹ ਟਕਸਾਲ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਸ਼ੁਰੂ ਕੀਤੀ ਸੀ। ਇਸ ਟਕਸਾਲ ਨੇ ਬਹੁਤ ਉੱਚ ਕੋਟੀ ਦੇ ਕੀਰਤਨੀਏ ਪੈਦਾ ਕੀਤੇ ਹਨ।

**ਡੁਮੇਲੀ ਟਕਸਾਲ** ਸੰਨ 1900 ਵਿੱਚ ਜਲੰਧਰ ਦੇ ਨੇੜੇ ਹੁਸ਼ਿਆਰਪੁਰ ਸੜਕ 'ਤੇ ਡੁਮੇਲੀ ਵਿਖੇ ਸੰਤ ਸਰਵਣ ਸਿੰਘ 'ਗੰਧਰਵ' ਨੇ ਸ਼ੁਰੂ ਕੀਤੀ। ਇਨ੍ਹਾਂ ਨੇ ਜਿੱਥੇ ਦਿਨ ਰਾਤ ਮਿਹਨਤ ਕਰਕੇ ਅਨੇਕਾਂ ਹੀ ਰਾਗ ਗਾਏ ਉੱਥੇ 'ਸੁਰ-ਸਿਮਰਣ ਸੰਗੀਤ ਦੀ ਪੁਸਤਕ ਛੇ ਭਾਗਾਂ 'ਚ ਛਪਵਾ ਕੇ ਸੰਗੀਤ ਜਗਤ ਨੂੰ ਭੇਂਟ ਕੀਤੀ। ਵੱਡੀ ਗੱਲ ਇਹ ਹੈ ਕਿ ਇਸ ਟਕਸਾਲ ਵਿੱਚ ਮੁਫ਼ਤ ਗੁਰਮਤਿ ਸੰਗੀਤ ਸਿਖਾਇਆ ਜਾਂਦਾ ਹੈ।

ਗੁਰਮਤਿ ਸੰਗੀਤ ਨੂੰ ਮੁੱਖ ਰਖਦਿਆਂ ਹੋਰ ਵੀ ਟਕਸਾਲਾਂ ਜਿਵੇਂ 'ਦਮਦਮੀ ਟਕਸਾਲ ਚੌਕ ਮਹਿਤਾ, ਰਕਾਬਗੰਜ ਟਕਸਾਲ (ਦਿੱਲੀ), **ਜਵੱਦੀ ਕਲਾਂ** ਟਕਸਾਲ (ਲੁਧਿਆਣਾ), ਭੈਣੀ ਸਾਹਿਬ (ਕਟਾਨੀ) ਟਕਸਾਲ, ਨਾਨਕਸਰ (ਕਲੇਰਾਂ) ਟਕਸਾਲ,

ਸਿੱਖ ਮਿਸ਼ਨਰੀ ਕਾਲਜ (ਲੁਧਿਆਣਾ), ਸਿੰਘਾਂਵਾਲਾ ਟਕਸਾਲ (ਮੋਗਾ), ਹਰਗਨਾ ਟਕਸਾਲ (ਚਮਕੌਰ ਸਾਹਿਬ), ਤਰਨਤਾਰਨ ਟਕਸਾਲ ਆਦਿ ਸਫ਼ਲਤਾ ਪੂਰਬਕ ਚੱਲ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ ਭਾਰਤ ਦੇ ਹੋਰ ਪ੍ਰਾਂਤਾਂ ਅਤੇ ਵਿਦੇਸ਼ਾਂ ਵਿੱਚ ਵੀ ਅਨੇਕਾਂ ਹੀ ਟਕਸਾਲਾਂ ਗੁਰਮਤਿ ਸੰਗੀਤ ਦੀ ਸਿਖਲਾਈ ਵਿੱਚ ਵੱਡਾ ਯੋਗਦਾਨ ਪਾ ਰਹੀਆਂ ਹਨ ਅਤੇ ਸਿੱਖੀ ਦਾ ਪ੍ਰਚਾਰ ਕਰ ਰਹੀਆਂ ਹਨ।

## ਵਿਦੇਸ਼ਾਂ ਵਿੱਚ ਤੰਤੀ ਸਾਜ਼ਾਂ ਨਾਲ ਗੁਰਬਾਣੀ ਗਾਇਨ ਸੰਬੰਧੀ ਵਿਦਿਆਲੇ

'ਖੋਜੀ ਉਪਜੈ ਬਾਦੀ ਬਿਨਸੈ' ਦੇ ਵਾਕ ਅਨੁਸਾਰ ਗੁਰੂ ਕ੍ਰਿਪਾ ਸਦਕਾ ਸੰਸਾਰ ਦੇ ਵੱਖ ਵੱਖ ਦੇਸ਼ਾਂ ਅੰਦਰ ਗੁਰਬਾਣੀ ਦੇ ਸੰਗੀਤਕਾਰ ਪੈਦਾ ਹੋ ਰਹੇ ਹਨ। ਇਹ 'ਸ਼ਬਦ ਗੁਰੂ ਦੇ ਸਾਜ਼ ਗੁਰੂ ਦੇ' ਸਿਧਾਂਤ ਨੂੰ ਮੁੱਖ ਰੱਖ ਕੇ ਅਤੇ ਪੁਰਾਤਨ ਕੀਰਤਨਕਾਰਾਂ ਦੀ ਸ਼ੈਲੀ ਨੂੰ ਅਪਣਾ ਕੇ ਤੰਤੀ ਸਾਜ਼ਾਂ, ਖ਼ਾਸ ਕਰ ਰਬਾਬ, ਸਿਰੰਦਾ, ਤਾਊਸ, ਸਾਰੰਗੀ, ਤਬਲਾ ਆਦਿ ਨਾਲ ਕੀਰਤਨ ਕਰਨ 'ਤੇ ਜ਼ੋਰ ਦੇ ਰਹੇ ਹਨ। ਉਨ੍ਹਾਂ ਸਿਖਲਾਈ ਲਈ ਅਤੇ ਇਨ੍ਹਾਂ ਦੀ ਖੋਜ ਸੰਬੰਧੀ ਬੜੀ ਮਿਹਨਤ ਨਾਲ ਵਿਦਿਆਲੇ ਵੀ ਖੋਲ੍ਹੇ ਹੋਏ ਹਨ।

## ਅਨੰਦ ਸਾਹਿਬ ਰਾਜ ਅਕੈਡਮੀ ਯੂ.ਕੇ.

SIKHBOOKCLUB.COM

ਪ੍ਰੋਫੈਸਰ ਸੁਰਿੰਦਰ ਸਿੰਘ ਥੇਮਜ਼ ਵੈਲੀ ਯੂਨੀਵਰਸਿਟੀ, ਲੰਡਨ ਵਿੱਚ ਸੰਗੀਤ ਵਿਗਿਆਨ ਦੇ ਮੁਖੀ ਹਨ ਨੇ 1994 ਵਿੱਚ ਅਨੰਦ ਸਾਹਿਬ ਰਾਜ ਅਕੈਡਮੀ ਯੂ. ਕੇ. ਸਥਾਪਤ ਕੀਤੀ। ਇਸ ਅਕੈਡਮੀ ਦਾ ਮੁੱਖ ਉਦੇਸ਼ ਇਨਸਾਨ ਨੂੰ ਨਾਦ ਯੋਗ ਰਾਹੀਂ ਰੂਹ ਦਾ ਸੰਜੋਗ ਗੁਰ ਸ਼ਬਦ ਨਾਲ ਜੋੜਨਾ ਹੈ ਤਾਂ ਕਿ ਉਹ ਖੁਸ਼ੀ ਖੁਸ਼ੀ ਆਪਣਾ ਜੀਵਨ ਬਿਤਾ ਸਕੇ ਅਤੇ ਮਨੁਖਤਾ ਦੀ ਸੇਵਾ ਕਰ ਸਕੇ। ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਅੱਜ ਕਲ੍ਹ ਦੇ ਕੀਰਤਨੀਏ ਤੰਤੀ ਸਾਜ਼ਾਂ ਨੂੰ ਛੱਡ ਬੈਠੇ ਹਨ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਅਪਣਾਇਆ ਅਤੇ ਨਵੇਂ ਢੰਗ ਨਾਲ ਈਜ਼ਾਦ ਕੀਤਾ। ਇਸ ਲਈ ਰਾਜ ਅਕੈਡਮੀ ਵਿੱਚ ਤੰਤੀ ਸਾਜ਼ਾਂ ਰਾਹੀਂ ਰਾਗ ਨਿਰਧਾਰਤ ਕੀਰਤਨ ਦੀ ਸਿੱਖਿਆ ਸ਼ੁਰੂ ਕੀਤੀ ਹੋਈ ਹੈ ਤਾਂਕਿ ਕੀਰਤਨੀਏ ਪੁਰਾਤਨ ਮਰਿਯਾਦਾ ਨੂੰ ਮੁੜ ਬਹਾਲ ਕਰ ਸਕਣ। ਇਸ ਅਕੈਡਮੀ ਵਿੱਚ ਸੈਂਕੜੇ ਵਿਦਿਆਰਥੀ ਰਬਾਬ, ਤਾਊਸ, ਸਿਰੰਦਾ, ਸਾਰੰਗੀ, ਦਿਲਰੁਬਾ ਅਤੇ ਤਬਲੇ ਦੀ ਸਿਖਲਾਈ ਲੈ ਚੁਕੇ ਹਨ ਅਤੇ ਲੈ ਰਹੇ ਹਨ। ਪ੍ਰੋਫੈਸਰ ਸੁਰਿੰਦਰ ਸਿੰਘ ਬਹੁਤ ਸ਼ਿੱਦਤ, ਸ਼ਰਧਾ ਅਤੇ ਸੰਜੀਦਗੀ ਨਾਲ ਇਸ ਕੀਰਤਨ ਪਰਵਾਰ ਨੂੰ ਅੱਗੇ ਤੋਰ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਦੀ 300 ਸਾਲਾ ਸ਼ਤਾਬਦੀ ਦੇ ਮੌਕੇ 'ਤੇ ਪ੍ਰੋਫੈਸਰ ਸੁਰਿੰਦਰ ਸਿੰਘ ਨਾਲ ਸੰਬੰਧਤ ਅਮਰੀਕਾ, ਬਰਤਾਨੀਆਂ,

ਥਾਈਲੈਂਡ, ਵੀਅਤਨਾਮ, ਜਰਮਨੀ ਅਤੇ ਫਰਾਂਸ ਆਦਿ ਦੇਸ਼ਾਂ 'ਤੋਂ ਆਏ 30 ਸੰਗੀਤਕਾਰਾਂ ਦੇ ਜੱਥੇ ਨੇ ਪੰਜਾਬ, ਦਿੱਲੀ ਅਤੇ ਨਾਂਦੇੜ (ਹਜ਼ੂਰ ਸਾਹਿਬ) ਵਿਖੇ ਤੰਤੀ ਸਾਜ਼ਾਂ ਨਾਲ ਰਾਗ ਬੱਧ ਕੀਰਤਨ ਕਰਕੇ ਸੰਗਤਾਂ ਨੂੰ ਆਨੰਦਤ ਕੀਤਾ। ਇਸ ਤੋਂ ਇਲਾਵਾ ਅਮਰੀਕਾ, ਕੈਨੇਡਾ ਆਦਿ ਵਿੱਚ ਵੀ ਬਹੁਤ ਸਾਰੀਆਂ ਅਜੇਹੀਆਂ ਗੁਰਮਤਿ ਸੰਗੀਤ ਸੰਬੰਧੀ ਅਕੈਡਮੀਆਂ ਚੱਲ ਰਹੀਆਂ ਹਨ। ਇੰਞ ਗੁਰੂ ਸਾਹਿਬਾਨਾਂ, ਭਗਤਾਂ, ਗੁਰਮੁਖਾਂ ਅਤੇ ਭੱਟਾਂ ਦੁਆਰਾ ਵਰੋਸਾਈ ਇਲਾਹੀ ਬਾਣੀ ਦਾ ਸੰਚਾਰ ਕੀਰਤਨ ਰਾਹੀਂ ਸਰਬੱਤ ਨਾਨਕ ਨਾਮ ਲੇਵਾ ਦੇ ਹਿਰਦਿਆਂ ਵਿੱਚ ਵਸਾਉਣ ਲਈ ਇਹ ਅਕੈਡਮੀਆਂ ਮਹਾਨ ਉਪਰਾਲਾ ਕਰ ਰਹੀਆਂ ਹਨ।

## ਰਬਾਬ ਰੀਸਰਚ ਐਂਡ ਐਜੂਕੇਸ਼ਨ ਫ਼ਾਊਡੇਸ਼ਨ

ਭਾਈ ਮੁਨੇ ਸਿੰਘ ਜਿਨ੍ਹਾਂ ਦਾ ਜ਼ਿਕਰ ਪਹਿਲਾਂ ਵੀ ਕੀਤਾ ਗਿਆ ਹੈ ਨੇ ਤਕਰੀਬਨ 10 ਸਾਲ ਰਬਾਬ ਸੰਬੰਧੀ ਖੋਜ ਕੀਤੀ ਅਤੇ ਪੀ. ਐੱਚ. ਡੀ. ਕਰ ਰਹੇ ਹਨ। ਇਨ੍ਹਾਂ ਆਪਣਾ ਜੀਵਨ ਗੁਰਮਤਿ ਸੰਗੀਤ ਪ੍ਰਤੀ ਅਰਪਨ ਕਰ ਦਿੱਤਾ ਹੈ। ਉਹ ਇਸ ਸੰਬੰਧੀ ਬੜੀ ਡੂੰਘੀ ਖੋਜ ਕਰ ਰਹੇ ਹਨ ਕਿ ਗੁਰੂ ਨਾਨਕ ਦੇਵ ਜੀ ਅਤੇ ਦੂਜੇ ਗੁਰੂ ਸਾਹਿਬਾਨ ਨੇ ਅਕਸਰ ਗੁਰ ਸ਼ਬਦਾਂ ਦੇ ਗਾਇਨ ਲਈ ਰਬਾਬ ਨੂੰ ਹੀ ਕਿਉਂ ਤਰਜੀਹ ਦਿੱਤੀ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਲੇਸ਼ੀਆ, ਕੈਨੇਡਾ, ਯੂ.ਕੇ., ਆਸਟ੍ਰੇਲੀਆ ਦੀਆਂ ਗੁਰੂ ਘਰਾਂ ਵਾਲੀਆਂ ਕਮੇਟੀਆਂ ਨਾਲ ਸਲਾਹ ਮਸ਼ਵਰਾ ਕਰਕੇ ਅਤੇ ਸਹਾਇਤਾ ਨਾਲ ਸੰਨ 2000 ਵਿੱਚ ਰਬਾਬ ਰੀਸਰਚ ਐਂਡ ਐਜੂਕੇਸ਼ਨ ਫਾਉਂਡੇਸ਼ਨ ਸਥਾਪਤ ਕੀਤੀ। ਇਸ ਫਾਉਂਡੇਸ਼ਨ ਨੂੰ ਇੱਕ ਚੈਰੀਟੇਬਲ ਟ੍ਰਸਟ ਵੱਜੋਂ ਸਿੰਘਾਪੁਰ, ਅਸਟ੍ਰੇਲੀਆ, ਯੂ. ਕੇ., ਚੰਡੀਗੜ੍ਹ ਅਤੇ ਲੁਧਿਆਣੇ ਵਿੱਚ ਰਜਿਸਟਰ ਕਰਾਇਆ। ਇਸ ਫਾਉਡੇਸ਼ਨ ਅਧੀਨ ਉਨ੍ਹਾਂ ਅੰਮ੍ਰਿਤਸਰ ਵਿੱਚ ਪੇਂਡੂ ਨੌਜੁਆਨਾਂ ਨੂੰ ਰਬਾਬਾਂ ਬਨਾਉਣ ਲਈ ਉਤਸ਼ਾਹਤ ਕੀਤਾ ਅਤੇ ਸੁਝਾਅ ਦਿੱਤਾ ਕਿ ਇਸ ਨਾਲ ਉਹ ਚੰਗੀ ਕਮਾਈ ਕਰ ਸਕਦੇ ਹਨ ਅਤੇ ਗੁਰੂ ਦੀ ਮਿਹਰ ਹਾਸਲ ਕਰ ਸਕਦੇ ਹਨ। ਰਬਾਬ ਫਾਉਂਡੇਸ਼ਨ ਨੇ ਮੁਹਾਲੀ ਅਤੇ ਲੁਧਿਆਣਾ ਵਿਖੇ ਰਬਾਬ ਸਿਖਲਾਈ ਕੇਂਦਰ ਵੀ ਖੋਲ੍ਹੇ ਹਨ ਅਤੇ ਇਸ ਕਾਰਜ ਲਈ ਮਾਹਰ ਉਸਤਾਦ ਵੀ ਰੱਖੇ ਹਨ। ਰਬਾਬ ਵਜਾਉਣ ਦੇ ਮਾਹਰਾਂ ਲਈ ਬੇਬੇ ਨਾਨਕੀ ਸਕਾਲਰਸ਼ਿੱਪ ਵੀ ਰੱਖੇ ਹੋਏ ਹਨ। ਇਸੇ ਤਰ੍ਹਾਂ ਤੰਤੀ ਸਾਜ਼ਾਂ ਸੰਬੰਧੀ ਕੁਝ ਸਕੂਲਾਂ, ਕਾਲਜਾਂ ਜਾਂ ਵਿਦਿਆਲਿਆਂ ਵਿੱਚ ਕੈਂਪ ਲਗਾ ਕੇ, ਪ੍ਰਦਰਸ਼ਨੀਆਂ ਰਾਹੀਂ ਅਤੇ ਲੈਕਚਰ ਦੇਣ ਸੰਬੰਧੀ ਵੀ ਪ੍ਰੋਗ੍ਰਾਮ ਚਲਾਇਆ ਹੈ। ਮੁਨੇ ਸਿੰਘ ਜੀ ਅਨੁਸਾਰ ਸਿੰਘਾਪੁਰ ਦੀ ਸਰਕਾਰ ਇਸ ਕੰਮ ਵਿੱਚ ਸਭ ਤੋਂ ਵੱਧ ਯੋਗਦਾਨ ਪਾ ਰਹੀ ਹੈ।

ਕਰਿਸ ਮੁਨੇ ਸਿੰਘ ਇੱਕ ਵਧੀਆ ਕਵੀ, ਲਿਖਾਰੀ, ਸਹਾਇਕ ਗਿਆਨਵਾਨ ਅਤੇ ਬੁਲਾਰਾ ਹੈ। ਵਰਤਮਾਨ ਸਮੇਂ ਅੰਦਰ ਉੱਚ ਕੋਟੀ ਦਾ ਰਬਾਬੀ ਅਤੇ ਰਬਾਬ

ਸੰਬੰਧੀ ਰਬਾਬ ਫਾਉਂਡੇਸ਼ਨ ਦਾ ਸੰਸਥਾਪਕ ਹੋਣ ਦੇ ਨਾਤੇ ਪੰਜਾਬੀ ਸੱਥ ਜਲੰਧਰ ਵੱਲੋਂ ਇਸ ਨੂੰ 17 ਮਾਰਚ 2000 ਵਿੱਚ ਭਾਈ ਮਰਦਾਨਾ ਅਵਾਰਡ ਦੇ ਕੇ ਸਨਮਾਨਿਆ ਗਿਆ। ਸੰਨ 2003 ਵਿੱਚ ਇਸ ਨੂੰ ਸਿੰਘਾਪੁਰ ਨੈਸ਼ਨਲ ਆਰਟਸ ਕੌਂਸਲ ਅਤੇ ਸਿੰਘਾਪੁਰ ਇੰਟਰ ਨੈਸ਼ਨਲ ਫਾਉਂਡੇਸ਼ਨ ਗਰਾਂਟਸ ਵੱਲੋਂ ਵੀ ਸਨਮਾਨਿਆਂ ਗਿਆ। ਰਬਾਬ ਸੰਬੰਧੀ ਇਸ ਨੇ ਆਸਟ੍ਰੇਲੀਆ, ਮਲੇਸ਼ੀਆ, ਯੂ. ਕੇ. ਆਦਿ ਦੇਸ਼ਾਂ ਵਿੱਚ ਟੈਲੀਵਿਜ਼ਨ 'ਤੇ ਪ੍ਰੋਗ੍ਰਾਮ ਪੇਸ਼ ਕੀਤੇ ਹਨ। ਰਬਾਬ ਬਾਰੇ ਇਸ ਦਾ ਕਹਿਣਾ ਹੈ:

In the beginning was the word
But without Rabab who would have heard?
Adi Rabab from whence did you prise?
To sing God's song it is own reward
ਭਾਵ ਸ਼ੁਰੂ ਵਿੱਚ ਜੇ ਕੁਝ ਸੀ ਤਾਂ ਉਹ ਸੀ ਸ਼ਬਦ
ਪਰ ਰਬਾਬ ਤੋਂ ਵਗੈਰ ਕੌਣ ਇਸ ਨੂੰ ਸੁਣੇਗਾ?
ਦਰਿਸ਼ਟਮਾਨ ਸੰਸਾਰ ਵੇਲੇ ਆਦਿ ਰਬਾਬ ਵੀ ਸੀ।
ਪ੍ਰਭੂ ਦੇ ਗੀਤ ਗਾਉਣ ਲਈ ਰਬਾਬ ਇੱਕ ਤੋਹਫਾ ਸੀ।
ਗੁਰਬਾਣੀ ਦੇ ਵੀ ਬੋਲ ਹਨ :
*ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦ ਵਜਾਵੈ॥ (381)*

SIKHBOOKCLUB.COM

## ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਰਬਾਬ ਸੰਬੰਧੀ ਖੋਜ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਸੰਨ 2005 ਨੂੰ ਗੁਰਮਤਿ ਸੰਗੀਤ ਚੇਅਰ ਸਥਾਪਤ ਕੀਤੀ ਗਈ। ਇਸ ਦਾ ਮੁੱਖ ਮੰਤਵ ਰਾਗਾਤਮਿਕ ਪ੍ਰੰਪਰਾ ਨੂੰ ਪੁਨਰ ਸੁਰਜੀਤ ਕਰਨ ਦਾ ਸੀ। ਗੁਰਮਤਿ ਸੰਗੀਤ ਦੇ ਮੁਖੀ ਡਾਕਟਰ ਗੁਰਨਾਮ ਸਿੰਘ ਅਨੁਸਾਰ ਉਸ ਵਕਤ ਤੰਤੀ ਸਾਜ਼ਾਂ ਅਤੇ ਖ਼ਾਸ ਕਰ ਰਬਾਬ ਸਬੰਧੀ ਵਧੇਰੇ ਖੋਜ ਕਰਨ ਨੂੰ ਮੁੱਖ ਰੱਖਿਆ ਗਿਆ। ਕੁਦਰਤੀ ਤੌਰ 'ਤੇ ਡਾਕਟਰ ਸਾਹਿਬ ਦੀ ਲਿਆਕਤ ਅਤੇ ਮਨ ਅੰਦਰ ਸੰਗੀਤਕ ਲਗਨ ਸਦਕਾ ਉਨ੍ਹਾਂ 2005 'ਚ ਹੀ ਰਬਾਬ ਦੀ ਖੋਜ ਲਈ ਯੋਜਨਾ ਬਣਾਈ। ਇਸ ਯੋਜਨਾ ਅਧੀਨ ਉਨ੍ਹਾਂ ਆਪਣੀ ਟੀਮ ਦੇ ਸਹਿਯੋਗੀ ਮੈਂਬਰਾਂ ਨਾਲ ਮਿਲ ਕੇ ਭਾਈ ਮਰਦਾਨਾ ਵੱਲੋਂ ਵਰਤੀ ਗਈ ਰਬਾਬ ਬਾਰੇ ਵੱਖ ਵੱਖ ਇਤਿਹਾਸਕਾਰਾਂ, ਰਬਾਬ ਦੀ ਵਰਤੋਂ ਕਰਨ ਵਾਲੇ ਰਬਾਬੀਆਂ, ਪੁਰਾਤਨ ਚਿੱਤ੍ਰਕਾਰਾਂ ਵੱਲੋਂ ਬਣਾਏ ਚਿੱਤਰਾਂ ਤੋਂ ਜਾਣਕਾਰੀ ਪ੍ਰਾਪਤ ਕੀਤੀ। ਇਸ

ਦੇ ਨਾਲ ਹੀ ਬਹੁਤ ਸਾਰੇ ਗੁਰਦੁਆਰਿਆਂ ਅਤੇ ਟਕਸਾਲਾਂ, ਜਿੱਥੇ ਪੁਰਾਤਨ ਰਬਾਬਾਂ ਮੌਜੂਦ ਸਨ ਅਤੇ ਉਨ੍ਹਾਂ ਨਾਲ ਕੀਰਤਨ ਕੀਤਾ ਜਾਂਦਾ ਹੈ, ਉੱਥੇ ਪਹੁੰਚ ਕੇ ਵਿਚਾਰ ਵਟਾਂਦਰਾ ਕੀਤਾ ਅਤੇ ਰਬਾਬਾਂ ਦੀ ਬਣਤਰ ਬਾਰੇ ਘੋਖ ਪੜਤਾਲ ਕੀਤੀ। ਟੀਮ ਦੇ ਮੈਂਬਰਾਂ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ, ਦਿੱਲੀ ਆਦਿ ਥਾਵਾਂ 'ਤੇ ਜਾ ਕੇ ਮੌਜੂਦ ਰਬਾਬਾਂ ਦਾ ਚੰਗੀ ਤਰ੍ਹਾਂ ਨਿਰੀਖਣ ਕੀਤਾ। ਇਸ ਪ੍ਰੋਜੈਕਟ ਅਧੀਨ ਤਿੰਨ ਵਰਕਸ਼ਾਪਾਂ ਵੀ ਯੂਨੀਵਰਸਿਟੀ ਵਿਖੇ ਆਯੋਜਤ ਕੀਤੀਆਂ ਜਿਨ੍ਹਾਂ ਵਿੱਚ ਉੱਚ ਕੋਟੀ ਦੇ ਰਬਾਬੀਆਂ ਨੇ ਭਾਗ ਲਿਆ ਅਤੇ ਰਬਾਬ ਦੀ ਬਣਤਰ ਬਾਰੇ ਆਪਣੇ ਆਪਣੇ ਵਿਚਾਰ ਰੱਖੇ। ਇਸ ਪ੍ਰੋਜੈਕਟ ਦੇ ਮਨੋਰਥ ਨੂੰ ਮੁੱਖ ਰੱਖ ਕੇ ਰਬਾਬ ਦੀ ਤਿਆਰੀ ਕੀਤੀ ਗਈ। ਇਸ ਰਬਾਬ ਸੰਬੰਧੀ ਮਾਰਚ 18, 2013 ਨੂੰ ਪਰਵੇਸ਼ ਸ਼ਰਮਾ ਜੀ ਨੇ ਲਿਖਤੀ ਬਿਆਨ ਦਿੱਤਾ:

'ਪੰਜਾਬ ਯੂਨੀਵਰਸਿਟੀ ਨੇ ਇਹ ਦਾਹਵਾ ਕੀਤਾ ਹੈ ਕਿ ਅਸੀਂ ਭਾਈ ਮਰਦਾਨੇ ਦੀ ਰਬਾਬ ਦੁਆਰਾ ਵਰਤੀ ਗਈ ਰਬਾਬ ਵਰਗੀ ਰਬਾਬ ਬਣਾ ਲਈ ਹੈ। ਇਹ ਸਾਜ਼ ਹੂ-ਬਹੂ ਉਸ ਦਾ ਪ੍ਰਤੀਰੂਪ ਹੈ ਜਿਹੜਾ ਮੂਲ ਵਿੱਚ ਭਾਈ ਮਰਦਾਨੇ 'ਨੇ ਵਰਤਿਆ ਸੀ। ਇਹ ਅਖਰੋਟ ਦੀ ਲੱਕੜੀ ਦੀ ਬਣਾਈ ਗਈ ਰਬਾਬ 35 ਇੰਚ ਲੰਬੀ, 6 ਤੰਦੀ ਅਤੇ 6 ਕਿੱਲੋ ਭਾਰ ਵਾਲੀ ਹੈ'। ਪਰ ਡਾਕਟਰ ਗੁਰਨਾਮ ਸਿੰਘ ਨੇ ਕਿਹਾ ਹੈ ਕਿ ਇਹ ਸਾਡੀ ਕੋਸ਼ਿਸ਼ ਹੈ ਭਾਵੇਂ ਭਾਈ ਮਰਦਾਨੇ ਵੱਲੋਂ ਵਰਤੀ ਗਈ ਸਹੀ ਰਬਾਬ ਬਾਰੇ ਸਰਬ ਸੰਮਤੀ ਨਹੀਂ ਹੋ ਸਕਦੀ।

SIKHBOOKCLUB.COM

ਡਾਕਟਰ ਸਾਹਿਬ ਦੀ ਸਮੁੱਚੀ ਟੀਮ ਵੱਲੋਂ ਕੀਤੀ ਗਈ ਮਿਹਨਤ ਲਈ ਉਨ੍ਹਾਂ ਨੂੰ ਦਾਦ ਦੇਣੀ ਬਣਦੀ ਹੈ। ਰਬਾਬ ਸੰਬੰਧੀ ਖੋਜ ਜਾਰੀ ਰਹਿਣੀ ਚਾਹੀਦੀ ਹੈ ਕਿਉਂਕਿ ਵਸਤੂ ਦੀ ਖੋਜ ਦਾ ਕੋਈ ਅੰਤ ਨਹੀਂ ਹੋ ਸਕਦਾ ਜੋ ਅਸਲੀਅਤ ਰੂਪ ਵਿੱਚ ਅੱਖਾਂ ਸਾਮ੍ਹਣੇ ਨਾ ਹੋਵੇ।

ਉਪਰੋਕਤ ਤਿਆਰ ਕੀਤੀ ਰਬਾਬ ਇੰਨ-ਬਿੰਨ ਭਾਈ ਮਰਦਾਨੇ ਕੋਲ ਵਰਤੀ ਰਬਾਬ ਵਰਗੀ ਨਹੀਂ ਹੋ ਸਕਦੀ। ਇਸ ਨੂੰ ਉਸ ਨਮੂਨੇ ਦੀ ਤਾਂ ਕਿਹਾ ਜਾ ਸਕਦਾ ਹੈ ਕਿਉਂਕਿ ਰਬਾਬ ਦੇ ਘੜਨ ਵਿੱਚ ਅੰਤਰ ਹੋ ਸਕਦਾ ਹੈ, ਇਸ ਲਈ ਵਰਤੀ ਲੱਕੜੀ ਵੀ ਉਸ ਜੈਸੀ ਨਹੀਂ ਹੋ ਸਕਦੀ, ਬੱਕਰੀ ਦੀ ਖੱਲ ਵਿੱਚ ਅਤੇ ਰੇਸ਼ਮ ਦੀਆਂ ਤੰਦਾਂ ਵਿੱਚ ਵੀ ਅੰਤਰ ਹੋਵੇਗਾ। ਨਵੀਂ ਤਿਆਰ ਕੀਤੀ ਰਬਾਬ ਦਾ ਦੁਕਾਨਦਾਰਾਂ, ਜਿਹੜੇ ਇਸ ਨੂੰ ਤਿਆਰ ਕਰਕੇ ਵੇਚਣਗੇ, ਉਨ੍ਹਾਂ ਨੂੰ ਜ਼ਰੂਰ ਲਾਭ ਹੋਵੇਗਾ ਅਤੇ ਨਾਲ ਹੀ ਆਉਣ ਵਾਲੇ ਸਮੇਂ ਅੰਦਰ ਗੁਰਮਤਿ ਸੰਗੀਤ ਵਿੱਚ ਰਬਾਬ ਦੀ ਵਰਤੋਂ ਵਧ ਸਕਦੀ ਹੈ। ਇਸ ਦੀ ਵਰਤੋਂ ਨਾਲ ਸਾਡੀ ਸਾਹਿਤ ਪਰੰਪਰਾ ਪ੍ਰਫੁਲੱਤ ਹੋਵੇਗੀ।

4

# ਚਾਰ ਉਦਾਸੀਆਂ ਦਾ ਰਾਹੀ

ਰੱਬੀ ਰਹਿਬਰ, ਮਹਾਂ ਇਨਕਲਾਬੀ ਅਤੇ ਸਮਾਜ ਸੁਧਾਰਕ ਬਾਬਾ ਨਾਨਕ ਨੇ ਦੇਖਿਆ ਕਿ ਮਨੁੱਖਤਾ ਧਰਮ (ਸੱਚ) ਨੂੰ ਛੱਡ ਕੇ ਤੇ ਸਰਮ ਤਿਆਗ ਕੇ ਕੂੜ ਕ੍ਰਿਆਵਾਂ ਵਿੱਚ ਗ੍ਰਸੀ ਪਈ ਹੈ। ਕਰਮਕਾਂਡਾਂ, ਭਰਮਾਂ, ਵਹਿਮਾਂ, ਅੰਧ ਵਿਸ਼ਵਾਸ਼ਾਂ, ਜ਼ਾਤ-ਪਾਤ, ਉਚ-ਨੀਚ ਤੇ ਛੂਤ-ਛਾਤ ਕਾਰਨ ਚਾਰੇ ਪਾਸੇ ਅਗਿਆਨਤਾ ਦਾ ਅੰਧੇਰ ਛਾਇਆ ਹੋਣ ਕਾਰਨ ਕੁਰਲਾ ਰਹੀ ਹੈ ਅਤੇ ਇਨ੍ਹਾਂ ਦੀ ਬਾਂਹ ਪਕੜਨ ਵਾਲਾ ਕੋਈ ਦਿਖਾਈ ਨਹੀਂ ਦਿੰਦਾ। ਸਮੇਂ ਦੇ ਰਾਜੇ ਸ਼ੇਰਾਂ ਦੀ ਨਿਆਈਂ ਹੋਣ ਕਰ ਕੇ ਆਦਮਖੋਰ ਤੇ ਇਨ੍ਹਾਂ ਦੇ ਮੁਕੱਦਮ ਲਾਲਚੀ, ਦੇ ਦਰਬਾਰੀ ਨੌਕਰ ਵੱਢੀ-ਖੋਰੀ, ਹਰਾਮ-ਖੋਰੀ, ਭ੍ਰਿਸ਼ਟਤਾ ਅਤੇ ਬਦਚਲਨੀ 'ਤੇ ਉੱਤਰੇ ਹੋਏ ਹਨ। ਗੁਰੂ ਨਾਨਕ ਸਾਹਿਬ ਜੀ ਨੇ ਖੁਦ ਇਸ ਹਾਲਤ ਨੂੰ ਆਪਣੀ ਬਾਣੀ ਵਿੱਚ ਬਿਆਨ ਕੀਤਾ ਹੈ:

*ਲੋਭ ਨਹਿਰ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੈ॥ (983)*

ਆਪਣੇ ਆਪ ਨੂੰ ਧਰਮੀ ਅਖਵਾਉਣ ਵਾਲੇ ਕਾਜੀ, ਬ੍ਰਹਮਣ ਅਤੇ ਜੋਗੀ ਭੋਲੇ-ਭਾਲੇ ਲੋਕਾਂ ਨੂੰ ਭਰਮਾ ਕੇ, ਪਾਖੰਡ ਰਚਾ ਕੇ ਅਤੇ ਡਰਾ-ਧਮਕਾ ਕੇ ਲੁੱਟ-ਖਸੁੱਟ ਹੀ ਨਹੀਂ ਕਰ ਰਹੇ ਸਗੋਂ ਧਰਮ ਦ ਉਜਾੜਾ ਕਰ ਰਹੇ ਹਨ। ਇਨ੍ਹਾਂ ਸੰਬੰਧੀ ਵੀ ਗੁਰੂ ਜੀ ਦੇ ਬੋਲ ਸੁਣੋ:

*ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਹਮਣ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (99)*

ਐਸੀ ਰਾਜਸੀ, ਸਮਾਜਿਕ, ਆਰਥਿਕ ਅਤੇ ਧਾਰਮਿਕ ਦਸ਼ਾ ਹੋਣ ਕਰਕੇ ਸ਼ਾਂਤੀ, ਸੰਤੋਖ ਅਤੇ ਸਦਾਚਾਰ ਖ਼ਤਮ ਹੋਣ ਕਰ ਕੇ ਹਰ ਪਾਸੇ 'ਜੰਗਲ ਦਾ ਰਾਜ' ਸੀ ਅਤੇ 'ਜਿਸ ਦੀ ਲਾਠੀ ਉਸ ਦੀ ਭੈਂਸ' ਦਾ ਬੋਲ ਬਾਲਾ ਸੀ। ਆਮ ਲੋਕ ਮੁਗਲਾਂ ਦੀ ਗੁਲਾਮੀ ਕਾਰਨ ਨਰਕਮਈ ਜੀਵਨ ਬਿਤਾ ਰਹੇ ਸਨ।

ਇਨਕਲਾਬੀ ਗੁਰੂ ਜੀ ਸੰਸਾਰੀਆਂ 'ਤੇ ਹੋ ਰਹੇ ਜਬਰ-ਜ਼ੁਲਮ, ਲੁੱਟ-ਖਸੁੱਟ ਅਤੇ ਦੁੱਖ-ਤਕਲੀਫ ਨੂੰ ਕਿਵੇਂ ਜਰ ਸਕਦੇ ਸਨ? ਜਿਵੇਂ ਕਿਸੇ ਮਨੁੱਖ ਦਾ ਕੋਈ ਸਰੀਰਕ ਅੰਗ ਦੁਖਣ ਲੱਗ ਜਾਵੇ ਤਾਂ ਪੀੜਾ ਦਾ ਗਿਆਨ ਹੋ ਜਾਂਦਾ ਹੈ ਅਤੇ ਜਿੱਥੇ ਪੀੜ ਹੁੰਦੀ ਹੈ ਧਿਆਨ ਉਸ ਪੀੜ ਵੱਲ ਹੋ ਜਾਂਦਾ ਹੈ। ਗੁਰੂ ਸਾਹਿਬ ਦੀ ਸੋਚ ਬਿਬੇਕੀ ਸੀ ਅਤੇ ਮਾਰਗ ਗੁਰਮਤਿ ਵਾਲਾ ਸੀ। ਉਹ ਅੰਤਰਜਾਮੀ ਹੋਣ ਕਰਕੇ ਮਾਨੋ ਗਿਆਨ ਦਾ ਸਮੁੰਦਰ ਸਨ। ਇਸ ਲਈ ਉਨ੍ਹਾਂ ਦਾ ਧਿਆਨ ਹਮੇਸ਼ਾ ਲੋਕਾਈ

ਦੀ ਪੀੜਾ ਵੱਲ ਹੋਣ ਕਰਕੇ ਉਨ੍ਹਾਂ ਇਸ ਨੂੰ ਦੂਰ ਕਰਨ ਲਈ ਜਗਤ ਫੇਰੀ (ਉਦਾਸੀਆਂ) ਕਰਨ ਦਾ ਮਨ ਬਣਾਇਆ। ਪਰ ਪੀੜਾ ਨੂੰ ਉਹੀ ਖ਼ਤਮ ਕਰ ਸਕਦਾ ਹੈ ਜੋ ਪੀੜਾ ਬਾਰੇ ਜਾਣਦਾ ਹੋਵੇ ਅਤੇ ਉਸ ਦੀ ਦਵਾਈ ਉਸ ਪਾਸ ਹੋਵੇ। ਬਾਬਾ ਨਾਨਕ ਤਾਂ ਸਭ ਕਿਸਮ ਦੀ ਪੀੜਾ ਅਤੇ ਰੋਗਾਂ ਨੂੰ ਦੂਰ ਕਰਨ ਵਾਲਾ ਵੈਦ ਸੀ। ਉਸ ਰੱਬੀ ਜੋਤ ਕੋਲ ਜੁਗਤ ਸੀ ਅਤੇ ਨਾਮ ਰਸ ਰੂਪੀ ਦਵਾ ਸੀ। ਆਮ ਕਰ ਕੇ ਪੀੜਾ ਜਾਂ ਰੋਗ ਦਾ ਮਰੀਜ਼ ਵੈਦ ਜਾਂ ਡਾਕਟਰ ਕੋਲ ਇਲਾਜ ਲਈ ਆਪ ਚੱਲ ਕੇ ਜਾਂਦਾ ਹੈ ਪਰ ਬਾਬੇ ਨੇ ਉਲਟੀ ਗੰਗਾ ਵਹਾਈ ਕਿ ਮਰੀਜ਼ਾਂ ਦਾ ਇਲਾਜ ਕਰਨ ਆਪ ਚੱਲ ਕੇ ਉਨ੍ਹਾਂ ਪਾਸ ਗਿਆ। ਲੋਕਾਈ ਦੀਆਂ ਗਹਿਰ, ਗੰਭੀਰ ਅਤੇ ਗਹੀਰ ਸਮੱਸਿਆਵਾਂ ਦੇ ਹੱਲ ਲਈ ਰਬਾਬੀ ਭਾਈ ਮਰਦਾਨੇ ਨੂੰ ਨਾਲ ਲਿਆ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਅੰਕਿਤ ਕੀਤਾ ਹੈ:

*ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।*
*ਚੜ੍ਹਿਆ ਸੋਧਣਿ ਧਰਤਿ ਲੁਕਾਈ। (ਵਾਰ 1, ਪਉੜੀ 24)*

ਉਦਾਸੀ ਤੋਂ ਭਾਵ ਹੈ ਉਪਰਾਮ ਹੋਣਾ, ਤਿਆਗ ਜਾਂ ਸੰਨਿਆਸ। ਪੁਰਾਤਨ ਸਮਿਆਂ ਅੰਦਰ ਕਾਫ਼ੀ ਲੋਕ ਘਰੇਲੂ ਦੁੱਖਾਂ ਤੋਂ ਤੰਗ ਆ ਕੇ ਆਪਣਾ ਪਰਵਾਰ ਅਤੇ ਘਰ ਬਾਰ ਛੱਡ ਕੇ ਜੰਗਲਾਂ, ਜਾਂ ਪਹਾੜਾਂ ਦੀਆਂ ਕਲੰਦਰਾਂ ਜਾਂ ਮੰਦਰਾਂ 'ਚ ਭਗਤੀ ਕਰਨ ਦੇ ਬਹਾਨੇ ਚਲੇ ਜਾਂਦੇ ਸਨ। ਭਗਵੇਂ ਕਪੜੇ ਪਹਿਨ ਕੇ, ਕੰਨਾਂ 'ਚ ਮੁੰਦਰਾਂ ਪਾ ਕੇ ਹੱਥਾਂ ਵਿੱਚ ਲੋਟੇ ਫੜ ਆਪਣੇ ਆਪ ਨੂੰ ਸੰਨਿਆਸੀ ਸਾਧੂ ਕਹਾਉਣ ਲੱਗ ਜਾਂਦੇ ਸਨ। ਕਈ ਸਰੀਰਾਂ 'ਤੇ ਸੁਆਹਾਂ ਮਲ ਕੇ ਨਾਂਗੇ ਸਾਧੂ ਸਦਾਉਂਦੇ ਸਨ। ਕਹਿੰਦੇ ਤਾਂ ਇਹ ਸੀ ਕਿ ਅਸੀਂ ਭਗਤੀ ਪ੍ਰਭੂ ਮਿਲਾਪ ਲਈ ਕਰਦੇ ਹਾਂ ਪਰ ਥੋੜ੍ਹੀ ਬਹੁਤ ਭਗਤੀ ਕਰ ਕੇ ਆਪਣੇ ਆਪ ਨੂੰ ਰਿੱਧੀਆਂ-ਸਿੱਧੀਆਂ ਤੇ ਕਰਾਮਾਤੀ ਜਿਤਾ ਕੇ ਭੋਲੇ-ਭਾਲੇ ਲੋਕਾਂ ਨੂੰ ਲੁੱਟਦੇ ਅਤੇ ਠੱਗਦੇ ਸਨ। ਵੱਡੀ ਗਿਣਤੀ ਵਿੱਚ ਇਹ ਪਾਖੰਡੀ ਸਨ। ਇਨ੍ਹਾਂ ਦੇ ਮਨਾਂ ਅੰਦਰ ਪਰਮਾਤਮਾ ਦੀ ਨਹੀਂ ਪਦਾਰਥਾਂ ਦੀ ਪਿਆਸ ਸੀ ਜੋ ਇੱਕ ਕਮਜ਼ੋਰੀ ਸੀ। ਜੰਗਲਾਂ ਪਹਾੜਾਂ ਵਿੱਚ ਵਿਚਰਨ ਕਰ ਕੇ ਸਰੀਰ ਦੇ ਦੁੱਖਾਂ ਕਾਰਨ ਚੈਨ ਕਿੱਥੇ? ਬੇਚੈਨ ਬੰਦੇ ਦਾ ਧਿਆਨ ਪ੍ਰਭੂ ਵੱਲ ਕਿਵੇਂ ਲੱਗ ਸਕਦਾ ਹੈ ਅਤੇ ਉਹ ਧਰਮੀ ਕਿਵੇਂ ਹੋ ਸਕਦਾ ਹੈ? ਧਰਮ ਦੀ ਸਾਧਨਾ ਲਈ ਜਿੱਥੇ ਗਿਆਨ ਜ਼ਰੂਰੀ ਹੈ ਉੱਥੇ ਧਰਮ ਸਾਧਨਾ ਹੋਣੀ ਵੀ ਲਾਜ਼ਮੀ ਹੈ। ਦੁਨੀਆਂ ਅੰਦਰ ਕੋਈ ਵੀ ਕੰਮ ਉਸ ਦੇ ਗਿਆਨ ਅਤੇ ਉਸ ਵਿੱਚ ਲਗਾਏ ਧਿਆਨ ਤੋਂ ਬਿਨਾਂ ਸਿਰੇ ਨਹੀਂ ਚੜ੍ਹ ਸਕਦਾ। ਨਾਲ ਹੀ ਉਸ ਮਾਲਕ ਦੇ ਦੀਦਾਰ ਲਈ ਆਸ਼ਾ ਅਤੇ ਆਪਾ ਛੱਡ ਉਪਾਸ਼ਨਾ ਦੀ ਲੋੜ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਗੱਲ ਨੂੰ ਮੁੱਖ ਰੱਖਿਆ ਕਿ ਜੇਕਰ ਇਹ ਆਪਣੇ ਆਪ ਨੂੰ ਧਰਮੀ ਕਹਾਉਣ ਵਾਲੇ ਅਤੇ ਵਿਹਲੜ ਬੰਦੇ ਸਹੀ ਅਤੇ ਸੱਚ ਦੇ ਰਸਤੇ 'ਤੇ ਚੱਲ ਪੈਣ ਤਾਂ ਲੋਕਾਈ ਦਾ ਸੁਧਾਰ ਸੰਭਵ ਹੈ।

SIKHBOOKCLUB.COM

ਉਦਾਸੀਆਂ ਅਤੇ ਸੰਨਿਆਸੀਆਂ ਬਾਰੇ ਉਚਾਰੇ ਭਗਤ ਤ੍ਰਿਲੋਚਨ ਜੀ ਦੇ ਸ਼ਬਦ ਸੁਣੋ:

*ਅੰਤਰੁ ਮਲਿ ਨਿਰਮਲ ਨਹੀ ਕੀਨਾ ਬਾਹਰਿ ਭੇਖ ਉਦਾਸੀ॥*
*ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ॥*
*ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ।*
*ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥*
*(525-526)*

ਗੁਰੂ ਨਾਨਕ ਦੇਵ ਜੀ ਨੇ ਅਜਿਹੇ ਸੰਨਿਆਸ ਨੂੰ ਨਹੀਂ ਅਪਣਾਇਆ। ਉਨ੍ਹਾਂ ਉਦਾਸੀ ਵੇਸ ਮਨੁੱਖਤਾ ਨੂੰ ਇੱਕ ਨਵਾਂ ਜੀਵਨ ਫ਼ਲਸਫ਼ਾ ਦੇਣ ਲਈ ਧਾਰਨ ਕੀਤਾ। ਇਹ ਫ਼ਲਸਫ਼ਾ ਸਿੱਖੀ ਦੇ ਪ੍ਰਚਾਰ ਦਾ ਸੀ ਜਿਸ ਦਾ ਉਦੇਸ਼ ਸੀ ਇੱਕ ਅਕਾਲ ਪੁਰਖ ਦੀ ਮਨੌਤ, ਪ੍ਰੇਮ, ਭਰਾਤਰੀ ਭਾਵ, ਸਦਾਚਾਰ, ਸਾਦਗੀ, ਪਰਉਪਕਾਰ ਅਤੇ ਗੁਰਮੁਖਾਂ (ਜੋ ਸੱਚੇ ਨਾਮ ਦੇ ਅਸਲ ਵਪਾਰੀ ਹਨ) ਦੀ ਭਾਲ। ਭਾਵ ਪਹਿਰਾਵਾ ਆਰਜ਼ੀ ਤੌਰ 'ਤੇ ਪਹਿਨਿਆਂ ਪਰ ਸਿੱਖੀ ਦੇ ਅਸੂਲਾਂ ਨੂੰ ਆਂਚ ਨਹੀਂ ਆਉਣ ਦਿੱਤੀ।

ਸੀ.ਐੱਚ. ਪੈਨ ਲਿਖਦਾ ਹੈ ਕਿ ਗੁਰੂ ਨਾਨਕ ਨੇ ਉਹ ਗੱਲ ਲੋਕਾਂ ਨੂੰ ਸਮਝਾਈ ਜੋ ਦੂਜੇ ਸੁਧਾਰਕ ਸਮਝਾ ਨਹੀਂ ਸਕੇ। ਸਿੱਖ ਧਰਮ ਜੋ ਉਨ੍ਹਾਂ ਚਲਾਇਆ ਉਸ ਵਿੱਚ ਇਹ ਅਸੂਲ ਦਿੱਤਾ ਕਿ, 'ਦੁਨੀਆਂ 'ਚੋਂ ਨੱਸਣਾ ਨਹੀਂ ਬਲਕਿ ਦੁਨੀਆਂ ਵਿੱਚ ਚੰਗੀ ਤਰ੍ਹਾਂ ਵਿਚਰਨਾ ਹੈ। ਬਦੀਆਂ ਤੋਂ ਬਚਣਾ ਜਾਂ ਡਰਨਾ ਨਹੀਂ ਸਗੋਂ ਬਦੀਆਂ ਦਾ ਡਟ ਕੇ ਮੁਕਾਬਲਾ ਕਰਨਾ ਹੈ।"

SIKHBOOKCLUB.COM

ਗੁਰੂ ਸਾਹਿਬ ਨੇ ਆਪਾ ਪਛਾਨਣ, ਆਤਮਿਕ ਅਤੇ ਇਖਲਾਕੀ ਜੀਵਨ ਜਿਉਣ, ਸਰਬ ਸਾਂਝੀਵਾਲਤਾ, ਬਰਾਬਰੀ ਅਤੇ ਹੱਕ-ਸੱਚ ਦੀ ਪ੍ਰਾਪਤੀ ਲਈ ਬਹੁਤ ਹੀ ਸਿੱਧਾ ਸਾਦਾ, ਸਰਲ ਅਤੇ ਸੁਚੱਜਾ ਢੰਗ ਵਰਤਿਆ। ਉਹ ਢੰਗ ਸੀ ਇਨਕਲਾਬੀ, ਮਿੱਠੇ ਅਤੇ ਕਲਾਮਈ ਬੋਲ। ਕਿਉਂਕਿ ਉਨ੍ਹਾਂ ਸ਼ਬਦ ਨੂੰ ਗੁਰੂ ਮੰਨਿਆਂ ਅਤੇ ਸ਼ਬਦ ਨੂੰ ਜੋਤ ਰੂਪ ਅਨੁਭਵ ਕੀਤਾ। ਸ਼ਬਦ ਦਾ ਸੰਬੰਧ ਸੁਰਤ ਨਾਲ ਜੁੜਿਆ ਹੋਣ ਕਰਕੇ ਇਹ ਜੀਵ ਦੀ ਅੰਦਰਲੀ ਜੋਤ ਜਗਾ ਦਿੰਦਾ ਹੈ। ਅੰਦਰਲੀ ਜੋਤ ਜਗਣ ਨਾਲ ਸੱਚ-ਝੂਠ, ਮਾੜੇ-ਚੰਗੇ ਅਤੇ ਗੁਰਮੁਖ-ਮਨਮੁਖ ਦੀ ਸਮਝ ਆ ਜਾਂਦੀ ਹੈ। ਮਨੋਵਗਿਆਨੀ (Psychologist) ਸ਼ਬਦਾਂ ਦੀ ਵਰਤੋਂ ਨਾਲ ਦਵਾਈ ਤੋਂ ਵਗੈਰ ਹੀ ਮਾਨਸਕ ਰੋਗੀਆਂ (Psychiatric) ਦਾ ਇਲਾਜ ਕਰ ਦਿੰਦਾ ਹੈ। ਗੁਰੂ ਜੀ ਨੇ ਦੇਖਿਆ ਕਿ ਜੰਤਾ ਤਾਂ ਗੰਭੀਰ ਰੋਗਾਂ ਵਿੱਚ ਫਸੀ ਅਤੇ ਧਸੀ ਪਈ ਹੈ। ਇਸ ਲਈ ਉਨ੍ਹਾਂ ਸ਼ਬਦ ਦੇ ਨਾਲ ਸਾਜ਼ (ਰਬਾਬ) ਵੀ ਵਰਤਿਆ। ਆਪ ਜਦੋਂ ਸ਼ਬਦ ਗਾਉਂਦੇ ਅਤੇ ਮਰਦਾਨੇ ਦੀ ਰਬਾਬ 'ਚੋਂ ਸੁਰੀਲੀਆਂ ਧੁਨਾਂ ਉਪਜਦੀਆਂ ਤਾਂ ਇਸ

ਭਗਤੀ ਵਿੱਚੋਂ ਮਹਾਂ ਸ਼ਕਤੀ ਪੈਦਾ ਹੋ ਜਾਂਦੀ ਸੀ। ਇਸ ਸ਼ਕਤੀ ਰਾਹੀਂ ਹੰਕਾਰੀਆਂ, ਵਿਕਾਰੀਆਂ, ਰੋਗੀਆਂ, ਸੋਗੀਆਂ, ਦੀਨ ਅਤੇ ਦੁਖੀਆਂ ਦੇ ਰੋਗ ਕੱਟ ਦਿੱਤੇ, ਚੋਰਾਂ, ਯਾਰਾਂ ਤੇ ਠੱਗਾਂ ਨੂੰ ਸਿੱਧੇ ਰਸਤੇ ਪਾਇਆ, ਕਾਜ਼ੀਆਂ, ਮੁਲਾਣਿਆਂ, ਬ੍ਰਹਮਣਾਂ, ਬੋਧੀਆਂ, ਜੈਨੀਆਂ, ਸਿੱਧਾਂ, ਜੋਗੀਆਂ, ਰਿਸ਼ੀਆਂ, ਮੁਨੀਆਂ ਨੂੰ ਸੱਚ ਦਾ ਮਾਰਗ ਸਮਝਾਇਆ ਅਤੇ ਦਿਖਲਾਇਆ। ਇਨ੍ਹਾਂ ਨੂੰ ਧਰਮ ਦੀ ਕਿਰਤ, ਨਾਮ ਜਪਣ ਅਤੇ ਵੰਡ ਛਕਣ ਦੇ ਸਿਧਾਂਤਾਂ ਨੂੰ ਅਪਨਾਉਣ ਲਈ ਪ੍ਰੇਰਿਆ ਤੇ ਮਨਮੁਖੀ ਕਲਿਆਣ ਅਤੇ ਪਰਉਪਕਾਰ ਲਈ ਨਸੀਹਤ ਦਿੱਤੀ।

ਇਹ ਗੱਲ ਜੱਗ ਜ਼ਾਹਿਰ ਹੈ ਕਿ ਸੰਸਾਰ ਅੰਦਰ ਧਰਮ ਦੀ ਤਬਦੀਲੀ ਲਈ ਬਹੁਗਿਣਤੀ ਕੌਮਾਂ ਨੇ ਘੱਟ ਗਿਣਤੀਆਂ 'ਤੇ ਬੜੇ ਧੱਕੇ ਕੀਤੇ, ਜ਼ੁਲਮ ਢਾਹੇ ਅਤੇ ਖ਼ੂਨ-ਖ਼ਰਾਬਾ ਕੀਤਾ ਅਤੇ ਕਰ ਵੀ ਰਹੀਆਂ ਹਨ। ਸੰਸਾਰ ਦੇ ਹਰ ਇਨਕਲਾਬ ਅੰਦਰ ਲੁੱਟ-ਮਾਰ ਹੋਈ ਅਤੇ ਖ਼ੂਨ ਡੁਲ੍ਹਿਆ। ਪਰ ਸਿੱਖੀ ਇਨਕਲਾਬ ਲਈ ਬਾਬੇ ਨਾਨਕ ਨੇ ਮਨੁੱਖੀ ਕਦਰਾਂ ਕੀਮਤਾਂ ਨੂੰ ਮੁੱਖ ਰਖਦਿਆਂ ਕੋਈ ਭੜਕਾਊ ਜਲਸਾ ਨਹੀਂ ਕੀਤਾ, ਕਿਸੇ ਨਾਲ ਧੱਕਾ ਨਹੀਂ ਕੀਤਾ, ਕੇਵਲ ਆਪਣੇ ਅਤੇ ਅੰਮ੍ਰਿਤਮਈ ਬੋਲਾਂ ਦੀ ਕਲਾ ਅਪਣਾਈ। ਭਾਈ ਮਰਦਾਨੇ ਅਤੇ ਬਾਲੇ ਨੂੰ ਨਾਲ ਲੈ ਕੇ 20 ਸਾਲ ਤੋਂ ਵੀ ਵੱਧ ਸਮਾਂ ਪੈਦਲ ਚੱਲ ਕੇ ਬਹੁਤ ਹੀ ਕਠਿਨ, ਬਿਖੜਾ, ਡਰਾਉਣਾ ਅਤੇ ਔਕੜਾਂ ਭਰਿਆ ਪੈਂਡਾ ਤਹਿ ਕੀਤਾ। ਇਸ ਦੌਰਾਨ ਬਹੁਤਿਆਂ ਥਾਵਾਂ 'ਤੇ ਉਨ੍ਹਾਂ ਨੂੰ ਡਰਾਉਣ, ਧਮਕਾਉਣ, ਭਜਾਉਣ, ਕੁੱਟ-ਮਾਰ ਕਰਨ ਅਤੇ ਮਾਰ ਮੁਕਾਉਣ ਦੀ ਨੌਬਤ ਵੀ ਆਈ। ਪਰ ਉਨ੍ਹਾਂ ਬੜੀ ਦਲੇਰੀ, ਦ੍ਰਿੜਤਾ ਅਤੇ ਸੰਕਲਪਵਾਦੀ ਹੋ ਕੇ ਰੱਬੀ ਦਾਤ, ਜੋਤ ਅਤੇ ਜੁਗਤ 'ਤੇ ਚੱਲਦੇ ਹੋਏ ਸਿੱਖੀ ਦੇ ਪ੍ਰਚਾਰ ਨੂੰ ਜਾਰੀ ਰੱਖਿਆ। ਬਾਬੇ ਦੇ ਨੂਰੀ ਚਿਹਰੇ ਨੂੰ ਤੱਕ ਕੇ ਕਲਾਮਈ ਅਤੇ ਚਮਤਕਾਰੀ ਪ੍ਰਕ੍ਰਿਆਵਾਂ ਨੂੰ ਅਨੁਭਵ ਕਰ ਕੇ ਰੰਕਾਂ ਤੋਂ ਰਾਜਿਆਂ, ਚੋਰਾਂ ਅਤੇ ਠੱਗਾਂ ਤੱਕ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਸਿੱਖ ਬਣ ਗਏ। ਕੀ ਹਿੰਦੂ, ਕੀ ਮੁਸਲਮਾਨ, ਕੀ ਬੋਧੀ, ਕੀ ਜੈਨੀ , ਕੀ ਲਾਮੇ, ਕੀ ਪੀਰ, ਕੀ ਫ਼ਕੀਰ, ਕੀ ਰਾਕਸ਼, ਕੀ ਦੈਂਤ ਆਦਿ ਉਨ੍ਹਾਂ ਦੇ ਪੈਰੋਕਾਰ ਬਣ ਗਏ। ਹੋਰ ਤਾਂ ਹੋਰ ਜਿੱਥੇ ਵੀ ਬਾਬੇ ਨਾਨਕ ਨੇ ਆਸਣ ਲਾਇਆ ਉਹ ਥਾਵਾਂ ਵੀ ਪੂਜਣ ਯੋਗ ਬਣ ਗਈਆਂ। ਭਾਈ ਗੁਰਦਾਸ ਜੀ ਲਿਖਦੇ ਹਨ:

*ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣ ਥਾਪਣਿ ਸੋਆ। (ਵਾਰ 1, ਪਉੜੀ 27)*

ਕੁਝ ਪੱਥਰ ਦਿਲ ਅਤੇ ਮੰਦੇ ਭਾਗਾਂ ਵਾਲੇ ਬੰਦਿਆਂ ਨੇ ਜਿਨ੍ਹਾਂ ਨੂੰ ਸੱਚ ਕੌੜਾ ਲਗਦਾ ਸੀ ਅਤੇ ਚੰਚਲ ਦਿਮਾਗੀ ਸਨ, ਨੇ ਗੁਰੂ ਨਾਨਕ ਦੇਵ ਜੀ ਨੂੰ ਭੂਤਨਾ ਅਤੇ ਬੇਤਾਲਾ ਵੀ ਗਰਦਾਨਿਆਂ। ਡਾਕਟਰ ਸਰ ਮੁਹੰਮਦ ਇਕਬਾਲ ਨੇ ਆਪਣੀ 'ਬਰਾਦਰਾ' ਨਾਮੀ ਨਜ਼ਮ ਵਿੱਚ ਜੋ ਗੁਰੂ ਨਾਨਕ ਸੰਬੰਧੀ ਹੈ ਉਸ ਵਿੱਚ ਇੰਵ ਲਿਖਿਆ ਹੈ:

*ਸ਼ਮਏ ਹੱਕ ਸੇ ਜੋ ਮੁਨੱਵਰ ਹੋ, ਯਹ ਵੋ ਮਹਿਫਲ ਨਾ ਥੀ।*
*ਬਾਰਸ਼ੇ ਰਹਿਮਤ ਹੂਈ, ਲੇਕਿਨ ਜ਼ਿਮੀ ਕਾਬਲ ਨਾ ਥੀ।*

ਭਾਵ ਐ ਗੁਰੂ ਨਾਨਕ! ਤੂੰ ਵੱਡਾ ਉਦੱਮ ਕਰ ਕੇ ਕਦਮ ਕਦਮ, ਤੇ ਸੱਚ ਦਾ ਦੀਵਾ ਜਗਾਇਆ। ਪਰ ਅਫ਼ਸੋਸ ਅੰਧਿਆਂ ਦੀ ਮਹਿਫਲ ਨੇ ਇਸ ਤੋਂ ਚਾਨਣ ਪ੍ਰਾਪਤ ਨਹੀਂ ਕੀਤਾ। ਤੂੰ ਇਨ੍ਹਾਂ 'ਤੇ ਰਹਿਮਤਾਂ ਦੀ ਭਾਰੀ ਵਰਖਾ ਕੀਤੀ ਪਰ ਇਹ ਪੱਥਰ ਦਿਲ ਮੋਮ ਨਾ ਬਣੇ ਅਤੇ ਆਪਣਾ ਜੀਵਨ ਸਫਲ ਨਾ ਕਰ ਸਕੇ, ਜਿਸ ਤਰ੍ਹਾਂ ਪਥਰੀਲੀ, ਬੰਜਰ ਅਤੇ ਕਲਰਾਠੀ ਜ਼ਮੀਨ 'ਚ ਫ਼ਸਲ ਪ੍ਰਫੁਲੱਤ ਨਹੀਂ ਹੁੰਦੀ।

ਪੁਰਾਤਨ ਜਨਮ ਸਾਖੀ ਅੰਦਰ ਪੰਜ ਉਦਾਸੀਆਂ ਦਾ ਜ਼ਿਕਰ ਹੈ ਪਰ ਬਹੁਤੇ ਇਤਿਹਾਸਕਾਰ ਗੁਰੂ ਜੀ ਵੱਲੋਂ ਕੀਤੀਆਂ ਚਾਰ ਉਦਾਸੀਆਂ ਨੂੰ ਮੁੱਖ ਤੌਰ 'ਤੇ ਮੰਨਦੇ ਹਨ। ਸਰਦਾਰ ਪਿਆਰਾ ਸਿੰਘ ਪਦਮ ਨੇ ਸੰਖੇਪ ਸਿੱਖ ਇਤਿਹਾਸ (1469-1708) ਵਿੱਚ ਚਾਰ ਉਦਾਸੀਆਂ ਦਾ ਵੇਰਵਾ ਦਿੱਤਾ ਹੈ ਜਦ ਕਿ ਪ੍ਰਿੰਸੀਪਲ ਸਤਿਬੀਰ ਸਿੰਘ ਨੇ 'ਸਾਡਾ ਇਤਿਹਾਸ ਦਸ ਪਾਤਸ਼ਾਹੀਆਂ (1469-1708)' ਵਿੱਚ ਗੁਰੂ ਨਾਨਕ ਜੀ ਵੱਲੋਂ ਕੀਤੇ ਸਫ਼ਰ ਨੂੰ ਤਿੰਨ ਉਦਾਸੀਆਂ ਵਿੱਚ ਵੰਡਿਆ ਹੈ। ਇਹ ਉਦਾਸੀਆਂ ਜੋ ਚਾਰੇ ਦਿਸ਼ਾਵਾਂ ਵਿੱਚ ਦੂਰ-ਦਰਾਡੇ ਤੱਕ ਗੁਰੂ ਬਾਬੇ ਨੇ ਕੀਤੀਆਂ ਇਨ੍ਹਾਂ ਦਾ ਪ੍ਰੋਗ੍ਰਾਮ ਵੈਸਾਖੀ 1499 ਨੂੰ ਉਲੀਕਿਆ। ਇਨ੍ਹਾਂ ਬਾਰੇ ਖੇਪ ਵਿੱਚ ਅੱਗੇ ਵਰਨਣ ਕੀਤਾ ਗਿਆ ਹੈ:

SIKHBOOKCLUB.COM

## ਪਹਿਲੀ ਉਦਾਸੀ
## (1499-1509)

ਪਹਿਲੀ ਉਦਾਸੀ ਸਤਿਗੁਰਾਂ ਪੂਰਬ ਦਿਸ਼ਾ ਵੱਲ ਆਰੰਭ ਕੀਤੀ। ਭਾਈ ਵੀਰ ਸਿੰਘ ਅਨੁਸਾਰ ਗੁਰੂ ਜੀ ਬਿਆਸ ਪਾਰ ਕਰ ਕੇ ਲਾਹੌਰ ਆਦਿ ਥਾਈਂ ਹੁੰਦੇ ਸੈਦਪੁਰ ਸੰਡਿਆਲੀ (ਜਿਸ ਥਾਂ ਉੱਤੇ ਏਮਨਾਬਾਦ ਹੈ) ਕਿਰਤੀ ਭਾਈ ਲਾਲੋ (ਤਰਖਾਣ) ਪਾਸ ਆ ਟਿਕੇ। ਕਿਉਂਕਿ ਸਿੱਖੀ ਦਾ ਮੁੱਢਲਾ ਸਿਧਾਂਤ ਹੈ ਧਰਮ ਦੀ ਕਿਰਤ ਕਰਨਾ। ਹੱਥੀਂ ਕੀਤੀ ਕਿਰਤ ਅਤੇ ਸੱਚ ਦਾ ਰਸਤਾ ਮਨੁੱਖੀ ਮਨ ਅੰਦਰ ਮਾਨਸਿਕ ਬਲ, ਸਰੀਰਕ ਬਲ, ਦਿਮਾਗੀ ਬਲ, ਸੰਤੋਖ ਬਲ ਅਤੇ ਵੰਡ ਛਕਣ ਦਾ ਬਲ ਪੈਦਾ ਕਰਦਾ ਹੈ। ਇੱਥੇ ਮਲਕ ਭਾਗੋ ਜਿਹੜਾ ਏਮਨਾਬਾਦ ਦੇ ਜ਼ਾਲਮ ਖਾਨ ਦਾ ਫ਼ੌਜਦਾਰ ਸੀ। ਇਹ ਜ਼ਾਤ ਦਾ ਖੱਤਰੀ ਸੀ। ਜ਼ਾਤ ਦਾ ਗੁਮਾਨ ਕਰ ਕੇ ਅਤੇ ਲਾਲਚੀ ਹੋਣ ਕਾਰਨ ਗਰੀਬਾਂ ਦੀ ਖ਼ੂਨ-ਪਸੀਨੇ ਨਾਲ ਕੀਤੀ ਕਮਾਈ ਧੱਕੇ ਨਾਲ ਹੜੱਪਦਾ ਸੀ। ਇਸ ਨੇ ਆਪਣੇ ਲੜਕੇ ਦੀ ਸ਼ਾਦੀ ਦੀ ਖ਼ੁਸ਼ੀ ਵਿੱਚ ਬ੍ਰਹਮ ਭੋਜ ਰਚਾਇਆ। ਸ਼ਹਿਰੀਆਂ ਤੋਂ ਇਲਾਵਾ ਇਸ ਨੇ ਇਲਾਕੇ ਦੇ ਸਾਧੂਆਂ, ਪੀਰਾਂ ਅਤੇ ਫ਼ਕੀਰਾਂ ਨੂੰ ਵੀ ਇਸ ਭੋਜ 'ਚ ਸ਼ਾਮਲ ਹੋਣ ਲਈ ਸੱਦਾ ਭੇਜਿਆ। ਭੋਜ ਦੇ ਅੰਤ

ਵਿੱਚ ਪਤਾ ਲੱਗਿਆ ਕਿ ਪੀਰ ਨਾਨਕ ਜਿਹੜਾ ਲਾਲੋ ਤਰਖਾਣ ਦੇ ਘਰ ਰਹਿੰਦਾ ਹੈ, ਭੋਜ ਛਕਣ ਨਹੀਂ ਆਇਆ। ਮਲਕ ਭਾਗੋ ਦੇ ਚਾਪਲੂਸਾਂ ਨੇ ਉਸ ਨੂੰ ਚੱਕ ਦਿੱਤਾ ਅਤੇ ਭੜਕਾਇਆ ਕਿ ਫ਼ੌਜਦਾਰ ਜੀ ਨਾਨਕ ਨੇ ਤੁਹਾਡਾ ਅਪਮਾਨ ਕੀਤਾ ਹੈ। ਇਹ ਬੜਾ ਲਾਲ ਪੀਲਾ ਹੋਇਆ ਅਤੇ ਗੁੱਸੇ 'ਚ ਆ ਕੇ ਆਪਣੇ ਬੰਦੇ ਭੇਜ ਕੇ ਗੁਰੂ ਸਾਹਿਬ ਨੂੰ ਭੋਜ ਛਕਣ ਲਈ ਬੁਲਾਇਆ। ਜਦੋਂ ਗੁਰੂ ਸਾਹਿਬ ਭਾਈ ਲਾਲੋ ਅਤੇ ਮਰਦਾਨੇ ਨਾਲ ਮਲਕ ਭਾਗੋ ਪਾਸ ਪਹੁੰਚੇ ਤਾਂ ਇਸ ਨੇ ਕਿਹਾ, "ਕੀ ਤੁਹਾਨੂੰ ਮੇਰੇ ਭੰਡਾਰੇ ਦਾ ਭੋਜਨ ਸੁਆਦ ਨਹੀਂ ਲਗਦਾ? ਨੀਚ ਜ਼ਾਤ ਲਾਲੋ ਦਾ ਹੀ ਚੰਗਾ ਲਗਦਾ ਹੈ?" ਗੁਰੂ ਜੀ ਨੇ ਉੱਤਰ ਦਿੱਤਾ, "ਮਲਕ ਭਾਗੋ! ਤੇਰੇ ਭੋਜਨ ਵਿੱਚ ਊਚ-ਨੀਚ ਦਾ ਵਿਤਕਰਾ ਹੈ। ਤੂੰ ਉੱਚੀ ਜ਼ਾਤੀ ਵਾਲਿਆਂ ਨੂੰ ਉੱਚੀ ਥਾਂ 'ਤੇ ਸੁੰਦਰ ਵਿਛੌਣੇ ਵਿਛਾ ਕੇ ਭੋਜਨ ਛਕਾਇਆ ਹੈ ਅਤੇ ਨੀਵੀਂ ਜ਼ਾਤੀ ਵਾਲਿਆਂ ਨੂੰ ਧਰਤੀ 'ਤੇ ਹੀ ਪੰਗਤਾਂ ਲਵਾਈਆਂ ਹਨ। ਪਰ ਸਾਡੇ ਲਈ ਸਭ ਇਨਸਾਨ ਇੱਕ ਸਮਾਨ ਹਨ। ਦੂਜੀ ਗੱਲ ਤੇਰੇ ਭੋਜ ਦੇ ਪਦਾਰਥਾਂ ਵਿੱਚੋਂ ਮਿਹਨਤਕਸ਼ਾਂ, ਗਰੀਬਾਂ ਅਤੇ ਦੀਨ ਦੁਖੀਆਂ ਦਾ ਖ਼ੂਨ ਚੋਂਦਾ ਨਜ਼ਰ ਆ ਰਿਹਾ ਹੈ। ਇਹ ਤੂੰ ਆਪਣੀ ਕਮਾਈ 'ਚੋਂ ਤਿਆਰ ਨਹੀਂ ਕਰਵਾਏ। ਦੇਖ ਭਾਈ ਲਾਲੋ ਵੱਲ, ਜੋ ਦਸਾਂ ਨਹੁੰਆਂ ਦੀ ਕਮਾਈ ਕਰਦਾ ਹੈ। ਇਹ ਹੱਕ-ਸੱਚ ਦੀ ਕਮਾਈ ਨਾਲ ਪਰਵਾਰ ਪਾਲ ਰਿਹਾ ਹੈ ਜੋ ਦੁੱਧ ਵਰਗੀ ਨਿਰਮਲ ਹੈ। ਹੱਕ ਦੀ ਕਮਾਈ ਨਾਲ ਕੀਤੀ ਖ਼ਲਕਤ ਦੀ ਸੇਵਾ ਨਾਲ ਖ਼ਾਲਕ ਵੀ ਲੱਭਦਾ ਹੈ। ਇਹ ਕਮਾਈ ਉਸ ਦੀ ਭਜਨ ਬੰਦਗੀ ਵੱਲ ਤੋਰਦੀ ਹੈ ਜਦ ਕਿ ਵੱਢੀ ਦੀ ਕਮਾਈ ਬਦਚਲਨੀ ਅਤੇ ਮੰਦੀ ਸੋਚ ਪੈਦਾ ਕਰਦੀ ਹੈ। ਇਹ ਸਾਡੇ ਜੀਵਨ ਅਸੂਲਾਂ ਦੇ ਵਿਰੁੱਧ ਹੈ। ਹੋਰ ਤੇਰੇ ਨਾਲ ਸਾਡਾ ਕੋਈ ਵਿਰੋਧ ਨਹੀਂ। ਆਹ ਸਾਡਾ ਸਿੱਖ ਭਾਈ ਮਰਦਾਨਾ ਆਪਣੀ ਰਬਾਬ ਦੀਆਂ ਤਾਨਾਂ ਰੱਬੀ ਬਾਣੀ ਨਾਲ ਮਿਲਾ ਕੇ ਅਤੇ ਸ਼ਬਦ ਗਾ ਕੇ ਉੱਚਾ ਤੇ ਸੁੱਚਾ ਜੀਵਨ ਬਨਾਉਣ ਲਈ ਸਭ ਨੂੰ ਸੁਣਾਉਂਦਾ ਹੈ। ਗੁਰੂ ਸਾਹਿਬ ਦਾ ਨੂਰੀ ਚਿਹਰਾ ਤੱਕ ਅਤੇ ਪਿਆਰ ਭਰੇ ਸੱਚੇ ਬੋਲ ਸੁਣ ਮਲਕ ਭਾਗੋ ਦੀਆਂ ਅੱਖਾਂ ਖੁੱਲ੍ਹ ਗਈਆਂ, ਦਿਮਾਗ ਦੇ ਕਪਾਟ ਖੁੱਲ੍ਹ ਗਏ, ਖੋਟੀ ਮੱਤ ਨਾਸ਼ ਹੋ ਗਈ, ਗਿਆਨ ਦੀਆਂ ਤਰੰਗਾਂ ਮਨ ਅੰਦਰ ਛਿੜ ਪਈਆਂ ਅਤੇ ਗੁਰਾਂ ਦੇ ਚਰਨੀ ਲੱਗ ਸਿੱਖੀ ਧਾਰਨ ਕਰ ਲਈ।

SIKHBOOKCLUB.COM

ਏਮਨਾਬਾਦ ਦੀ ਲੋਕਾਈ ਨੂੰ ਗਿਆਨ ਹੋ ਗਿਆ ਕਿ ਪੀਰ ਨਾਨਕ ਪ੍ਰਭੂ ਰੂਪ ਹੈ ਜਿਸ ਨੇ ਭਗਵਾਨ ਕ੍ਰਿਸ਼ਨ ਵਾਂਗ ਅਮੀਰ ਦੇ ਪਕਵਾਨ ਅਤੇ ਸੁੰਦਰ ਮਕਾਨ ਛੱਡ ਗਰੀਬ ਦੀ ਝੌਂਪੜੀ ਵਿੱਚ ਡੇਰਾ ਲਾਇਆ ਅਤੇ ਕੋਧਰੇ ਦੀ ਰੋਟੀ ਪ੍ਰਵਾਨ ਕੀਤੀ। ਭਾਈ ਲਾਲੋ ਨੂੰ ਸਮਝਾਇਆ ਕਿ ਘਾਲ ਕਮਾਈ ਦੇ ਨਾਲ ਨਾਲ ਪ੍ਰਭੂ ਦਾ ਜਾਪ ਬੰਦੇ ਨੂੰ ਪ੍ਰਭੂ ਜੈਸਾ ਹੀ ਬਣਾ ਦਿੰਦਾ ਹੈ, ਜਿਵੇਂ ਚੰਦਨ ਦਾ ਬ੍ਰਿਛ ਨੇੜੇ ਦੇ ਬੂਟਿਆਂ ਨੂੰ ਆਪ ਜੈਸਾ ਕਰ ਲੈਂਦਾ ਹੈ। ਨਾਮ ਰਸ ਪ੍ਰਦਾਨ ਕਰਨ ਲਈ ਸੁਬਾਹ-ਸ਼ਾਮ ਸੰਗਤ ਜੁੜਨ ਲੱਗੀ ਕਿਉਂਕਿ ਬਾਬਾ ਨਾਨਕ ਰੱਬੀ ਬਾਣੀ ਅਲਾਪਦੇ ਸਨ ਅਤੇ ਭਾਈ ਮਰਦਾਨੇ ਦੀ ਰਬਾਬ ਸ਼ਬਦ ਦੀ ਸੁਰ ਤੇ ਵੱਜਣ ਨਾਲ ਨਾਮ ਦੀਆਂ ਛਹਿਬਰਾਂ ਲੱਗ

ਜਾਂਦੀਆਂ ਸਨ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਲਿਖ ਦਿੱਤਾ:

*ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ।*

ਏਮਨਾਬਾਦ ਤੋਂ ਚੱਲ ਗੁਰੂ ਜੀ ਆਪਣੇ ਸਾਥੀਆਂ ਨਾਲ ਲਾਹੌਰ ਵਿਖੇ ਜਵਾਹਰ ਮੱਲ ਕੋਲ ਜਾ ਠਹਿਰੇ। ਲਾਹੌਰ ਵਿੱਚ ਦੁਨੀ ਚੰਦ ਬੜਾ ਧਨਾਢ ਸੀ। ਇਸ ਨੇ ਗੁਰੂ ਜੀ ਨੂੰ ਆਪਣੇ ਮਹਿਲਾਂ ਵਿੱਚ ਬੁਲਾਇਆ। ਮਹਿਲ ਮਾੜੀਆਂ ਦਿਖਾਈਆਂ, ਹਾਥੀ, ਘੋੜੇ, ਧਨ ਦੌਲਤ ਦੇ ਕ੍ਰਿਸ਼ਮੇ ਦਿਖਾ ਕੇ ਫੁਲਾ ਨਹੀਂ ਸੀ ਸਮਾ ਰਿਹਾ। ਗੁਰੂ ਸਾਹਿਬ ਨੇ ਮਰਦਾਨੇ ਵੱਲ ਇਸ਼ਾਰਾ ਕਰ ਕੇ ਕਿਹਾ, "ਦੇਖ ਭਾਈ ਮਰਦਾਨਿਆਂ, ਦੁਨੀ ਚੰਦ ਨੇ ਇਨ੍ਹਾਂ ਵਸਤਾਂ ਵਿੱਚ ਕਿਤਨਾ ਮੋਹ ਪਾਇਆ ਹੋਇਆ ਹੈ। ਲਗਦਾ ਹੈ ਮਰਨ ਵੇਲੇ ਵੀ ਨਾਲ ਹੀ ਲਜਾਏਗਾ"। ਗੱਲਬਾਤ ਉਪਰੰਤ ਗੁਰੂ ਜੀ ਨੇ ਆਪਣੇ ਕੋਲੋਂ ਇੱਕ ਸੂਈ ਦੁਨੀ ਚੰਦ ਨੂੰ ਦਿੱਤੀ, ਆਖਿਆ, "ਭਾਈ ਦੁਨੀ ਚੰਦ ਇਹ ਸਾਡੀ ਨਿਸ਼ਾਨੀ ਸਾਂਭ ਕੇ ਰੱਖੀਂ। ਅਗਲੇ ਜਾਮੇ ਵਿੱਚ ਸਾਨੂੰ ਦੇ ਦੇਈਂ"। ਇਸ ਨੇ ਕੁਝ ਚਿਰ ਸੋਚ ਕੇ ਆਖਿਆ, "ਮਹਾਰਾਜ! ਇਹ ਤੁਹਾਡੀ ਸੂਈ ਮਰਨ ਸਮੇਂ ਮੈਂ ਆਪਣੇ ਨਾਲ ਕਿਵੇਂ ਲਿਜਾਵਾਂਗਾ"? ਗੁਰੂ ਜੀ ਨੇ ਕਿਹਾ, "ਜਿਵੇਂ ਤੂੰ ਆਪਣਾ ਇਕੱਠਾ ਕੀਤਾ ਇਹ ਖਜ਼ਾਨਾ ਲਜਾਵੇਂਗਾ"। ਇਸ ਦ੍ਰਿਸ਼ਟਾਂਤ ਨੇ ਦੁਨੀ ਚੰਦ ਦੀਆਂ ਅੰਦਰੂਨੀ ਅੱਖਾਂ ਖੋਲ੍ਹ ਦਿੱਤੀਆਂ, ਸੁੱਤੀ ਆਤਮਾ ਜਾਗ ਪਈ, ਅਸਲ ਦਾ ਗਿਆਨ ਹੋ ਗਿਆ। ਗੁਰੂ ਦੇ ਗਿਆਨ ਨਾਲ ਸੰਸਾਰੀ ਮੋਹ ਤਿਆਗ ਕੇ ਸਿੱਖ ਬਣ ਕੇ ਸੇਵਾ ਸਿਮਰਨ ਵਿੱਚ ਜੁੱਟ ਗਿਆ। ਪੁਰਾਤਨ ਜਨਮ ਸਾਖੀ ਅਨੁਸਾਰ 'ਤਦਹੁ ਦੁਨੀ ਚੰਦ ਨਾਉ ਧਰੀਕ ਸਿੱਖ ਹੋਆ। ਤਬ ਗੁਰੂ ਗੁਰੂ ਲਗਾ ਜਪਣਿ'। ਗੁਰੂ ਸਾਹਿਬ ਨੇ ਦੁਨੀ ਚੰਦ ਨੂੰ ਗਿਆਨ ਦੇਣ ਲਈ ਮਰਦਾਨੇ ਨਾਲ ਮਿਲ ਕੇ ਆਸਾ ਦੀ ਵਾਰ ਦੀ ਇਹ ਪਉੜੀ ਗਾ ਕੇ ਸੁਣਾਈ:

*ਵਡਾ ਹੋਆ ਦੁਨੀਦਾਰ ਗਲਿ ਸੰਗਲ ਘਤਿ ਚਲਾਇਆ॥*
*ਅਗੈ ਕਰਣੀ ਕੀਰਤ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥ (464)*

ਅੱਗੇ ਤੁਰਦੇ ਤੁਰਦੇ ਤਰਨ ਤਾਰਨ ਕੋਲ ਦੀਪਾਲਪੁਰ ਵਿਖੇ ਕੋਹੜੀ ਦੀ ਕੁੱਲੀ ਵਿੱਚ ਚਲੇ ਗਏ। ਉਸ ਕੋਹੜੀ ਦਾ ਰੋਗ ਦੂਰ ਕੀਤਾ ਅਤੇ ਸਮਝਾਇਆ:

*ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ (661)*

ਫਿਰ ਭੇਖੀਆਂ ਤੇ ਪਾਖੰਡੀਆਂ ਨੂੰ ਸਿੱਧੇ ਰਾਹ ਪਾਉਣ ਲਈ ਵੱਖ ਵੱਖ ਤੀਰਥਾਂ ਦਾ ਭਰਮਣ ਕੀਤਾ। ਭਾਈ ਗੁਰਦਾਸ ਜੀ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ:

*ਬਾਬਾ ਆਇਆ ਤੀਰਥੈ ਤੀਰਥਿ ਪੁਰਬਿ ਸਭੇ ਫਿਰਿ ਦੇਖੈ॥*
*(ਵਾਰ 1, ਪਉੜੀ 25)*

SIKHBOOKCLUB.COM

ਕੁਰਕਸ਼ੇਤਰ ਵਿਖੇ ਪਾਂਡੇ ਅਤੇ ਬ੍ਰਹਮਣ ਵੱਡੀ ਗਿਣਤੀ ਵਿੱਚ ਰਹਿੰਦੇ ਸਨ। ਇਨ੍ਹਾਂ ਨੇ ਹੋਰ ਫੋਕਟ ਕਰਮਾਂ ਤੋਂ ਬਿਨਾਂ ਮਾਸ ਖਾਣ ਅਤੇ ਬਨਾਉਣ ਬਾਰੇ ਵੱਡਾ ਝਗੜਾ ਖੜ੍ਹਾ ਕੀਤਾ ਹੋਇਆ ਸੀ। ਇੱਥੇ ਇੱਕ ਨਾਨੂੰ (ਨਾਨਕ ਚੰਦ) ਨਾਮੀ ਪਾਂਡਾ ਰਹਿੰਦਾ ਸੀ। ਉਹ ਬੜਾ ਕਪਟੀ, ਪਾਖੰਡੀ ਅਤੇ ਝੂਠ ਦਾ ਪਲੰਦਾ ਸੀ। ਲੋਕਾਂ ਨੂੰ ਪੁਰਾਤਨ ਗ੍ਰੰਥਾਂ ਦੀਆਂ ਲਿਖਤਾਂ ਦਰਸਾ ਕੇ ਕਿ ਕਲਜੁਗ ਅੰਦਰ ਗੁਰੂ ਨਾਨਕ ਅਵਤਾਰ ਧਾਰਨ ਕਰੇਗਾ। ਇਹ ਦਰਸਾਉਂਦਾ ਸੀ ਕਿ ਮੈਂ ਹੀ ਅਸਲ ਗੁਰੂ ਨਾਨਕ ਹਾਂ। ਬ੍ਰਾਹਮਣਾਂ ਨੇ ਲੋਕਾਂ ਨੂੰ ਇਸ ਭਰਮ ਵਿੱਚ ਪਾਇਆ ਹੋਇਆ ਸੀ ਕਿ ਸੂਰਜ ਗ੍ਰਹਿਣ ਵਾਲੇ ਦਿਨ ਕੋਈ ਮਾਸ ਨਹੀਂ ਰਿੰਨ੍ਹ ਸਕਦਾ।ਗੁਰੂ ਨਾਨਕ ਦੇਵ ਜੀ ਜਦੋਂ ਕੁਰਕਸ਼ੇਤਰ ਗਏ ਤਾਂ ਕੁਝ ਦਿਨਾਂ ਪਿੱਛੋਂ ਸੂਰਜ ਗ੍ਰਹਿਣ ਲੱਗ ਗਿਆ। ਗੁਰੂ ਜੀ ਨੇ ਨਾਨੂੰ ਦਾ ਝੂਠ ਅਤੇ ਪਾਖੰਡ ਉਜਾਗਰ ਕਰਨ ਲਈ ਭਾਈ ਮਰਦਾਨੇ ਅਤੇ ਬਾਲੇ ਨੂੰ ਆਖਿਆ, "ਅੱਜ ਮਾਸ ਦਾ ਪਕਵਾਨ ਤਿਆਰ ਕਰੋ।" ਇਨ੍ਹਾਂ ਗੁਰੂ ਜੀ ਦਾ ਹੁਕਮ ਮੰਨ ਕੇ ਮਾਸ ਰਿੰਨ੍ਹਿਆ। ਨਾਨੂੰ ਨੇ ਬਹੁਤ ਸਾਰੇ ਪਾਂਡੇ ਅਤੇ ਬ੍ਰਹਮਣ ਇਕੱਠੇ ਕਰ ਲਏ ਅਤੇ ਗੁਰੂ ਜੀ ਦਾ ਸੂਰਜ ਗ੍ਰਹਿਣ ਵਾਲੇ ਦਿਨ ਮੀਟ ਬਣਾਉਣ ਦਾ ਭਾਰੀ ਵਿਰੋਧ ਕੀਤਾ। ਇਹ ਲੋਕ ਇਤਨੇ ਭੜਕ ਗਏ ਕਿ ਗੁਰੂ ਸਾਹਿਬ ਨੂੰ ਮਾਰਨ ਤੱਕ ਨੌਬਤ ਪਹੁੰਚ ਗਈ। ਗੁਰੂ ਜੀ ਨੇ ਇਨ੍ਹਾਂ ਨੂੰ ਪਿਆਰ ਭਰੇ ਸ਼ਬਦਾਂ ਨਾਲ ਸਮਝਾਇਆ ਕਿ ਖਾਹਮਖਾਹ ਝਗੜਾ ਨਾ ਕਰੋ। ਜੋ ਝਗੜੇ ਦੀ ਜੜ੍ਹ ਹੈ ਉਹ ਆਪ ਝੂਠਾ ਅਤੇ ਮੂਰਖ ਹੈ। ਜੇਕਰ ਕੋਈ ਮਾਸ ਖਾਣ ਦਾ ਆਦੀ ਹੈ ਤਾਂ ਸੂਰਜ ਗ੍ਰਹਿਣ ਵਾਲੇ ਦਿਨ ਵੀ ਉਸ ਲਈ ਕੋਈ ਮਨਾਹੀ ਨਹੀਂ ਹੋਣੀ ਚਾਹੀਦੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਰਬਾਬ ਸੁਰ ਕਰਨ ਲਈ ਕਿਹਾ ਅਤੇ ਇਹ ਸ਼ਬਦ ਉਚਾਰਨ ਕੀਤੇ:

*ਮਾਸ ਮਾਸ ਕਰ ਮੂਰਖ ਝਗੜੇ ਗਿਆਨ ਧਿਆਨ ਨਹਿ ਜਾਣੈ॥........*
*ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥*

ਨਾਨੂੰ ਨੇ ਇਹ ਸ਼ਬਦ ਸੁਣ ਕੇ ਫਿਰ ਬੰਦਿਆਂ ਨੂੰ ਉਕਸਾਉਣ ਦਾ ਯਤਨ ਕੀਤਾ। ਪਰ ਉਨ੍ਹਾਂ ਆਖਿਆ, "ਤੂੰ ਜੁਆਬ ਦੇਹ ਜੋ ਫ਼ਕੀਰ ਨਾਨਕ ਕਹਿ ਰਿਹਾ ਹੈ"।ਪਰ ਸੱਚ ਅੱਗੇ ਝੂਠ ਨਹੀਂ ਖੜ੍ਹ ਸਕਦਾ। ਨਾਨੂੰ ਝੂਠਾ ਹੋਣ ਕਰ ਕੇ ਕੋਈ ਸਹੀ ਉੱਤਰ ਨਾ ਦੇ ਸਕਿਆ। ਖੋਟੇ ਪੈਸੇ ਦੀ ਤਰ੍ਹਾਂ ਝੂਠ ਉਘੜ ਗਿਆ। ਇਕੱਠ ਨੂੰ ਪਤਾ ਲਗ ਗਿਆ ਕਿ ਕਾਮਲ ਗੁਰੂ ਨਾਨਕ ਕੌਣ ਹੈ। ਗੁਰੂ ਜੀ ਨੇ ਕਿਹਾ, "ਅਸੀਂ ਮਾਸ ਖਾਣ ਦੇ ਹਾਮੀ ਨਹੀਂ ਹਾਂ। ਇਹ ਮਾਸ ਅਸੀਂ ਨਾਨੂੰ ਦਾ ਝੂਠ ਦਾ ਪਾਜ ਅਤੇ ਪਾਖੰਡ ਉਘਾੜਨ ਲਈ ਤਿਆਰ ਕਰਵਾਇਆ ਸੀ।" ਇਹ ਸੁਣ ਸਾਰੇ ਗੁਰੂ ਜੀ ਦੇ ਚਰਨੀ ਪੈ ਗਏ ਅਤੇ ਉਚਾਰਨ ਲੱਗੇ ਅਸਲ ਨਾਨਕ ਸ਼ਾਹ ਤੁਸੀਂ ਹੋਂ।

ਚੱਲਦੇ ਚੱਲਦੇ ਗੁਰੂ ਜੀ ਸੱਜਣ ਠੱਗ ਦੇ ਟਿਕਾਣੇ ਪਿੰਡ ਤੁਲੰਭੇ ਪਹੁੰਚ ਗਏ। ਇਹ ਉੱਪਰੋਂ ਬੜਾ ਹੀ ਭਲਾ ਸੱਜਣ ਲਗਦਾ ਸੀ ਪਰ ਮਨ ਵਿੱਚ ਕਪਟ ਸੀ।

ਆਉਂਦੇ ਰਾਹੀਆਂ ਨੂੰ ਠੱਗਣ ਲਈ ਮਸੀਤ ਅਤੇ ਠਾਕਰ ਦੁਆਰਾ ਬਣਾਇਆ ਹੋਇਆ ਸੀ। ਜਿਹੜਾ ਉਸ ਦੀ ਚੁੰਗਲ 'ਚ ਫਸ ਜਾਂਦਾ ਉਸ ਨੂੰ ਲੁੱਟ ਕੇ ਖਪਾ ਹੀ ਦਿੰਦਾ ਸੀ। ਸਤਿਗੁਰਾਂ ਤੇ ਮਰਦਾਨੇ ਨੂੰ ਸ਼ਾਹੂਕਾਰ ਮੁਸਾਫਰ ਸਮਝ ਕੇ ਆਪਣੇ ਟਿਕਾਣੇ 'ਤੇ ਬੁਲਾ ਲਿਆਇਆ। ਰੋਟੀ ਟੁੱਕ ਛਕਾਇਆ ਤੇ ਸੁੰਦਰ ਸਜੇ ਕੋਠੇ 'ਚ ਰਾਤ ਕੱਟਣ ਲਈ ਟਿਕਾ ਦਿੱਤਾ। ਰਾਤ ਪੈਣ 'ਤੇ ਲੁੱਟਣ ਲਈ ਦਾਅ ਤਕਾਉਣ ਲੱਗਾ। ਸਤਿਗੁਰਾਂ ਆਖਿਆ, "ਮਰਦਾਨਿਆਂ! ਰਬਾਬ ਉਠਾ, ਜਿੱਥੇ ਠਹਿਰੇ ਹੋਏ ਹਾਂ ਬੰਦਾ ਬੜਾ ਖ਼ਤਰਨਾਕ ਹੈ। ਰੱਬ ਦਾ ਨਾਂ ਉਚਾਰੀਏ ਤਾਂ ਹੀ ਬਚਾਅ ਹੈ"। ਮਰਦਾਨੇ ਨੇ ਰਬਾਬ ਵਜਾਉਣੀ ਸ਼ੁਰੂ ਕਰ ਦਿੱਤੀ ਤੇ ਬਾਬੇ ਨੇ ਇਲਾਹੀ ਸ਼ਬਦ 'ਉਜਲ ਕੈਹਾਂ ਚਿਲਕਣਾ ਘੋਟਿਮ ਕਾਲੜੀ ਮਸੁ'॥ ਗਾਉਣਾ ਸ਼ੁਰੂ ਕਰ ਦਿੱਤਾ। ਇਸ ਨਾਦ ਦੀਆਂ ਤਰੰਗਾਂ ਅਤੇ ਸ਼ਬਦ ਦੇ ਬੋਲ ਤੀਰ ਵਾਂਗ ਸੱਜਣ ਠੱਗ ਦੀ ਹਿੱਕ 'ਤੇ ਵੱਜੇ, ਇਸ ਨੂੰ ਹੋਸ਼ ਆ ਗਈ ਕਿ ਅਸਲ ਜੀਵਨ ਕੀ ਹੈ? ਆਤਮਾ ਝੰਜੋੜੀ ਗਈ, ਗਿਆਨ ਦਾ ਚਾਨਣ ਹੋਣ ਕਰ ਕੇ ਗੁਰਾਂ ਦੇ ਪੈਰਾਂ 'ਤੇ ਡਿੱਗ ਪਿਆ। ਪਾਪਾਂ ਦੀ ਭੁੱਲ ਬਖਸ਼ਾਈ ਅਤੇ ਰਹਿੰਦੀ ਜਿੰਦਗੀ ਗੁਰੂ ਉਪਦੇਸਾਂ 'ਤੇ ਚਲਣ ਦਾ ਪ੍ਰਣ ਲਿਆ। ਗੁਰੂ ਜੀ ਨੇ ਕਹਿ ਕੇ ਇਸ ਤੋਂ ਧਰਮਸਾਲਾ ਬਣਵਾਈ, ਨਾਮ ਜਪਣ ਅਤੇ ਆਏ ਗਏ ਰਾਹੀ ਦੀ ਸੇਵਾ ਅਤੇ ਲੰਗਰ ਛਕਾਉਣ ਲਈ ਪ੍ਰੇਰਨਾ ਦਿੱਤੀ। ਇਹ ਗੁਰੂ ਉਪਦੇਸ ਰਾਹੀਂ ਪਰਮੇਸਰ ਦਾ ਸੱਚਾ ਭਗਤ ਬਣ ਗਿਆ।

ਅੱਗੇ ਪਾਣੀਪੱਤ ਜਾ ਕੇ ਸ਼ੇਖ ਸਰਫ ਦਾ ਨਿਸਤਾਰਾ ਕੀਤਾ। ਦਿੱਲੀ ਵਿਖੇ ਇਬਰਾਹੀਮ ਲੋਧੀ ਨਾਲ ਸਾਖੀ ਹੋਈ। ਜਦੋਂ ਅੱਗੇ ਗਏ ਤਾਂ ਇੱਕ ਸੱਯਦ (ਵਜ਼ੀਦ ਨਾਮੀ) ਦੀ ਉਸ ਦੇ ਸਾਥੀਆਂ ਵੱਲੋਂ ਐਸ਼ਵਰਜ ਹੁੰਦੀ ਮਰਦਾਨੇ ਨੂੰ ਦਿਖਾਈ। ਮਰਦਾਨੇ ਨੇ ਪੁੱਛਿਆ, ਸਤਿਗੁਰੋ! ਪਹਿਲਾਂ ਇਹ ਪਾਲਕੀ ਵਿੱਚ ਬੈਠ ਕੇ ਆਇਆ ਹੈ। ਹੁਣ ਬ੍ਰਿਛ ਦੀ ਥਾਂ ਹੇਠ ਸੁੰਦਰ ਗਲੀਚੇ 'ਤੇ ਬੈਠ ਕੇ ਮੁੱਠੀ-ਚਾਪੀ ਕਰਾ ਰਿਹਾ ਹੈ"। ਤਾਂ ਗੁਰੂ ਜੀ ਨੇ ਫੁਰਮਾਇਆ, ਇਹ ਪਿਛਲੇ ਜਨਮ 'ਚ ਕੀਤੀ ਭਗਤੀ ਦਾ ਫਲ ਹੈ। ਪਰ ਇਸ ਐਸ਼ਵਰਜ 'ਚ ਪੈ ਕੇ ਇਨਸਾਨ ਗਲਤੀਆਂ ਵੀ ਕਰਦਾ ਹੈ। ਪ੍ਰਭੂ ਨੂੰ ਭੁੱਲ ਜਾਣ ਕਾਰਨ ਫਿਰ ਨਰਕ ਵਿੱਚ ਜਾ ਪੈਂਦਾ ਹੈ। ਇਹ ਸੁੱਖ ਦੁੱਖ ਕੀਤੇ ਕਰਮਾਂ ਦਾ ਫਲ ਹੈ'। ਕੁਰਕਸ਼ੇਤਰ ਤੋਂ ਕਰਨਾਲ, ਪਾਣੀਪਤ ਆਦਿ ਇਲਾਕਿਆਂ ਵਿੱਚ ਦੀ ਹੁੰਦੇ ਹੋਏ ਵੈਸਾਖੀ ਦੇ ਪੁਰਬ 'ਤੇ ਹਰਿਦੁਆਰ ਪਹੁੰਚੇ। ਇੱਥੇ ਹਿੰਦੂ ਧਰਮ ਦੇ ਅਨੁਯਾਈ ਸੂਰਜ ਵੱਲ ਨੂੰ ਪਾਣੀ ਸੁੱਟ ਰਹੇ ਸਨ। ਗੁਰੂ ਜੀ ਨੇ ਭਾਈ ਮਰਦਾਨੇ ਅਤੇ ਭਾਈ ਬਾਲੇ ਨਾਲ ਮਿਲ ਕੇ ਇਸ ਦੇ ਉਲਟ ਦਿਸ਼ਾ ਵੱਲ ਨੂੰ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਇਹ ਲੋਕ ਇਕੱਠੇ ਹੋ ਕੇ ਗੁਰੂ ਜੀ ਕੋਲ ਆਏ, ਹੱਸਣ ਲੱਗੇ ਅਤੇ ਭੱਦੇ ਠੱਠੇ-ਮਖੌਲ ਕਰਨ ਲੱਗੇ। ਕਈਆਂ ਨੇ ਕਿਹਾ ਕਿ ਤੁਸੀਂ ਕਮਲੇ ਹੋ ਗਏ ਹੋਂ ਪਾਣੀ ਉਲਟੀ ਦਿਸ਼ਾ ਵਿੱਚ ਪਾਣੀ ਸੁੱਟੀ ਜਾਂਦੇ ਹੋਂ। ਸਾਹਿਬ ਕਹਿੰਦੇ, "ਇਸ ਵਾਰ ਮੀਂਹ ਨਹੀਂ ਪਿਆ। ਸਾਡੀ ਖੇਤੀ ਜੋ ਲਾਹੌਰ ਦੇ ਕੋਲ ਹੈ ਪਾਣੀ ਦੀ ਘਾਟ

SIKHBOOKCLUB.COM

ਕਾਰਨ ਸੁੱਕ ਰਹੀ ਹੈ"। ਇਨ੍ਹਾਂ ਪਾਂਡਿਆਂ ਦੇ ਮੋਹਰੀ ਨੇ ਉੱਚੀ ਆਵਾਜ਼ ਵਿੱਚ ਕਿਹਾ,"ਨਾਨਕ! ਇਤਨੀ ਦੂਰ ਤੇਰਾ ਸੁੱਟਿਆ ਪਾਣੀ ਕਿਵੇਂ ਪਹੁੰਚੇਗਾ?" ਉੱਤਰ 'ਚ ਸਤਿਗੁਰਾਂ ਕਿਹਾ,"ਜੇਕਰ ਤੁਹਾਡਾ ਪਾਣੀ ਸੂਰਜ ਤੱਕ ਪਹੁੰਚ ਸਕਦਾ ਹੈ ਜੋ ਤੁਸੀਂ ਆਪਣੇ ਪਿਤਰਾਂ ਨੂੰ ਪਿਆਉਣਾ ਚਾਹੁੰਦੇ ਹੋ ਤਾਂ ਸਾਡਾ ਸੁੱਟਿਆ ਪਾਣੀ ਤਾਂ ਸਹਿਜੇ ਹੀ ਪਹੁੰਚ ਜਾਵੇਗਾ। ਕਿਉਂਕਿ ਸਾਡੇ ਖੇਤ ਤਾਂ ਇੱਥੋਂ ਤਕਰੀਬਨ 360 ਮੀਲ 'ਤੇ ਹੀ ਹਨ ਜਦ ਕਿ ਸੂਰਜ 92 ਮਿਲੀਅਨ ਮੀਲ ਦੂਰ ਹੈ। ਇੰਞ ਗੁਰੂ ਜੀ ਨੇ ਇਨ੍ਹਾਂ ਦੇ ਫੋਕਟ ਵਿਸ਼ਵਾਸ਼ਾਂ ਨੂੰ ਨੰਗਾ ਕੀਤਾ। ਜੀ.ਜੀ. ਪੋਂਟੈਂਟੋ, ਜੋ ਮਾਰਟਿਨ ਲੂਥਰ ਦਾ ਅਧਿਆਪਕ ਸੀ ਨੇ ਵੀ 1501 ਵਿੱਚ ਹਰਿਦੁਆਰ ਦੀ ਯਾਤਰਾ ਸਮੇਂ ਆਪਣੇ ਅੱਖੀਂ ਇਹ ਘਟਨਾ ਤੱਕੀ ਸੀ। ਗੁਰੂ ਜੀ ਨਾਲ ਵਿਚਾਰ ਕਰ ਕੇ ਘਟਨਾ ਸੰਬੰਧੀ ਇੱਕ ਕਵਿਤਾ ਵੀ ਲਿਖੀ ਸੀ।

ਹਰਿਦੁਆਰ ਵਿਖੇ ਹੀ ਗੰਗਾ ਦੇ ਕਿਨਾਰੇ ਇੱਕ ਵੈਸ਼ਨਵ ਸਾਧੂ ਆਪਣੇ ਆਪ ਨੂੰ ਉੱਚੀ ਜ਼ਾਤ ਅਤੇ ਉੱਚੀ ਮੱਤ ਵਾਲਾ ਕਹਾਉਂਦਾ ਸੀ। ਅੰਮ੍ਰਿਤ ਵੇਲੇ ਉਹ ਆਪਣੀ ਬੈਠਣ ਵਾਲੀ ਜਗ੍ਹਾ 'ਤੇ ਪੋਚਾ ਲਾ ਰਿਹਾ ਸੀ। ਉਪਰੰਤ ਉਸ ਨੇ ਅੱਗ ਵਾਲੀ ਅਤੇ ਖਾਣਾ ਤਿਆਰ ਕਰਨ ਲੱਗ ਗਿਆ। ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਉਸ ਤੋਂ ਅੱਗ ਦੀ ਬਲ ਰਹੀ ਲੱਕੜੀ ਲੈਣ ਲਈ ਭੇਜਿਆ। ਉਸ ਸਾਧੂ ਨੇ ਪੁੱਛਿਆ, ਤੂੰ ਕੌਣ ਹੈ? ਕਿਸ ਜ਼ਾਤ ਦਾ ਹੈਂ?" ਮਰਦਾਨੇ ਨੇ ਆਪਣਾ ਨਾਂ ਦੱਸਿਆ ਅਤੇ ਆਖਿਆ, "ਮੈਂ ਡੂੰਮ (ਮਿਰਾਸੀ) ਹਾਂ, ਅਤੇ ਮੇਰਾ ਗੁਰੂ ਬਾਬਾ ਨਾਨਕ ਹੈ।" ਇਹ ਸੁਣ ਕੇ ਸਾਧੂ ਬੜਾ ਕ੍ਰੋਧ ਵਿੱਚ ਆ ਗਿਆ ਅਤੇ ਤਮਾਚਾ ਲੈ ਕੇ ਮਰਦਾਨੇ ਦੇ ਮਾਰਨ ਵਾਸਤੇ ਦੌੜਿਆ। ਇਤਨੇ ਨੂੰ ਗੁਰੂ ਜੀ ਸਾਧੂ ਅਤੇ ਮਰਦਾਨੇ ਦੇ ਵਿਚਕਾਰ ਆ ਗਏ। ਸਤਿਗੁਰਾਂ ਨੇ ਪੁੱਛਿਆ, "ਭਾਈ ਅੰਮ੍ਰਿਤ ਵੇਲੇ ਹੀ ਤੂੰ ਇਤਨੇ ਕ੍ਰੋਧ ਵਿੱਚ ਕਿਉਂ ਹੈਂ?" ਉਹ ਵੈਸ਼ਨਵ ਕਹਿਣ ਲੱਗਾ, "ਇਸ ਨੀਚ ਜ਼ਾਤ ਦੇ ਬੰਦੇ ਨੇ ਮੇਰਾ ਚੌਂਕਾ ਭ੍ਰਿਸ਼ਟ ਕਰ ਦਿੱਤਾ ਹੈ"। ਗੁਰੂ ਸਾਹਿਬ ਕਹਿੰਦੇ "ਭਾਈ! ਅੰਮ੍ਰਿਤ ਵੇਲਾ ਹੈ, ਮਿੱਠੇ ਬੋਲ ਬੋਲ, ਕ੍ਰੋਧ ਤਿਆਗ ਅਤੇ ਸ਼ਾਂਤ ਹੋ। ਤੂੰ ਰੱਬ ਦੇ ਬੰਦੇ ਨੂੰ ਅਛੂਤ ਕਹਿ ਰਿਹਾ ਹੈਂ। ਲਗਦਾ ਹੈ ਤੈਨੂੰ ਖੋਟੀ ਮੱਤ ਨੇ ਕ੍ਰੋਧੀ ਬਣਾਇਆ ਹੈ। ਕ੍ਰੋਧ ਕਾਰਨ ਤੂੰ ਕਸਾਈ ਤੋਂ ਘੱਟ ਨਹੀਂ ਅਤੇ ਇਸ ਨੇ ਤੇਰੇ ਸਰੀਰ ਨੂੰ ਵੀ ਗਾਲ ਦੇਣਾ ਹੈ। ਜੇਕਰ ਸੱਚ ਦੀ ਪ੍ਰਾਪਤੀ ਕਰਨੀ ਹੈ ਤਾਂ ਕ੍ਰੋਧ ਮਾਰ ਅਤੇ ਜ਼ਾਤ-ਪਾਤ ਦਾ ਚੱਕਰ ਦਿਲੋਂ ਭੁਲਾ ਦੇ"। ਸਤਿਗੁਰਾਂ ਨੇ ਆਪਣੇ ਨਿਰਮਲ ਅਤੇ ਅਨਮੋਲ ਬਚਨਾ ਰਾਹੀਂ ਇਸ ਵੈਸ਼ਨਵ ਸਾਧੂ ਨੂੰ ਦਿੱਬ-ਦ੍ਰਿਸ਼ਟੀ ਬਖਸ਼ੀ। ਇਸ ਦੇ ਕੰਨੀ ਭਾਈ ਮਰਦਾਨੇ ਨਾਲ ਮਿਲ ਕੇ ਇਹ ਸ਼ਬਦ ਪਾਇਆ:

*ਕਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ*
*ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥*
*ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥ (91)*

ਭਾਵ ਬੰਦੇ ਦੀ ਮੰਦੀ ਮੱਤ ਮਾਨੋ ਮਿਰਾਸਣ ਹੈ, ਬੇ-ਤਰਸੀ ਕਸਾਇਣ ਹੈ, ਪਰਾਈ ਨਿੰਦਿਆ ਚੂਹੜੀ ਹੈ ਅਤੇ ਕ੍ਰੋਧ ਚੰਡਾਲਣੀ ਹੈ। ਜਿਸ ਅੰਦਰ ਇਹ ਚਾਰ ਔਗੁਣ ਹੋਣ ਤਾਂ ਉਸਦਾ ਬਾਹਰਲਾ ਅਤੇ ਅੰਦਰਲਾ ਚੌਂਕਾ ਸੁੱਚਾ ਕਿਵੇਂ ਹੋ ਸਕਦਾ ਹੈ?

ਹਰਿਦੁਆਰ ਤੋਂ ਅੱਗੇ ਗੜ੍ਹਵਾਲ ਦੀ ਰਾਜਧਾਨੀ ਸ੍ਰੀ ਨਗਰ (ਉਤਰਾਂਚਲ) ਵਿਖੇ ਰਾਜਾ ਵਿਜੇ ਪ੍ਰਕਾਸ਼ ਦੇ ਦਿਲੋਂ ਜ਼ਾਤ ਪਾਤ ਦਾ ਹਨੇਰ ਦੂਰ ਕੀਤਾ। ਫਿਰ ਗੋਰਖ ਅਤੇ ਕੰਨ ਪਾਟੇ ਜੋਗੀਆਂ ਦੇ ਮੁਖੀ ਭੰਗਰ ਨਾਥ ਨੂੰ ਮਿਲੇ। ਭੰਗਰ ਨਾਥ ਨੇ ਗੁਰੂ ਜੀ ਨੂੰ ਸ਼ਰਾਬ ਦਾ ਪਿਆਲਾ ਪੇਸ਼ ਕੀਤਾ। ਸਤਿਗੁਰਾਂ ਨੂੰ ਕਿਹਾ, "ਇਸ ਨਾਲ ਪ੍ਰਭੂ ਚਰਨਾ 'ਚ ਬਿਰਤੀ ਜੁੜਦੀ ਹੈ"। ਗੁਰੂ ਜੀ ਨੇ ਇਸ ਨੂੰ ਸਮਝਾਉਣ ਲਈ ਭਾਈ ਮਰਦਾਨਾ ਨੂੰ ਰਬਾਬ ਸੁਰ ਕਰਨ ਲਈ ਕਿਹਾ ਅਤੇ ਸ਼ਬਦ ਉਚਾਰਨ ਕੀਤਾ:

*ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ।*
*ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ (554)*

ਭਾਵ : ਗੋਰਖ ਨਾਥ! ਜਿਸ ਨਸ਼ੇ ਨੂੰ ਪੀਣ ਨਾਲ ਬੰਦੇ ਦੀ ਮੱਤ ਮਾਰੀ ਜਾਂਦੀ ਹੈ, ਉਹ ਊਲ-ਜਲੂਲ ਬਕਦਾ ਹੈ ਅਤੇ ਉਸ ਨੂੰ ਆਪਣਿਆਂ ਪਰਾਇਆਂ ਦੀ ਪਛਾਣ ਹੀ ਨਹੀਂ ਰਹਿੰਦੀ। ਤੁਸੀਂ ਇਸ ਨੂੰ ਛਕ ਕੇ ਰੱਬ ਨਾਲ ਮਿਲਾਪ ਦੀ ਗੱਲ ਕਰਦੇ ਹੋ? ਉਹ ਮਾਲਕ ਤੁਹਾਡੇ ਵਰਗੇ ਨਸ਼ੱਈਆਂ ਨੂੰ ਧੱਕੇ ਮਾਰ ਕੇ ਪਰੇ ਵਗਾਹ ਮਾਰਦਾ ਹੈ। ਇਹ ਸ਼ਬਦ ਸੁਣ ਕੇ ਜੋਗੀਆਂ ਨੇ ਨੀਵੀਆਂ ਪਾ ਲਈਆਂ ਅਤੇ ਗੁਰੂ ਜੀ ਦੇ ਦਿੱਤੇ ਉਪਦੇਸ਼ ਪ੍ਰਭੂ ਨਾਮ ਦੇ ਜਾਪ ਨੂੰ ਧਾਰਨ ਕਰਨ ਦਾ ਪ੍ਰਣ ਲਿਆ। ਉਪਰੰਤ ਇਸ ਅਸਥਾਨ ਦਾ ਨਾਂ 'ਗੋਰਖ ਮਤੇ' ਤੋਂ ਬਦਲ ਕੇ 'ਨਾਨਕ ਮਤਾ' ਪੈ ਗਿਆ। ਇਹ ਨਾਂ ਸਲਾਹ ਮਸ਼ਵਰੇ ਉਪਰੰਤ ਜੋਗੀਆਂ ਨੇ ਹੀ ਰੱਖਿਆ ਕਿਉਂਕਿ ਉਨ੍ਹਾਂ ਨੇ ਨਾਨਕ ਮੱਤ ਨੂੰ ਅਪਣਾ ਲਿਆ ਸੀ।

SIKHBOOKCLUB.COM

ਕਿਉਂਕਿ ਜੋਗੀਆਂ ਦੇ ਚੇਲੇ ਬਾਲਕੇ ਦੂਰ ਦੂਰ ਤੱਕ ਵੱਡੀ ਗਿਣਤੀ ਵਿੱਚ ਫੈਲੇ ਹੋਏ ਸਨ। ਗੁਰੂ ਜੀ ਇਹ ਉਪਦੇਸ਼ ਦਿੰਦੇ ਕਿ ਰਿਧਿ ਸਿਧਿ ਨਾਮੇ ਕੀ ਦਾਸੀ, ਮਾਲਕ ਦਾ ਨਾਮ ਜਪੋ, ਕਰਾਮਾਤਾਂ ਤਿਆਗੋ ਅਤੇ ਭੇਖ ਛੱਡੋ ਤੇ ਕੂੜ ਮਨ 'ਚੋ ਕੱਢੋ। ਇਹ ਵੀ ਸਮਝਾਇਆ"

*ਜੋਗੁ ਨਾ ਭਗਵੀ ਕਪੜੀ ਜੋਗੁ ਨਾ ਮੈਲੇ ਵੇਸਿ॥*
*ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥ (1421)*

ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨਾਲ ਦਮ ਮਾਰਨ ਲਈ ਰੀਠੇ ਦੇ ਦਰਖ਼ਤ ਹੇਠ ਬੈਠ ਗਏ। ਦੇਖਿਆ ਮਰਦਾਨਾ ਭੁੱਖ ਮਹਿਸੂਸ ਕਰ ਰਿਹਾ ਹੈ। ਇਹ ਜੋਗੀ ਲੋਕ ਤਾਂ ਕੰਦ-ਮੂਲ ਖਾ ਕੇ ਢਿੱਡ ਭਰਦੇ ਸਨ। ਸਤਿਗੁਰਾਂ ਆਖਿਆ,

"ਮਰਦਾਨਿਆਂ, ਦੇਖ ਦਰਖਤ ਨੂੰ ਕਿੰਨਾ ਫ਼ਲ ਹੈ। ਆਪ ਵੀ ਛਕ ਤੇ ਸਾਨੂੰ ਵੀ ਛਕਾ ਦੇ"। ਮਰਦਾਨੇ ਨੇ ਕਿਹਾ, "ਸਤਿਗੁਰੋ! ਇਹ ਤਾਂ ਰੀਠੇ ਦਾ ਪੇੜ ਹੈ। ਇਸ ਦੇ ਫਲ ਬਹੁਤ ਕੌੜੇ ਹੁੰਦੇ ਹਨ"। ਗੁਰਾਂ ਨੇ ਕਿਹਾ, "ਵਾਹਿਗੁਰੂ ਕਹਿ ਕੇ ਤੋੜ ਲੈ। ਜਿਵੇਂ ਵਾਹਿਗੁਰੂ ਦਾ ਨਾਮ ਮਿੱਠਾ ਹੈ। ਇਹ ਵੀ ਮਿੱਠੇ ਹੋ ਜਾਣਗੇ"। ਵਾਹਿਗੁਰੂ, ਵਾਹਿਗੁਰੂ....ਕਰਦਿਆਂ, ਮਰਦਾਨੇ ਨੇ ਇਹ ਫ਼ਲ ਤੋੜੇ, ਸੱਚ-ਮੁੱਚ ਮਿੱਠੇ ਸਨ। ਅੱਜ ਤੱਕ ਵੀ ਉਸ ਦਰਖ਼ਤ ਨੂੰ ਮਿੱਠੇ ਰੀਠੇ ਲਗਦੇ ਹਨ। ਇਸ ਦਰਖ਼ਤ ਕੋਲ, "ਰੀਠਾ ਸਾਹਿਬ ਗੁਰਦੁਆਰਾ ਸੁਸ਼ੋਭਤ ਹੈ।

ਇੱਥੋਂ ਚੱਲ ਕੇ ਬਰੇਲੀ, ਲਖ਼ਨਊ, ਕਾਨ੍ਹਪੁਰ ਹੁੰਦੇ ਹੋਏ ਅਲਾਹਾਬਾਦ ਪੁੱਜੇ ਜੋ ਪ੍ਰਯਾਗ ਨਾਂ ਨਾਲ ਮਸ਼ਹੂਰ ਹੈ। ਹਿੰਦੂ ਮੱਤ ਦੇ ਬ੍ਰਹਮਣ ਇਥੇ ਤ੍ਰਿਬੇਣੀ ਵਿੱਚ ਇਸ਼ਨਾਨ ਕਰ ਕੇ ਮੁਕਤੀ ਦੇ ਸਾਧਨ ਨੂੰ ਪ੍ਰਚਾਰ ਰਹੇ ਸਨ। ਅਸਲ ਮਤਲਬ ਤਾਂ ਇਹ ਸੀ ਕਿ ਮੁਕਤੀ ਦਾ ਨਾਂ ਸੁਣ ਕੇ ਲੋਕ ਇੱਥੇ ਵੱਡੀ ਗਿਣਤੀ ਵਿੱਚ ਆਉਣਗੇ ਤੇ ਉਨ੍ਹਾਂ ਦੇ ਦਾਨ ਨਾਲ ਦਾਲ-ਫੁਲਕਾ ਚੰਗਾ ਚਲਦਾ ਰਹੇਗਾ। ਗੁਰੂ ਸਾਹਿਬ ਨੇ ਇੱਥੇ ਦਰਸਾਇਆ ਕਿ ਜੇਕਰ ਬੰਦਾ ਆਪਣੇ ਮਨ, ਚਿੱਤ 'ਤੇ ਬੁੱਧ ਵਿੱਚ ਪ੍ਰਭੂ ਨਾਮ ਵਸਾ ਲਵੇ ਤਾਂ ਸਮਝੋ ਘਰ ਬੈਠਿਆਂ ਹੀ ਤ੍ਰਿਬੇਣੀ ਇਸ਼ਨਾਨ ਹਰ ਰੋਜ਼ ਹੋ ਜਾਵੇਗਾ। ਗੁਰੂ ਸਾਹਿਬ ਨੇ ਲਲਕਾਰ ਪਾਈ:

*ਮੂਰਖ ਬਾਮਣ ਪ੍ਰਭੂ ਸਮਾਲਿ॥*
*ਦੇਖਤ ਸੁਨਤ ਤੇਰੈ ਹੈ ਨਾਲਿ॥ (322)*

SIKHBOOKCLUB.COM

ਫਿਰ ਅਯੁੱਧਿਆ ਵਿੱਚ ਦੀ ਲੰਘ ਕੇ ਬਨਾਰਸ (ਵਾਰਾਨਸੀ) ਪਹੁੰਚੇ ਜੋ ਬ੍ਰਾਹਮਣਾਂ, ਪੰਡਿਤਾਂ ਪੜ੍ਹੇ ਲਿਖੇ ਅਰਥਾਤ ਵਿੱਦਿਆ ਮਾਰਤੰਡਾਂ ਦਾ ਗੜ੍ਹ ਸੀ। ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ਗੁਰੂ ਜੀ ਤਕਰੀਬਨ 15 ਦਿਨ ਇੱਥੇ ਠਹਿਰੇ। ਬ੍ਰਾਹਮਣਾਂ ਦੇ ਮੁੱਖੀ ਚਤਰ ਦਾਸ ਨਾਲ ਜਦੋਂ ਗਿਆਨ ਗੋਸ਼ਟੀ ਲਈ ਗਏ ਤਾਂ ਉਸ ਨੇ ਪਹਿਲਾ ਸਵਾਲ ਹੀ ਇਹ ਕੀਤਾ। ਨਾਨਕ ਤੇਰੇ ਮੱਥੇ 'ਤੇ ਨਾ ਤਿਲਕ ਹੈ ਨਾ ਗਲ 'ਚ ਮਾਲਾ ਹੈ ਅਤੇ ਨਾ ਸਾਲਗ੍ਰਾਮ ਹੀ ਪਾਇਆ ਹੋਇਆ ਹੈ। ਤੈਨੂੰ ਕਾਹਦਾ ਗਿਆਨ ਹੈ? ਗੁਰੂ ਜੀ ਨੇ ਉੱਤਰ ਵਿੱਚ ਮਰਦਾਨੇ ਨਾਲ ਮਿਲ ਕੇ ਉੱਚੀ ਧੁਨ ਵਿੱਚ ਸ਼ਬਦ ਗਾਇਨ ਕੀਤਾ:

*ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤ ਤੁਲਸੀ ਮਾਲਾ॥*
*ਰਾਮ ਨਾਮੁ ਜਪੁ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ॥ (1170-71)*

ਭਾਵ ਚਤਰ ਦਾਸ ਜੀ ਤੁਹਾਡੀਆਂ ਗੱਲਾਂ ਤਾਂ ਬੰਦੇ ਨੂੰ ਭੇਖੀ ਬਨਾਉਣ ਵਾਲੀਆਂ ਹਨ। ਜੇਕਰ ਭੇਖ ਛੱਡ ਕੇ ਬੰਦਾ ਪ੍ਰਭੂ ਨਾਮ ਜਪਦਾ ਹੈ ਅਤੇ ਜੀਵਾਂ 'ਤੇ ਦਇਆ ਕਰਦਾ ਹੈ ਤਾਂ ਉਹ ਬਗਲੇ ਤੋਂ ਹੰਸ ਬਣ ਜਾਂਦਾ ਹੈ ਅਤੇ ਨਾਮ ਰੂਪੀ ਬੇੜੇ

'ਤੇ ਸੁਆਰ ਹੋ ਜੀਵਨ ਬਾਜ਼ੀ ਜਿੱਤ ਲੈਂਦਾ ਹੈ।

ਇੱਥੋਂ ਦੇ ਪੰਡਿਤਾਂ ਨੇ ਬਹਿਸ ਦੌਰਾਨ ਪੁੱਛਿਆ ਕਿ ਬੇਦਾਂ ਸੰਬੰਧੀ ਤੁਹਾਡਾ ਕੀ ਵਿਚਾਰ ਹੈ? ਸਤਿਗੁਰਾਂ ਉੱਤਰ ਦਿੱਤਾ, "ਬੇਦਾਂ ਵਿੱਚ ਨਾਮ ਹੈ ਅਤੇ ਪੁੰਨ ਪਾਪ ਦੀ ਵਿਚਾਰ ਹੈ। ਪਰ ਤੁਸੀਂ ਲੋਕ ਨਾਮ ਦੀ ਗੱਲ ਜੋ ਅਸਲੀ ਤੱਤਸਾਰ ਹੈ ਉਸ ਨੂੰ ਛੱਡ ਪਾਪ-ਪੁੰਨ 'ਤੇ ਜ਼ੋਰ ਦੇ ਰਹੇ ਹੋਂ ਅਤੇ ਮਿਹਨਤਕਸ਼ ਲੋਕਾਂ ਤੋਂ ਧਨ ਇਕੱਤਰ ਕਰ ਰਹੇ ਹੋਂ। ਲੋਕਾਈ ਨੂੰ ਭਰਮਾਉਣ, ਡਰਾਉਣ ਅਤੇ ਸ਼ੰਕਿਆਂ 'ਚ ਪਾਉਣਾ ਕੀ ਦਇਆ ਵਾਲੀ ਗੱਲ ਹੈ?

ਬਨਾਰਸ ਦਾ ਰਾਜਾ ਹਰਿਨਾਥ ਦਰਸ਼ਨਾਂ ਲਈ ਆਇਆ। ਉਸ ਨੂੰ ਸਮਝਾਇਆ ਕਿ ਇਹ ਰਾਜ ਭਾਗ ਪਿਛਲੇ ਚੰਗੇ ਕੀਤੇ ਕਰਮਾਂ ਦੀ ਨਿਸ਼ਾਨੀ ਹੈ। ਰਾਜ ਭਾਗ ਐਸਾ ਕਰੋ ਜਿਸ ਨਾਲ ਪਰਜਾ ਸੁਖੀ ਵਸੇ, ਗਰੀਬਾਂ ਤੇ ਦੀਨ ਦੁਖੀਆਂ ਦੀ ਸਹਾਇਤਾ ਹੋਵੇ ਅਤੇ ਸਾਰੀ ਪਰਜਾ ਨੂੰ ਇੱਕ ਅੱਖ ਨਾਲ ਦੇਖਿਆ ਜਾਵੇ ਤੇ ਸਾਰਿਆਂ ਨਾਲ ਇੱਕੋ ਜਿਹਾ ਸਲੂਕ ਹੋਵੇ। ਰੱਬ ਦੀ ਪ੍ਰਾਪਤੀ ਲਈ ਸਾਡਾ ਮਾਰਗ ਰਾਜ ਭਾਗ ਤਿਆਗ ਕੇ ਜੰਗਲਾਂ 'ਚ ਭਗਤੀ ਕਰਨ ਲਈ ਨਹੀਂ ਉਕਸਾਉਂਦਾ। ਪਰਮਾਤਮਾ ਦੀ ਆਤਮਾ ਤਾਂ ਸਾਡੇ ਸਰੀਰ ਵਿੱਚ ਹੀ ਹੈ। ਸੱਚੇ ਦਿਲ, ਪ੍ਰੇਮ ਸਹਿਤ ਅਤੇ ਸ਼ਰਧਾ ਨਾਲ ਉਸ ਮਾਲਕ ਤੱਕ ਪਹੁੰਚ ਹੋ ਸਕਦੀ ਹੈ।

ਬਨਾਰਸ ਵਿਖੇ ਗੁਰੂ ਨਾਨਕ ਦੇਵ ਜੀ ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਨੂੰ ਵੀ ਮਿਲੇ। ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ਗੁਰੂ ਨਾਨਕ ਦੇਵ ਜੀ 17 ਅੱਸੂ 1563 ਬਿਕਰਮੀ (ਸੰਨ 1506) ਨੂੰ ਭਗਤ ਕਬੀਰ ਜੀ ਨੂੰ ਕਾਸ਼ੀ ਨਗਰ ਪਾਸ ਪੂਸਾ ਨਾਮੀ ਪਿੰਡ ਵਿੱਚ ਮਿਲੇ ਅਤੇ 7 ਦਿਨ ਇੱਕਠੇ ਰਹੇ। ਉਸ ਵਖਤ ਕਬੀਰ ਜੀ ਦੀ ਆਯੂ 108 ਸਾਲ ਦੀ ਸੀ। ਭਗਤ ਕਬੀਰ ਜੀ ਨੇ ਸਤਿਗੁਰਾਂ ਪ੍ਰਤੀ ਭਾਰੀ ਸਨੇਹ, ਸੰਗਤੀ ਭਾਵ ਅਤੇ ਪ੍ਰੇਮ ਭਾਵਨਾ ਦਿਖਾਈ। ਇਸ ਗੋਸ਼ਟੀ ਵਿੱਚ ਸੱਚ ਦਾ ਢੰਡੋਰਾ ਦੇਣ ਵਾਲੇ ਅਤੇ ਕ੍ਰਾਂਤੀਕਾਰੀ ਭਾਵਨਾ ਦਾ ਪ੍ਰਗਟਾਵਾ ਕਰਨ ਵਾਲੇ ਨਿਧੱੜਕ ਕਬੀਰ ਜੀ ਨੇ ਇਨ੍ਹਾਂ ਪੱਥਰ ਪੂਜ ਅਤੇ ਪੱਥਰ ਦਿਲ ਬ੍ਰਹਮਣਾਂ ਬਾਰੇ ਇੱਥੋਂ ਤੱਕ ਕਹਿ ਦਿੱਤਾ:

*ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥*
*ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥*
*ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥ (476)*

ਗੁਰੂ ਨਾਨਕ ਦੇਵ ਜੀ ਨੇ ਵੀ ਉਚਾਰਿਆ:
*ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥*
*ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੈ ਪੂਜਹਿ ਪੁਰਾਣੁ॥ (472)*

ਗੁਰੂ ਸਾਹਿਬ ਭਗਤ ਰਵਿਦਾਸ ਜੀ ਨੂੰ ਵੀ ਮਿਲੇ ਜਿਨ੍ਹਾਂ ਨੇ ਜਾਤ-ਪਾਤ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਜੋ ਇੱਕ ਦੂਜੇ ਵਿਰੁੱਧ ਨਫ਼ਰਤ ਪੈਦਾ ਕਰਦੀ ਹੈ। ਉਹ ਉੱਚੀ ਜਾਤੀ ਦੇ ਲੋਕਾਂ ਵੱਲੋਂ ਕੀਤੇ ਜਾ ਰਹੇ ਭਾਰੀ ਵਿਰੋਧ ਦੇ ਬਾਵਜੂਦ ਪ੍ਰਭੂ ਦੀ ਪ੍ਰੇਮਾ ਭਗਤੀ, ਸਮਾਨਤਾ, ਸ਼ਾਂਤਮਈ ਅਤੇ ਸੁਹਿਰਦਤਾ ਦਾ ਪ੍ਰਚਾਰ ਡਟ ਕੇ ਕਰ ਰਹੇ ਸਨ। ਕਬੀਰ ਜੀ ਦੇ ਇਨ੍ਹਾਂ ਬਾਰੇ ਸ਼ਬਦ ਸਨ, 'ਸੰਤਨਿ ਮੇ ਰਵਿਦਾਸ ਸੰਤ ਹੈ'। ਸ੍ਰੀ ਗੁਰੂ ਰਾਮਦਾਸ ਜੀ ਨੇ ਭਗਤ ਰਵਿਦਾਸ ਜੀ ਦੀ ਅਵਸਥਾ ਬਾਰੇ ਇੰਵ ਬਿਆਨਿਆਂ :

*ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਏ॥ (733)*

ਗੁਰੂ ਨਾਨਕ ਦੇਵ ਜੀ ਨਾਲ ਮਿਲਣੀ ਸਮੇਂ ਭਗਤ ਜੀ ਦੀ ਉਮਰ 127 ਸਾਲ ਦੀ ਸੀ। ਗੁਰੂ ਨਾਨਕ ਦੇਵ ਜੀ ਦੀ ਇਨ੍ਹਾਂ ਭਗਤਾਂ ਨਾਲ ਮਿਲਣੀ ਸਮੇਂ ਮਹੌਲ ਕਿਤਨਾ ਵਿਸਮਾਦੀ, ਅਨੰਦਮਈ ਅਤੇ ਸੁਹਾਵਣਾ ਹੋਵੇਗਾ। ਭਾਈ ਮਰਦਾਨਾ ਜੀ ਕਿਤਨੇ ਵਡਭਾਗੇ ਸਨ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਇਨ੍ਹਾਂ ਭਗਤਾਂ ਦੇ ਨੂਰੀ ਚਿਹਰਿਆਂ ਨੂੰ ਤੱਕਿਆ ਅਤੇ ਆਪਣੀ ਰਬਾਬ ਰਾਹੀਂ ਪਰਮੇਸ਼ਰ ਦੀ ਉਸਤਤੀ ਗਾਈ। ਗੁਰੂ ਸਾਹਿਬ ਨੇ ਇਨ੍ਹਾਂ ਦੀ ਬਾਣੀ ਵੀ ਇੱਕਤਰ ਕੀਤੀ ਜੋ ਪੰਜਵੇਂ ਪਾਤਸ਼ਾਹ ਨੇ ਆਦਿ ਸ੍ਰੀ ਗੁਰੂ ਗ੍ਰੰਥ ਵਿੱਚ ਦਰਜ ਕੀਤੀ। ਭਗਤ ਦੀ ਪਰੀਭਾਸ਼ਾ ਰਵਿਦਾਸ ਜੀ ਨੇ ਬਹੁਤ ਹੀ ਸੁੰਦਰ ਸ਼ਬਦਾਂ ਵਿੱਚ ਦਰਸਾਈ ਹੈ:

SIKHBOOKCLUB.COM

*ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥ (858)*

ਸੰਸਾਰ ਅੰਦਰ ਖ਼ਾਸ ਕਰ ਜ਼ਿਆਦਾ ਪੜ੍ਹੇ ਲਿਖੇ ਅਤੇ ਪਦਾਰਥਵਾਦੀ ਕਹਿੰਦੇ ਹਨ ਕਿ ਸਾਨੂੰ ਸਬੂਤ ਦਿਉ ਪਰਮਾਤਮਾ ਦਾ। ਭਾਵ ਇਨ੍ਹਾਂ ਲੋਕਾਂ ਨੂੰ ਪਰਮਾਤਮਾ ਦੀ ਹੋਂਦ 'ਤੇ ਸ਼ੱਕ ਹੈ ਪਦਾਰਥ 'ਤੇ ਨਹੀਂ, ਜਿਸ ਨੇ ਪਦਾਰਥ ਪੈਦਾ ਕੀਤਾ ਹੈ। ਬਹੁਤਾ ਅਕਲਮੰਦ ਬੰਦਾ ਰੱਬ ਦੀ ਹੋਂਦ ਤੋਂ ਇਨਕਾਰੀ ਹੈ ਜਿਸ ਨੇ ਉਸ ਨੂੰ ਇਹ ਸੰਸਾਰ ਦਿਖਾਇਆ ਅਤੇ ਅਕਲ ਦਿੱਤੀ। ਉਹ ਕਹਿੰਦੇ ਨੇ ਐਸ਼ ਕਰੋ, ਖਾਉ, ਪੀਉ ਅਤੇ ਮੌਜਾਂ ਮਾਣੋ। ਪੰਜਾਬੀ ਦੀ ਅਖਾਣ ਵੀ ਇਨ੍ਹਾਂ ਘੜ ਦਿੱਤੀ, "ਇਹ ਜੱਗ ਮਿੱਠਾ ਅਗਲਾ ਕਿਸ ਨੇ ਡਿੱਠਾ"। ਪਰ ਭਗਤ ਦੇ ਬੋਲ ਨੇ :

*ਐਸੀ ਲਾਲ ਤੁਝ ਬਿਨੁ ਕਉਨੁ ਕਰੈ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ (1106)*
*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥ (487-488)*
*ਨਾਮੇ ਹਰਿ ਕਾ ਦਰਸਨੁ ਭਇਆ॥ (1164)*

ਮਗਹਰ ਨਜ਼ਦੀਕ ਗੁਰੂ ਸਾਹਿਬ ਜੀ ਦੀ ਯਾਦ ਵਿਚ ਗੋਰਖਪੁਰ ਵਿਖੇ ਗੁਰਦੁਆਰਾ ਸਾਹਿਬ ਸਥਿੱਤ ਹੈ। ਇੰਵ ਗੁਰੂ ਜੀ ਬ੍ਰਹਮਣਾਂ ਨੂੰ ਕੂੜ ਕ੍ਰਿਆਵਾਂ ਛੱਡਣ ਅਤੇ ਧਰਮ ਕਰਮ ਕਰਨ ਦਾ ਉਪਦੇਸ਼ ਦਿੰਦੇ ਹੋਏ ਅੱਗੇ ਗਯਾ ਦੇ ਅਸਥਾਨ 'ਤੇ ਪੁੱਜੇ ਜਿੱਥੇ ਮਹਾਤਮਾ ਬੁੱਧ ਨੂੰ ਰੱਬੀ ਗਿਆਨ ਪ੍ਰਾਪਤ ਹੋਇਆ ਸੀ। ਇੱਥੇ ਬੰਦੇ ਦੇ ਮਰਨ ਉਪਰੰਤ ਲੋਕ ਉਸ ਦੇ ਪਾਪ ਦੀ ਨਵਿਰਤੀ ਲਈ ਪਿੰਡ ਪੱਤਲ ਅਤੇ ਦੀਵਾ ਵੱਟੀ ਕਰਦੇ ਸਨ। ਸਤਿਗੁਰਾਂ ਨੂੰ ਵੀ ਪੁਜਾਰੀਆਂ ਨੇ ਪੁੱਛਿਆ ਕਿ ਤੁਸੀਂ ਕਿਸ ਦੀ ਪਿੰਡ ਪੱਤਲ ਅਤੇ ਦੀਵਾ ਵੱਟੀ ਕਰਾਉਣੀ ਹੈ ਤਾਂ ਉਨ੍ਹਾਂ ਕਿਹਾ, "ਸਾਡੇ ਲਈ ਤਾਂ ਪਰਮਾਤਮਾ ਦਾ ਨਾਮ ਹੀ ਸਭ ਕੁਝ ਹੈ ਜੋ ਅਸਲ ਵਿੱਚ ਪਾਪਾਂ ਅਤੇ ਦੁੱਖਾਂ ਦਾ ਨਾਸ ਕਰਦਾ ਹੈ। ਅਸੀਂ ਤਾਂ ਘਰੋਂ ਚੱਲੇ ਹੀ ਮਨੁੱਖਤਾ ਨੂੰ ਪ੍ਰਭੂ ਨਾਮ ਜਪਾਉਣ ਲਈ ਹਾਂ ਅਤੇ ਇਸ ਦੇ ਜਪਣ ਲਈ ਸਤਿ ਸੰਗਤ ਹੀ ਉਤੱਮ ਅਸਥਾਨ ਹੈ। ਬੋਧ ਗਯਾ ਦਾ ਮਹੰਤ ਦੇਵ ਗਿਰੀ ਬਾਬੇ ਨਾਨਕ ਦੀ ਗੱਲਬਾਤ ਤੋਂ ਐਸਾ ਪ੍ਰਭਾਵਤ ਹੋਇਆ ਕਿ ਕਰਮ ਧਰਮ ਤਿਆਗ ਕੇ ਪ੍ਰਭੂ ਭਗਤੀ 'ਚ ਲੀਨ ਹੋ ਗਿਆ। ਇਸ ਭਗਤੀ ਦੇ ਫ਼ਲ ਸਦਕਾ ਇਸ ਦੀ ਤੀਜੀ ਪੀੜ੍ਹੀ ਦੇ ਮਹੰਤ ਭਗਤ ਗਿਰੀ ਜੀ ਸਮੇਤ 360 ਚੇਲੇ ਛੇਵੇਂ ਪਾਤਸਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਸੇਵਕ ਬਣ ਗਏ। ਗਯਾ ਤੋਂ ਰਜੌਲੀ ਜਾ ਕੇ ਭੁਲੱਣ ਸ਼ਾਹ ਨੂੰ ਨਾਮ ਦੀ ਦਾਤ ਬਖਸ਼ੀ ਅਤੇ ਸਤਿ ਸੰਗਤ ਦੀ ਮਹਿਮਾ ਦਰਸਾਈ।

ਆਪਣੇ ਮਿਸ਼ਨ ਲਈ ਅੱਗੇ ਵਧਦੇ ਹੋਏ ਗੁਰੂ ਜੀ ਪਟਨੇ ਸ਼ਹਿਰ ਦੇ ਬਾਹਰਵਾਰ ਆ ਟਿਕੇ। ਆਪ ਤਾਂ ਸਤਿਗੁਰੂ ਭਜਨ ਬੰਦਗੀ 'ਚ ਜੁੜ ਗਏ ਅਤੇ ਮਰਦਾਨੇ ਨੂੰ ਭੋਜਨ ਲਿਆਉਣ ਲਈ ਇੱਕ ਲਾਲ ਰੰਗ ਦੀ ਵੱਟੀ ਦੇ ਦਿੱਤੀ। ਇਹ ਵਟੀ ਲੈ ਕੇ ਮਰਦਾਨਾ ਇੱਕ ਦੁਕਾਨ ਤੇ ਗਿਆ ਉਸ ਨੇ ਵੱਟੀ ਲੈ ਕੇ ਇੱਕ ਮੂਲੀ ਦੇ ਦਿੱਤੀ। ਭਾਈ ਮਰਦਾਨੇ ਨੇ ਇਹ ਸੌਦਾ ਠੀਕ ਨਾ ਸਮਝਿਆ ਅਤੇ ਵੱਟੀ ਮੁੜਵਾ ਲਈ। ਫੇਰ ਇੱਕ ਹਲਵਾਈ ਦੀ ਦੁਕਾਨ 'ਤੇ ਪਹੁੰਚਿਆ। ਉਸ ਨੇ ਵੱਟੀ ਦੇਖ ਕੇ ਇੱਕ ਸੇਰ ਮਠਿਆਈ ਤੋਲ ਦਿੱਤੀ। ਮਰਦਾਨੇ ਨੂੰ ਇਹ ਖ੍ਰੀਦ ਵੀ ਠੀਕ ਨਾ ਲੱਗੀ। ਅਖੀਰ ਕਈ ਦੁਕਾਨਾਂ 'ਤੇ ਫਿਰ ਕੇ ਸਾਲਸ ਰਾਇ ਜੌਹਰੀ ਕੋਲ ਪਹੁੰਚਿਆ। ਉਸ ਨੇ ਵੱਟੀ ਪਰਖ ਕੇ 100 ਦਮੜੇ ਦਰਸ਼ਨੀ ਭੇਟਾ ਗੁਰਾਂ ਲਈ ਦਿੱਤੇ ਅਤੇ ਫਿਰ ਇਹ ਕੀਮਤੀ ਵੱਟੀ ਵੀ ਮੋੜ ਦਿੱਤੀ। ਨਾਲ ਹੀ ਗੁਰੂ ਜੀ ਦਾ ਟਿਕਾਣਾ ਪੁੱਛ ਕੇ ਆਪਣੇ ਨੌਕਰ ਅਧਰਕਾ ਕੋਲ ਖਾਣਾ ਤਿਆਰ ਕਰਵਾ ਕੇ ਭੇਜ ਦਿੱਤਾ। ਭਾਈ ਮਰਦਾਨੇ ਨੇ ਆ ਕੇ 100 ਦਮੜੇ ਅਤੇ ਵੱਟੀ ਗੁਰਾਂ ਦੇ ਚਰਨਾ 'ਤੇ ਰੱਖ ਦਿੱਤੀ ਅਤੇ ਸਾਰੀ ਵਾਰਤਾ ਵੀ ਸੁਣਾ ਦਿੱਤੀ। ਗੁਰੂ ਜੀ ਕਹਿੰਦੇ, "ਮਰਦਾਨਿਆਂ! ਦੇਖਿਆ, ਲਾਲਾਂ ਦੀ ਕੀਮਤ ਕੋਈ ਸੱਚੇ ਦਿਲ ਵਾਲਾ ਪੁਰਖ਼ ਹੀ ਪਾ ਸਕਦਾ ਹੈ। ਖੜ੍ਹੇ ਪੈਰੀਂ ਜਾਹ ਅਤੇ ਇਹ ਪੈਸੇ ਜੌਹਰੀ ਨੂੰ ਵਾਪਸ ਕਰ ਆ। ਮਰਦਾਨਾ ਭਾਵੇਂ ਥੱਕਾ-ਟੁੱਟਾ ਵੀ ਸੀ

ਅਤੇ ਭੁੱਖਾ ਵੀ ਪਰ ਸਾਹਿਬਾਂ ਦਾ ਹੁਕਮ ਮੰਨ ਕੇ ਵਾਪਸ ਜੌਹਰੀ ਕੋਲ ਗਿਆ ਅਤੇ ਕਿਹਾ ਕਿ ਇਹ ਆਪਦਾ ਧਨ ਵਾਪਸ ਲੈ ਲਵੋ। ਪੀਰ ਜੀ ਕਿਸੇ ਦਾ ਧਨ ਨਹੀਂ ਲੈਂਦੇ, ਬੜੇ ਤਿਆਗੀ ਹਨ। ਸਾਲਸ ਰਾਏ ਨੇ ਮਨ 'ਚ ਵਿਚਾਰਿਆ ਕਿ ਉਹ ਪੀਰ ਤਾਂ ਬਹੁਤ ਮਹਾਨ ਲਗਦਾ ਹੈ। ਇੱਕੋ ਦਮ ਆਪਣਾ ਕਾਰੋਬਾਰ ਛੱਡ ਮਰਦਾਨੇ ਨਾਲ ਦਰਸ਼ਨਾਂ ਲਈ ਗੁਰੂ ਜੀ ਪਾਸ ਪਹੁੰਚ ਗਿਆ। ਜਾ ਕੇ ਨਮਸਕਾਰ ਕੀਤੀ ਅਤੇ ਸਤਿਗੁਰਾਂ ਦਾ ਤਜੱਸਵੀ ਚਿਹਰਾ ਤੱਕ ਨਦਰੋਂ ਨਦਰ ਨਿਹਾਲ ਹੋ ਗਿਆ। ਸਤਿਗੁਰਾਂ ਤੇ ਮਰਦਾਨੇ ਨੇ ਸਾਲਸ ਰਾਏ ਦਾ ਭੇਜਿਆ ਲੰਗਰ ਛਕਿਆ ਅਤੇ ਪਰਮੇਸ਼ਰ ਪਾਸ ਅਰਜੋਈ ਕੀਤੀ:

*ਸਾਲਸ ਬਿਨਵੈ ਬੇਨਤੀ ਸੁਣ ਲੈ ਤੂੰ ਕਰਤਾਰ॥*
*ਕਾਚੇ ਰੰਗ ਉਤਾਰਕੇ ਸਾਚੇ ਰੰਗ ਅਪਾਰ॥*

ਸਾਲਸ ਰਾਏ ਨੇ ਕਿਹਾ,"ਮਹਾਰਾਜ! ਮੇਰੇ ਗ੍ਰਹਿ ਵਿਖੇ ਚਰਨ ਪਾਉ"। ਉੱਤਰ ਦਿੱਤਾ, "ਅਸੀਂ ਅੱਗੇ ਜਾਣਾ ਹੈ। ਤੇਰੇ ਨਾਲ ਵਾਅਦਾ ਕਰਦੇ ਹਾਂ ਕਿ ਦਸਵੇਂ ਜਾਮੇ 'ਚ ਅਸੀਂ ਤੇਰੇ ਘਰ ਜ਼ਰੂਰ ਆਵਾਂਗੇ"। ਸਾਲਸ ਰਾਏ ਨੂੰ 'ਮੰਜੀ' ਬਖਸ਼ੀ ਅਤੇ ਕਿਹਾ ਸਿੱਖੀ ਦਾ ਪ੍ਰਚਾਰ ਕਰੋ, ਨਾਮ ਜਪੋ ਅਤੇ ਹੋਰਨਾਂ ਨੂੰ ਵੀ ਜਪਾਉ। ਸਾਲਸ ਰਾਏ ਦੇ ਨੌਕਰ ਅਧਰਕਾ ਨੂੰ ਵੀ ਸਿੱਖੀ ਬਖਸ਼ੀ। ਸਾਲਸ ਰਾਏ ਦੀ ਕੁੱਲ ਵਿੱਚ ਰਤਨ ਚੰਦ ਹੋਇਆ ਹੈ ਇਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਦਸਵੇਂ ਨਾਨਕ ਦੇ ਸਰੂਪ) ਦੇ ਦਰਸ਼ਨ ਕੀਤੇ। ਦਸਵੇਂ ਪਾਤਸ਼ਾਹ ਰਤਨ ਚੰਦ ਦੇ ਘਰ ਬਾਲ ਅਵਸਥਾ ਵਿੱਚ ਬਹੁਤ ਵਾਰ ਖੇਡਣ ਜਾਂਦੇ। ਰਤਨ ਚੰਦ ਦੀ ਰਾਣੀ ਬਾਲ ਗੋਬਿੰਦ ਰਾਏ ਨੂੰ ਤਲੇ ਹੋਏ ਛੋਲੇ ਛਕਾਉਂਦੀ ਸੀ। ਉਨ੍ਹਾਂ ਦੇ ਗ੍ਰਹਿ ਵਿਖੇ ਗੁਰਦੁਆਰਾ 'ਮੈਣੀ ਸੰਗਤ" ਸੁਸ਼ੋਭਤ ਹੈ। ਇੱਥੇ ਸੰਗਤਾਂ ਨੂੰ ਹੁਣ ਵੀ ਛੋਲਿਆਂ ਦਾ ਲੰਗਰ ਛਕਾਇਆ ਜਾਂਦਾ ਹੈ।

SIKHBOOKCLUB.COM

ਪਟਨਾ ਤੋਂ ਚੱਲ ਮੁੰਘੇਰ ਹੁੰਦੇ ਹੋਏ ਮਾਲਦਾ ਪਹੁੰਚੇ। ਮਾਲਦਾ ਤੋਂ ਮੁਖਸੂਦਾਬਾਦ (ਮੁਰਸ਼ਦਾਬਾਦ) ਜਾ ਕੇ ਭਗਤ ਸੂਜੇ ਨੂੰ ਨਾਮ ਬਾਣੀ ਅਤੇ ਸੰਗਤ ਦੀ ਕਲਾ ਦਰਸਾਈ। ਅੱਗੇ ਕਲੇਰੀ ਨਦੀ ਪਾਰ ਕਰ ਕੇ ਬੰਗਾਲ ਵਿੱਚ ਲੋਕਾਂ ਨੂੰ ਜਾਦੂ ਟੂਣੇ ਕਰਨ ਤੋਂ ਵਰਜਿਆ। ਆਸਾਮ ਵਿੱਚ ਬਾਮ ਮਾਰਗੀਆਂ ਦਾ ਜ਼ੋਰ ਸੀ। ਇਹ ਨਰਕ ਤੇ ਸੁਰਗ ਦੀ ਗੱਲ ਕਰ ਕੇ ਭੋਲੀ ਭਾਲੀ ਜਨਤਾ ਨੂੰ ਲੁੱਟਦੇ ਸਨ। ਅਸ਼ਵਮੇਘ ਯੱਗ ਕਰਨ ਸਮੇਂ ਘੋੜੇ ਵੱਢ ਕੇ ਅਤੇ ਗੋਮੇਧ ਯੱਗ 'ਚ ਗਊਆਂ ਵੱਢ ਕੇ ਬ੍ਰਹਮਣਾਂ ਨੂੰ ਭੋਜਨ ਕਰਾਉਂਦੇ ਸਨ। ਇਹ ਮਹਾਂਕਾਮੀ ਅਤੇ ਮਦਰਾਪਾਮੀ ਸਨ। ਗੁਰੂ ਸਾਹਿਬ ਐਸੇ ਨਿਲੱਜ ਲੋਕਾਂ ਨੂੰ ਸ਼ਬਦ ਅਤੇ ਸੁਰ ਦੇ ਸੁਮੇਲ ਰਾਹੀਂ ਸਹੀ ਜੀਵਨ ਮਾਰਗ 'ਤੇ ਚਲਾਉਣ ਲਈ ਇੱਥੇ ਪਹੁੰਚੇ।

ਗੁਹਾਟੀ ਵਿਖੇ ਭਾਈ ਮਰਦਾਨਾ ਭੋਜਨ ਛਕਣ ਬਾਜ਼ਾਰ 'ਚ ਗਿਆ। ਲੋਕ ਇਸ ਨੂੰ ਪਰੀਆਂ ਦਾ ਦੇਸ਼ ਵੀ ਕਹਿੰਦੇ ਸਨ ਅਤੇ ਇੱਥੇ ਦੀਆਂ ਇਸਤਰੀਆਂ ਵੀ ਕਾਮੀ ਸਨ। ਨੂਰ-ਉਨਿਸ਼ਾ ਨਾਮ ਦੀ ਇਸਤਰੀ ਹੂਰਾਂ ਦੀ ਹੂਰ ਹੋਣ ਕਰਕੇ ਜਵਾਨੀ ਪੱਖੋਂ ਬਹੁਤ ਮਗਰੂਰ ਰਹਿੰਦੀ ਸੀ ਅਤੇ ਦੂਰ ਦੂਰ ਤੱਕ ਮਸ਼ਹੂਰ ਸੀ। ਉਸ ਦੀ ਦਿਖ ਹਰ ਬੰਦੇ ਨੂੰ ਉਸ ਵੱਲ ਦੇਖਣ ਲਈ ਮਜਬੂਰ ਕਰ ਦਿੰਦੀ ਸੀ। ਕੁਦਰਤੀ ਮਰਦਾਨਾ ਵੀ ਜਦੋਂ ਉਹਨਾਂ ਦੇ ਘਰ ਕੋਲੋ ਦੀ ਲੰਘਣ ਲੱਗਿਆ ਤਾਂ ਨੂਰ-ਉਨਿਸ਼ਾ ਨੇ ਇਸ ਨੂੰ ਕੀਲਣ ਦੀ ਕੋਸ਼ਿਸ਼ ਕੀਤੀ। ਅੰਤਰਜਾਮੀ ਗੁਰੂ ਜੀ ਨੇ ਜਾਣ ਲਿਆ ਕਿ ਭਾਈ ਮਰਦਾਨਾ ਕਿਤੇ ਐਸੀ ਜ਼ਨਾਨੀ ਦੇ ਚੁੰਗਲ ਵਿੱਚ ਫਸ ਨਾ ਜਾਵੇ। ਤਾਂ ਗੁਰੂ ਜੀ ਇਸ ਦੇ ਘਰ ਪਹੁੰਚ ਗਏ। ਨੂਰਾਂ ਨੇ ਬਾਬੇ 'ਤੇ ਵੀ ਆਪਣੇ ਹੁਸਨ ਅਤੇ ਨੈਣਾਂ ਦਾ ਤੀਰ ਚਲਾਉਣਾ ਚਾਹਿਆ। ਤਦ ਗੁਰੂ ਬਾਬੇ ਨੇ ਇਸ ਨੂੰ ਸਮਝਾਇਆ ਕਿ ਬੱਚੀ ਸ਼ਰਮ ਔਰਤ ਦਾ ਗਹਿਣਾ ਹੁੰਦਾ ਹੈ। ਦੇਖ ਤੈਨੂੰ ਪ੍ਰਭੂ ਨੇ ਸੋਨੇ ਵਰਗਾ ਸਰੀਰ ਦਿੱਤਾ ਹੈ। ਇਹ ਪਰਾਏ ਬੰਦਿਆਂ ਨੂੰ ਫਸਾਉਣ, ਭਰਮਾਉਣ ਅਤੇ ਲੁਟਾਉਣ ਲਈ ਨਹੀਂ ਸਗੋਂ ਉਸ ਦਾਤੇ ਦਾ ਨਾਮ ਜਪਣ ਅਤੇ ਦੂਜਿਆਂ ਨੂੰ ਜਪਾਉਣ ਲਈ ਹੈ। ਸਤਿਗੁਰਾਂ ਦੇ ਵਡਮੁੱਲੇ ਬੋਲ ਸੁਣ ਕੇ ਇਸ ਨੇ ਭੁੱਲ ਬਖਸ਼ਾਈ। ਫਿਰ ਬੇਨਤੀ ਕਰ ਕੇ ਭੋਜਨ ਛਕਾਉਣਾ ਚਾਹਿਆ। ਸਤਿਗੁਰਾਂ ਆਖਿਆ, "ਬੱਚੀ, ਤੇਰਾ ਭੋਜਨ ਤਾਂ ਛਕਾਂਗੇ ਜੇਕਰ ਅੱਗੇ ਵਾਸਤੇ ਕੁਕਰਮ ਨਹੀਂ ਕਰੇਂਗੀ ਅਤੇ ਹੱਥੀਂ ਕਮਾਈ ਕਰਕੇ ਜੀਵਨ ਗੁਜ਼ਾਰਾ ਕਰੇਗੀ"। ਇਨ੍ਹਾਂ ਭੈੜੀਆਂ ਗੱਲਾਂ ਛੱਡਣ ਦਾ ਵਾਅਦਾ ਕਰ ਕੇ ਸਤਿਗੁਰਾਂ ਅਤੇ ਭਾਈ ਮਰਦਾਨੇ ਨੂੰ ਹੱਥੀਂ ਤਿਆਰ ਕਰ ਕੇ ਖਿਚੜੀ ਛਕਾਈ। ਸਤਿਗੁਰਾਂ ਇਸ ਨੂੰ ਸਿੱਖੀ ਬਖਸ਼ੀ ਅਤੇ ਉਹਨਾਂ ਪਾਸ ਜੋ ਬਰਛਾ ਸੀ ਉਹ ਇਸ ਦੇ ਘਰ 'ਚ ਗੱਡ ਦਿੱਤਾ। ਇਕੱਠੀ ਹੋਈ ਸੰਗਤ ਨੂੰ ਧਰਮਸ਼ਾਲਾ ਬਨਾਉਣ ਲਈ ਆਖਿਆ। ਅੱਜ ਕਲ੍ਹ ਇਹ ਅਸਥਾਨ 'ਬਰਛਾ ਸਾਹਿਬ' ਦੇ ਨਾਂ 'ਤੇ ਪ੍ਰਸਿੱਧ ਹੈ। ਅਸਲ ਵਿੱਚ ਗੁਰੂ ਸਾਹਿਬ ਨੇ ਸਮੱਸਿਆਵਾਂ ਦੇ ਹੱਲ ਲਈ ਉਸ ਇਨਸਾਨ , ਸੰਘ ਅਤੇ ਸੰਸਥਾ ਨੂੰ ਹੀ ਹੱਥ ਪਾਇਆ ਜਿੱਥੋਂ ਬੀਮਾਰੀ ਉਪਜਦੀ ਸੀ। ਜਿਵੇਂ ਚੋਰ ਨੂੰ ਨਾ ਸਮਝਾਉ, ਉਸ ਨੂੰ ਚੋਰੀ ਤੋਂ ਹਟਾਉਣ ਲਈ ਉਸ ਦੀ ਮਾਂ ਨੂੰ ਸਮਝਾਉ ਵਾਲੀ ਆਮ ਕਹਾਵਤ ਹੈ।

ਅੱਗੇ ਬੀਰ ਭੂਮ ਦੇ ਨਗਰ ਕੇਂਦਲੀ ਪਹੁੰਚੇ ਜਿੱਥੇ ਭਗਤ ਜੈ ਦੇਵ ਜਨਮੇ ਸਨ। ਫਿਰ ਸਿਲਹਟ, ਇੰਫਾਲ, ਧੂਬੜੀ, ਮਨੀਪੁਰ, ਕੁਹੀਮਾ ਅਤੇ ਗੁਹਾਟੀ ਹੁੰਦੇ ਹੋਏ ਭੰਡਾ ਬਾਢੀ ਗਏ। ਇਨ੍ਹਾਂ ਥਾਵਾਂ 'ਤੇ ਪੱਥਰਾਂ ਦੀ ਪੂਜਾ ਕਰਨ ਤੋਂ ਵਰਜਿਆ। ਆਸਾਮ ਦੇ ਸ਼ੰਕਰ ਦੇਵ ਨੂੰ ਬੁੱਤ ਪ੍ਰਸਤੀ ਤੋਂ ਹਟਾ ਕੇ ਸ਼ਬਦ ਦੇ ਲੜ ਲਾਇਆ। ਇੱਥੋਂ ਦੇ ਰਾਜੇ ਦੀ ਰਾਣੀ ਗੌਰ ਜਾਨ ਨੇ ਸਤਿਗੁਰਾਂ ਦੀ ਦੀਖਿਆ ਲੈ ਕੇ ਸਿੱਖੀ ਧਾਰਨ ਕੀਤੀ। ਰਾਣੀ ਦਾ ਪੋਤਰਾ ਗੁਰੂ ਤੇਗ ਬਹਾਦਰ (ਨਾਨਕ ਦੀ ਨੌਵੀਂ ਜੋਤ)

SIKHBOOKCLUB.COM

ਦੀ ਸ਼ਰਨ ਲਈ ਪਹੁੰਚੇ। ਇਸ ਦੇ ਪੜਪੋਤਰੇ ਰਤਨ ਰਾਏ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਆਨੰਦਪੁਰ ਸਾਹਿਬ ਆ ਕੇ ਕੀਤੇ ਅਤੇ ਪ੍ਰਸਾਦੀ ਹਾਥੀ ਸਮੇਤ ਸ਼ਸਤਰ ਅਤੇ ਕੀਮਤੀ ਬਸਤਰ ਭੇਂਟ ਕੀਤੇ।

ਆਸਾਮ ਤੋਂ ਪ੍ਰਚਾਰ ਕਰਦੇ ਹੋਏ ਕਲਕੱਤੇ ਆ ਪਹੁੰਚੇ। ਭਾਈ ਮਰਦਾਨੇ ਦੀ ਰਬਾਬ ਦੀਆਂ ਤਰੰਗਾਂ ਅਤੇ ਬਾਬੇ ਦੇ ਅਰਸ਼ੀ ਬੋਲ ਸੁਣ ਫ਼ਰਸ਼ 'ਤੇ ਰੌਣਕ ਹੋਣ ਲੱਗੀ। ਬਹੁਤੀ ਸੰਗਤ ਜੁੜਨ ਕਰ ਕੇ ਇੱਥੇ 'ਬੜਾ ਸੰਗਤ' ਗੁਰਦੁਆਰਾ ਸਾਹਿਬ ਸਥਿੱਤ ਹੈ। ਕਲਕੱਤੇ ਵਿਖੇ ਵਾਸਕੋਡੀਗਾਮਾ ਨਾਲ ਵੀ ਗੱਲਬਾਤ ਕੀਤੀ।

ਜਗਨਨਾਥ ਪੁਰੀ ਜੋ ਉੜੀਸਾ ਵਿੱਚ ਹੈ, ਹਿੰਦੂਆਂ ਦਾ ਪ੍ਰਮੁੱਖ ਧਾਰਮਿਕ ਸਥਾਨ ਗਿਣਿਆ ਜਾਂਦਾ ਹੈ। ਇੱਥੇ ਦੀ ਆਰਤੀ ਜੋ ਸੰਧਿਆ ਸਮੇਂ ਕੀਤੀ ਜਾਂਦੀ ਹੈ ਬਹੁਤ ਮਸ਼ਹੂਰ ਹੈ। ਸੰਨ 1504 ਤੋਂ 1532 ਤੱਕ ਪ੍ਰਤਾਪ ਰੁਦਰ ਦੇਵ ਉੜੀਸਾ ਦਾ ਰਾਜਾ ਸੀ। ਇਸ ਦੇ ਰਾਜ ਦੌਰਾਨ ਬੋਧੀਆਂ ਅਤੇ ਵੈਸ਼ਨਵ ਹਿੰਦੂਆਂ ਵਿਚਕਾਰ ਸਿਰੇ ਦੀ ਖਹਿਵਾਜੀ ਸੀ। ਗਾਥਾ ਅਨੁਸਾਰ ਕ੍ਰਿਸ਼ਨ ਜੀ ਆਪਣਾ ਦੁਆਰਕਾ ਦਾ ਰਾਜ ਭਾਗ ਤਿਆਗ ਕੇ ਇੱਥੇ ਜੰਗਲ 'ਚ ਲੇਟੇ ਪਏ ਸੀ। ਉਨ੍ਹਾਂ ਦੇ ਪੈਰ ਦਾ ਪਦਮ ਚਮਕਣ ਕਰ ਕੇ ਇੱਕ ਸ਼ਿਕਾਰੀ ਨੇ ਭੁਲੇਖੇ ਨਾਲ ਤੀਰ ਮਾਰਿਆ ਜਿਸ ਨਾਲ ਕ੍ਰਿਸ਼ਨ ਜੀ ਪ੍ਰਾਣ ਤਿਆਗ ਗਏ। ਉਪਰੰਤ ਉਨ੍ਹਾਂ ਦੀਆਂ ਹੱਡੀਆਂ ਇੱਕ ਸੰਦੂਕੜੀ ਵਿੱਚ ਸਾਂਭੀਆਂ ਗਈਆਂ। ਕਥਾ ਅਨੁਸਾਰ ਰਾਜਾ ਇੰਦਰ ਦਿਉਮਨ ਨੂੰ ਵਿਸ਼ਨੂੰ ਨੇ ਸੁਪਨੇ ਵਿੱਚ ਕਿਹਾ ਕਿ ਕ੍ਰਿਸ਼ਨ ਜੀ ਦੀਆਂ ਅਸਥੀਆਂ ਜੋ ਸੰਦੂਕੜੀ ਵਿੱਚ ਹਨ ਇੱਕ ਲੱਕੜ ਦੀ ਮੂਰਤੀ ਬਣਾ ਕੇ ਉਸ ਵਿੱਚ ਰੱਖੋ। ਪਰ ਜਿਤਨਾ ਚਿਰ ਤੱਕ ਮੂਰਤੀ ਪੂਰੀ ਨਾ ਬਣੇ ਇਸ ਨੂੰ ਕੋਈ ਨਾ ਦੇਖੇ। ਕਹਿੰਦੇ ਨੇ ਰਾਜਾ ਇੰਦਰ ਦਿਉਮਨ 15 ਦਿਨ ਪਿੱਛੋਂ ਹੀ ਇਸ ਮੂਰਤੀ ਨੂੰ ਜੋ ਅਧੂਰੀ (ਹੱਥ ਪੈਰ ਬਿਨਾ) ਸੀ ਦੇਖਣ ਨੂੰ ਖਹਿੜੇ ਪੈ ਗਿਆ ਅਤੇ ਦੇਖ ਲਈ। ਆਰ. ਡੀ. ਬੈਨਰਜੀ ਨੇ History of Orissa ਦੇ ਪੰਨਾ 325 'ਤੇ ਲਿਖਿਆ ਹੈ ਕਿ ਇਸ ਮੂਰਤੀ ਨੂੰ ਅੱਖਾਂ ਅਤੇ ਆਤਮਾ ਬ੍ਰਹਮਾ ਨੇ ਦਿੱਤੀਆਂ। ਹਿੰਦੂ ਧਰਮ ਅੰਦਰ ਮੂਰਤੀਆਂ ਆਮ ਕਰ ਕੇ ਪੱਥਰ ਜਾਂ ਕਿਸੇ ਧਾਤ ਦੀਆਂ ਦੇਖਣ ਨੂੰ ਮਿਲਦੀਆਂ ਹਨ ਪਰ ਇਹ ਇੱਕੋ ਇੱਕ ਮੂਰਤੀ ਲੱਕੜ ਦੀ ਹੈ।

ਜਗਨਨਾਥ ਪੁਰੀ ਵਿਖੇ ਹਾੜ੍ਹ ਦੀ ਦੂਜ ਨੂੰ ਚਾਰ ਮੂਰਤੀਆਂ (ਕ੍ਰਿਸ਼ਨ, ਬ੍ਰਹਮਾ, ਸੁਭੱਦਰਾ, ਬਲਰਾਮ) ਦੀਆਂ ਨਾਲ ਜਲੂਸ ਕੱਢਿਆ ਜਾਂਦਾ ਹੈ। ਇਹ ਮੂਰਤੀਆਂ ਤਿੰਨ ਰਥਾਂ 'ਤੇ ਟਿਕਾਈਆਂ ਜਾਂਦੀਆਂ ਹਨ। ਪੁਰੀ ਦਾ ਰਾਜਾ ਅੱਗੇ ਅੱਗੇ ਝਾੜੂ ਦਿੰਦਾ ਹੈ। ਲੱਖਾਂ ਦੀ ਗਿਣਤੀ 'ਚ ਸ਼ਰਧਾਲੂ ਇੱਥੇ ਪਹੁੰਚਦੇ ਹਨ। ਇਹ ਯਾਤਰਾ 8 ਦਿਨ ਚਲਦੀ ਹੈ।

SIKHBOOKCLUB.COM

ਗੁਰੂ ਨਾਨਕ ਦੇਵ ਵੀ ਉਹਨੀ ਦਿਨੀਂ ਉੱਥੇ ਪਹੁੰਚ ਗਏ। ਜਦੋਂ ਇਹ ਪਾਂਡੇ ਅਤੇ ਲੋਕ ਮੰਦਰ ਵਿੱਚ ਖੜ੍ਹ ਕੇ ਆਰਤੀ ਕਰ ਰਹੇ ਸਨ ਤਾਂ ਗੁਰੂ ਜੀ ਮੰਦਰ ਦੇ ਦਰਵਾਜ਼ੇ ਕੋਲ ਬੈਠ ਕੇ ਸਾਰਾ ਨਜ਼ਾਰਾ ਤੱਕਦੇ ਰਹੇ। ਜਦੋਂ ਆਰਤੀ ਖ਼ਤਮ ਹੋਈ ਤਾਂ ਪੰਡਤਾਂ ਨੇ ਸਤਿਗੁਰਾਂ ਅਤੇ ਮਰਦਾਨੇ ਨੂੰ ਪੁੱਛਿਆ ਕਿ ਤੁਸੀਂ ਆਰਤੀ ਲਈ ਕਿਉਂ ਨਹੀਂ ਖੜ੍ਹੇ ਹੋਏ? ਗੁੱਸਾ ਵੀ ਜ਼ਾਹਿਰ ਕੀਤਾ ਅਤੇ ਭੱਦੇ ਸ਼ਬਦ ਵੀ ਬੋਲੇ। ਗੁਰੂ ਜੀ ਨੇ ਉੱਤਰ ਦਿੱਤਾ, "ਤੁਸੀਂ ਇੱਕ ਪ੍ਰਾਣੀ ਅਰਥਾਤ ਕ੍ਰਿਸ਼ਨ ਜੀ ਅਵਤਾਰ ਦੀ ਮੂਰਤੀ, ਉਹ ਵੀ ਲੱਕੜ ਦੀ ਮੂਰਤੀ, ਜਿਸ ਦੇ ਨਾ ਹੱਥ ਹਨ ਨਾ ਪੈਰ, ਉਸ ਅੱਗੇ ਥਾਲ ਵਿੱਚ ਦੀਵਾ ਰੱਖ ਕੇ ਆਰਤੀ ਕਰ ਰਹੇ ਹੋ। ਪਰ ਅਸੀਂ ਤਾਂ ਉਸ ਪਰਮਾਤਮਾ ਦੀ ਆਰਤੀ ਕਰਦੇ ਹਾਂ ਜਿਸ ਨੇ ਕ੍ਰਿਸ਼ਨ ਜੀ ਵਿੱਚ ਆਤਮਾ ਟਿਕਾਈ ਸੀ। ਗੁਰੂ ਸਾਹਿਬ ਨੇ ਕਿਹਾ ਆਉ ਅਸੀਂ ਤੁਹਾਨੂੰ ਦਰਸਾਉਂਦੇ ਹਾਂ ਕਿ ਪ੍ਰਭੂ ਦੀ ਸੱਚੀ ਆਰਤੀ ਕੀ ਹੈ? ਮੰਦਰ ਅੱਗੋਂ ਉੱਠ ਕੇ ਥੋੜ੍ਹੀ ਦੂਰੀ 'ਤੇ ਜਾ ਕੇ ਮਰਦਾਨੇ ਨੂੰ ਕਿਹਾ, **"ਮਰਦਾਨਿਆਂ! ਰਬਾਬ ਬਜਾਇ ਖ਼ੁਦਾਇ ਕੀ ਆਰਤੀ ਕਰੀਏ"। ਸਤਿਗੁਰਾਂ** ਧਨਾਸਰੀ ਰਾਗ ਵਿੱਚ ਇਹ ਸ਼ਬਦ ਉਚਾਰਨ ਕੀਤਾ:

> *ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ॥*
> *ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ (13)*
> *ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥*
> *ਅਨਹਤਾ ਸਬਦ ਵਾਜੰਤ ਭੇਰੀ॥ ਰਹਾਉ॥......(13)*

SIKHBOOKCLUB.COM

ਭਾਵ ਮਾਲਕ ਪ੍ਰਭੂ ਦੀ ਆਰਤੀ ਤਾਂ ਸਾਰੇ ਗ੍ਰਹਿ ਅਤੇ ਬਨਸਪਤੀ ਹਰ ਵਖ਼ਤ ਕਰੀ ਜਾ ਰਹੇ ਹਨ। ਅਕਾਸ਼ ਮਾਨੋ ਥਾਲ ਹੈ ਜਿਸ ਵਿੱਚ ਸੂਰਜ ਤੇ ਚੰਦ ਦੀਵੇ ਹਨ ਅਤੇ ਤਾਰੇ ਮੋਤੀਆਂ ਦੀ ਨਿਆਈਂ ਟਿਕਾਏ ਹੋਏ ਹਨ। ਮਲਯ ਨਾਮੀ ਦੱਖਣੀ ਪਰਬਤ ਜਿਸ ਉੱਪਰ ਚੰਦਨ ਦੇ ਬੇਅੰਤ ਬੂਟੇ ਹਨ, ਵੱਲੋਂ ਆ ਰਹੀ ਹਵਾ ਧੂਪ ਦੀ ਤਰ੍ਹਾਂ ਹੈ, ਹਵਾ ਉਸ ਉੱਪਰ ਚੌਰ ਕਰ ਰਹੀ ਹੈ ਅਤੇ ਬਨਸਪਤੀ ਫੁੱਲ ਭੇਂਟ ਕਰ ਰਹੀ ਹੈ। ਇੰਞ ਇੱਕੋ ਜੀਵਨ ਰੌ ਲਈ ਮਾਨੋ ਸੁਰੀਲੀ ਆਵਾਜ਼ ਦੇ ਨਗਾਰੇ ਵੱਜ ਰਹੇ ਹਨ। ਉਸ ਪ੍ਰਭੂ ਦੀ ਜੋਤ ਸਭ ਜੀਵਾਂ ਅਤੇ ਨਿਰਜੀਵਾਂ ਵਿੱਚ ਵਿਆਪਕ ਹੈ। ਬੰਦੇ ਨੂੰ ਪ੍ਰਭੂ ਦੀ ਰਜ਼ਾ ਵਿੱਚ ਚਲਣਾ ਹੀ ਅਸਲ ਆਰਤੀ ਹੈ। ਨਾਨਕ ਪਪੀਹੇ ਨੂੰ ਤਾਂ ਉਸ ਦੇ ਚਰਨਾਂ ਦੇ ਨਾਮ ਰਸ ਦੀ ਪਿਆਸ ਲੱਗੀ ਹੋਈ ਹੈ ਜਿਹੜੇ ਰਸ ਨਾਲ ਪ੍ਰਭੂ ਰੀਝਦਾ ਹੈ। ਸੋ ਛੋਟੇ ਜਿਹੇ ਥਾਲ ਵਿੱਚ ਦੀਵੇ ਜਗਾ ਕੇ, ਵਿੱਚ ਕੁਝ ਫੁੱਲ ਆਦਿ ਟਿਕਾ ਕੇ ਕੀਤੀ ਆਰਤੀ ਤਾਂ ਵਿਅਰਥ ਹੈ।

ਅੱਗੇ ਢਾਕੇ ਵੱਲ ਨੂੰ ਚਾਲੇ ਪਾ ਦਿੱਤੇ। ਚੌਮਾਸੇ ਦੇ ਦਿਨ ਸਨ, ਰਸਤਾ ਵੀ ਉਜਾੜ ਬੀਆਬਾਨ ਸੱਪ, ਮੱਖੀ, ਮੱਛਰ, ਨ੍ਹੇਰੇ ਅਤੇ ਜੰਗਲੀ ਜਾਨਵਰਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਪੰਧ ਮਕਾਉਂਦੇ ਗਏ। ਜਿੱਥੇ ਕਿਤੇ ਪਾਣੀ ਮਿਲਦਾ

ਇਸ਼ਨਾਨ ਕਰ ਲੈਂਦੇ। ਇੱਕ ਦਿਨ ਰਸਤੇ ਵਿੱਚ ਇੱਕ ਠੱਗ ਮਗਰ ਲੱਗ ਗਿਆ। ਰਾਤ ਪੈਣ ਲੱਗੀ ਤਾਂ ਤੁਰਦੇ ਤੁਰਦੇ ਬੈਠ ਗਏ। ਠੱਗ ਨੇ ਸੋਚਿਆ ਕਿ ਜਦੋਂ ਇਹ ਰਾਹੀ ਸੌਂ ਗਏ ਤਾਂ ਠੱਗ ਬੂਟੀ ਸੁੰਘਾ ਕੇ ਇਨ੍ਹਾਂ ਨੂੰ ਲੁੱਟ ਲਵਾਂਗਾ। ਗੁਰੂ ਬਾਬਾ ਤੇ ਭਾਈ ਮਰਦਾਨਾ ਤਾਂ ਕੀਰਤਨ ਕਰਨ ਲੱਗ ਗਏ। ਇਹ ਠੱਗ ਕਾਫੀ ਚਿਰ ਤਾਂ ਜਾਗਦਾ ਰਿਹਾ ਅਤੇ ਦਾਅ ਪੇਚ ਤਕਾਉਂਦਾ ਰਿਹਾ ਕਿ ਜਦੋਂ ਇਹ ਸੌਣਗੇ ਉਸ ਵਖ਼ਤ ਲੁਟਾਂਗਾ। ਪਰ ਠੱਗ ਆਖੀਰ ਥੱਕ ਟੁੱਟ ਕੇ ਸੌਂ ਗਿਆ ਪਰ ਗੁਰੂ ਜੀ ਤੇ ਮਰਦਾਨਾ ਤਾਂ ਦਿਨ ਚੜ੍ਹੇ ਅੱਗੇ ਨੂੰ ਤੁਰ ਪਏ। ਰਾਹ ਵਿੱਚ ਮਰਦਾਨੇ ਨੇ ਕਿਹਾ, "ਮਹਾਰਾਜ! ਬਚਾਅ ਹੋ ਗਿਆ ਹੈ। ਇਸ ਠੱਗ ਨੂੰ ਕੈਸੀ ਨੀਂਦ ਵਾਪਰੀ"? ਸਾਹਿਬਾਂ ਨੇ ਫੁਰਮਾਇਆ, "ਮਰਦਾਨਿਆਂ! ਇਹ ਸਾਈਂ ਦੀ ਪਾਈ ਨੀਂਦ ਹੈ, ਜੋ ਦੁਰਾਚਾਰੀਆਂ ਨੂੰ ਘੇਰ ਰੱਖਦੀ ਹੈ। ਜਾਗਣ ਦੀ ਸ਼ਕਤੀ ਮਾਲਕ ਆਪਣੇ ਭਗਤਾਂ ਨੂੰ ਬਖਸ਼ਦਾ ਹੈ। ਮੰਦ ਕਰਮੀ ਪਾਪ ਲਈ ਜਾਗਦੇ ਹਨ ਪਰ ਮਨ ਤੇ ਸਰੀਰ ਦੇ ਥਕੇਵੇਂ ਵਿੱਚ ਸੌਂ ਜਾਂਦੇ ਹਨ"।

ਕੁਝ ਸਮੇਂ ਬਾਅਦ ਹੋਰ ਠੱਗਾਂ ਨੇ ਆ ਕੇ ਉਸ ਠੱਗ ਨੂੰ ਪਕੜ ਲਿਆ। ਕਹਿੰਦੇ ਜੋ ਕੁਝ ਲੁੱਟਿਆ ਹੈ ਉਸ ਵਿੱਚੋਂ ਸਾਨੂੰ ਹਿੱਸਾ ਦੇ ਦੇ। ਉਸ ਠੱਗ ਨੇ ਕਿਹਾ, "ਉਹ ਰਾਹੀ ਤਾਂ ਜਾਗਦੇ ਰਹੇ ਪਰ ਮੈਨੂੰ ਨੀਂਦ ਆ ਗਈ। ਮੈਂ ਕੁਝ ਨਹੀਂ ਲੁੱਟਿਆ"। ਤਦ ਇਹ ਠੱਗ ਵਾਹੋ ਦਾਹੀ ਗੁਰੂ ਜੀ ਦੇ ਪਿੱਛੇ ਲੱਗ ਗਏ ਅਤੇ ਰਸਤੇ 'ਚ ਜਾ ਘੇਰਿਆ। ਕਹਿੰਦੇ , "ਅਸੀਂ ਪਹਿਲਾਂ ਬੰਦੇ ਨੂੰ ਮਾਰਦੇ ਹਾਂ ਅਤੇ ਫੇਰ ਲੁੱਟਦੇ ਹਾਂ"। ਮਰਦਾਨਾ ਇਹ ਗੱਲ ਸੁਣ ਕੇ ਪਹਿਲਾਂ ਤਾਂ ਭੈ ਭੀਤ ਹੋ ਗਿਆ ਪਰ ਗੁਰੂ ਜੀ ਦਾ ਆਸਰਾ ਜਾਣ ਨਾ ਡੋਲਿਆ। ਗੁਰੂ ਸਾਹਿਬ ਨੇ ਠੱਗਾਂ ਨੂੰ ਕਿਹਾ, "ਸਾਨੂੰ ਲੁੱਟਣ ਲਈ ਮਾਰੋ ਜ਼ਰੂਰ ਪਰ ਸਾਡੇ ਸਰੀਰਾਂ ਦਾ ਸਸਕਾਰ ਆਪ-ਹੱਥੀਂ ਕਰਿਉ। ਔਹ ਸਾਮ੍ਹਣੇ ਦੇਖੋ ਅੱਗ ਬਲ ਰਹੀ ਹੈ"। ਇਹ ਗੱਲ ਸੁਣ ਠੱਗਾਂ ਨੇ ਸੋਚਿਆ ਕਿ ਇਹ ਤਾਂ ਕੋਈ ਮਹਾਨ ਹਸਤੀ ਹੈ। ਪੁਰਾਤਨ ਜਨਮ ਸਾਖੀ ਵਿੱਚ ਵੀ ਠੱਗਾਂ ਨਾਲ ਹੋਈ ਗੱਲ-ਬਾਤ ਬਾਰੇ ਇੰਵ ਦਰਜ਼ ਹੈ:

'ਜਿਸ ਦੇ ਮੋਹ (ਮੂੰਹ) ਵਿੱਚ ਐਸੀ ਜੋਤ ਹੈ ਸੋ ਖਾਲੀ ਨਹੀਂ, ਇਸ ਦੇ ਪੱਲੇ ਬਹੁਤ ਦੁਨੀਆਂ ਹੈ ਪਰ ਗੁੱਝੀ ਹੈ'।

ਇਨ੍ਹਾਂ ਠੱਗਾਂ ਨੇ ਜਦ ਛੱਡਣ ਦੀ ਗੱਲ ਆਖੀ ਤਾਂ ਗੁਰੂ ਜੀ ਕਹਿੰਦੇ,"ਭਾਈ ਆਪਣੇ ਮਨ ਨਿਰਮਲ ਬਣਾਉ। ਠੱਗੀ ਮਾੜੀ ਹੈ, ਧਰਮ ਦੀ ਕਿਰਤ ਕਰ ਕੇ ਪ੍ਰਵਾਰ ਪਾਲੋ। ਫਿਰ ਉਸ ਦਾਤੇ ਦੇ ਦਰ 'ਤੇ ਕਬੂਲ ਹੋ ਜਾਵੋਂਗੇ।

ਅੱਗੇ ਢਾਕਾ ਸ਼ਹਿਰ ਆ ਗਿਆ। ਢਾਕੇ ਵਿਖੇ ਨਾਨਕ ਸ਼ਾਹੀ ਗੁਰਦੁਆਰਾ ਸਥਿੱਤ ਹੈ। ਇਤਿਹਾਸਕਾਰਾਂ ਦੀ ਲਿਖਤ ਅਨੁਸਾਰ ਗੁਰਦੁਆਰੇ ਦੇ ਨਾਂ 500 ਤੋਂ ਵੱਧ ਏਕੜ ਜ਼ਮੀਨ ਸੀ ਪਰ ਸਮੇਂ ਸਮੇਂ ਦੀਆਂ ਹਕੂਮਤਾਂ ਨੇ ਸਿੱਖ ਰਾਜ ਉਪਰੰਤ

ਇਹ ਜ਼ਮੀਨ ਕਬਜੇ 'ਚ ਕਰ ਲਈ। ਹੁਣ ਇੱਥੇ ਢਾਕਾ ਯੂਨੀਵਰਸਿਟੀ ਹੈ। ਪਾਕਿਸਤਾਨ ਦੀ ਹਕੂਮਤ ਨੇ 1951 ਵਿੱਚ ਇਸ ਜ਼ਮੀਨ ਬਦਲੇ 60 ਹਜ਼ਾਰ ਰੁਪਏ ਗੁਰਦੁਆਰੇ ਦੇ ਨਾਂ 'ਤੇ ਖਾਤੇ ਵਿੱਚ ਪਾਏ ਸਨ। ਇਸ ਵਿੱਚੋਂ 10 ਹਜ਼ਾਰ ਹੀ ਗੁਰੂ ਘਰ ਲਈ ਵਰਤੇ ਗਏ ਪਰ ਬਾਕੀ ਦੇ ਜਿਉਂ ਦੀ ਤਿਉਂ ਪਏ ਹਨ ਅਰਥਾਤ ਗੁਰਦੁਆਰੇ ਦੇ ਕਾਰਜ ਲਈ ਨਹੀਂ ਵਰਤੇ। ਢਾਕੇ ਤੋਂ ਉੱਤਰ ਵੱਲ 120 ਕਿਲੋਮੀਟਰ ਦੀ ਦੂਰੀ 'ਤੇ ਮੈਮਨ ਸਿੰਘ ਵਿਖੇ ਨਾਨਕ ਮੰਦਰ ਨਾਂ ਦਾ ਗੁਰਦੁਆਰਾ ਹੈ। ਇਹ ਜਾਣਕਾਰੀ ਸਰਦਾਰ ਲਖਵਿੰਦਰ ਸਿੰਘ ਰਈਆ ਹਵੇਲੀਆਣਾ ਨੇ ਅਕਾਲ ਗਾਰਡੀਅਨ ਅਖ਼ਬਾਰ 20-26 ਅਗਸਤ 2011 ਦੇ ਪੰਨਾ 4 ਤੇ ਆਪਣੇ ਲੇਖ ਵਿੱਚ ਦਿੱਤੀ ਹੈ। ਹੁਣ ਤਲਵੰਡੀ ਨੇੜੇ ਹੋਣ ਕਰ ਕੇ ਮਰਦਾਨੇ ਨੇ ਕਿਹਾ, "ਮੇਰੇ ਮਾਲਕ ਜੀ! ਬਰਸਾਂ ਹੋ ਗਏ ਹਨ ਘਰ ਤੋਂ ਨਿਕਲਿਆਂ ਹੁਣ ਸੁਲਤਾਨਪੁਰ ਕਦੋਂ ਜਾਣਾ ਹੈ? ਭੈਣ ਨਾਨਕੀ ਨੂੰ ਦਰਸ਼ਨਾ ਦੀ ਤਾਂਘ ਹੋਵੇਗੀ"। ਸਤਿਗੁਰਾਂ ਆਖਿਆ, "ਭਲਾ ਯਾਦ ਕਰਾਇਆ। ਕੀ ਕਰੀਏ, ਸ੍ਰਿਸ਼ਟੀ ਅੱਤ ਦੁਖੀ ਹੈ। ਘੋਰ ਪਾਪ ਹੋ ਰਿਹਾ ਹੈ, ਲੋਕਾਂ ਦੇ ਕੀਰਨਿਆਂ ਨਾਲ ਕਲੇਜਾ ਵਿੰਨ੍ਹਿਆ ਪਿਆ ਹੈ। ਸੱਜਣਾ! ਜਾਵਾਂਗੇ ਪਰਵਾਰ ਨੂੰ ਮਿਲਣ ਅਤੇ ਭੈਣ ਨੂੰ ਦਰਸ਼ਨ ਦੇਣ। ਤੂੰ ਤਕੜਾ ਰਹਿ, ਓਦਰ ਨਾਂ। ਤੇਰੇ ਦਿਲ ਵਿੱਚ ਪ੍ਰਵਾਰ ਪ੍ਰਤੀ ਵਿਛੋੜਾ ਹੈ ਪਰ ਜਿਸ ਵਿਛੋੜੇ ਵਿੱਚ ਭੁੱਲ ਆ ਜਾਵੇ ਉਹ ਮਾਰੂ ਵਿਛੋੜਾ ਹੁੰਦਾ ਹੈ ਅਤੇ ਜਿਸ ਵਿੱਚ ਯਾਦ ਰਹੇ ਉਹ ਜੁਝਾਰੂ ਅਤੇ ਜਿਉਂਦਾ ਵਿਛੋੜਾ ਹੁੰਦਾ ਹੈ। ਯਾਦ ਵਾਲੇ ਵਿਛੋੜੇ ਨੂੰ ਬਿਰਹਾ ਕਿਹਾ ਜਾਂਦਾ ਹੈ। ਇਹ ਵੀ ਗੱਲ ਹੈ ਕਿ ਜਿਸ ਅੰਦਰ ਬਿਰਹਾ ਨਹੀਂ ਉਹ ਸਾਈਂ ਵੱਲੋਂ ਮਰਿਆ ਹੁੰਦਾ ਹੈ"।

ਇਸ ਤਰ੍ਹਾਂ ਫਿਰਦੇ ਤੁਰਦੇ ਸੁਲਤਾਨਪੁਰ ਆ ਪਹੁੰਚੇ। ਭਰਾ ਨੂੰ ਦੇਖ ਭੈਣ ਨਾਨਕੀ ਦੇ ਪੈਰ ਧਰਤੀ 'ਤੇ ਨਹੀਂ ਸੀ ਲਗਦੇ। ਭੈਣ ਦੇ ਪਰਵਾਰ ਵਾਲੇ ਵੀ ਨਾਨਕ ਅਤੇ ਮਰਦਾਨੇ ਨੂੰ ਦੇਖ ਬੜੇ ਆਨੰਦਤ ਹੋਏ। ਇੱਥੋਂ ਚੱਲ ਕੇ ਤਲਵੰਡੀ ਵਿਖੇ ਦੋ ਕੋਹ ਨਗਰੋਂ ਬਾਹਰ ਉਜਾੜ ਵਿੱਚ ਹੀ ਟਿਕ ਗਏ। ਮਰਦਾਨੇ ਪੁੱਛਿਆ, "ਦਾਤਾ ਜੀਓ ਹੁਕਮ ਹੋਵੇ ਤਾਂ ਘਰ ਜਾ ਆਵਾਂ"। ਬਾਬੇ ਆਖਿਆ ਜਲਦੀ ਜਾਹ, ਸਾਡੇ ਘਰ ਨਾ ਦੱਸੀਂ ਅਤੇ ਮਿਲ ਕੇ ਵਾਪਸ ਮੁੜ ਆਈਂ। ਪਿੰਡ 'ਚ ਜਦੋਂ ਮਰਦਾਨਾ ਪੁੱਜਿਆ ਤਾਂ ਇਸ ਦੇ ਦੁਆਲੇ ਇਕੱਠ ਹੋ ਗਿਆ। ਇਸ ਦੇ ਪਰਵਾਰ ਦੇ ਜੀਅ ਮਿਲ ਕੇ ਗਦ ਗਦ ਹੋ ਗਏ। ਮਾਤਾ ਤ੍ਰਿਪਤਾ ਅਤੇ ਪਿਤਾ ਮਹਿਤਾ ਕਾਲੂ ਵੀ ਮਰਦਾਨੇ ਪਾਸ ਦੌੜੇ ਆਏ। ਜਦੋਂ ਮਰਦਾਨੇ ਦੱਸਿਆ ਕਿ ਗੁਰੂ ਨਾਨਕ ਜੀ ਤਾਂ ਬਾਹਰ ਹੀ ਬੈਠੇ ਹਨ ਤਾਂ ਹੱਥ 'ਚ ਮਿਠਾਈ ਲੈ ਕੇ ਮਾਤਾ ਤ੍ਰਿਪਤਾ ਅਤੇ ਪਿਤਾ ਕਾਲੂ ਜੀ ਹੋਰ ਸੰਗਤ ਸਮੇਤ ਤੇਜੀ ਨਾਲ ਪੁੱਤਰ ਕੋਲ ਪਹੁੰਚੇ ਮਨ ਵਿੱਚ ਬੜੀ ਖੁਸ਼ੀ ਮਨਾਈ, ਮੱਥਾ ਚੁੰਮਿਆ, ਗਲਵੱਕੜੀ ਪਾਈ। ਕਹਿਣ ਤੇ ਗੁਰੂ ਜੀ ਘਰ ਆ ਗਏ।

# ਦੂਜੀ ਉਦਾਸੀ
# (1510-1514)

ਦੂਜੀ ਉਦਾਸੀ ਸਤਿਗੁਰਾਂ ਦੱਖਣੀ ਭਾਰਤ ਵੱਲ ਕੀਤੀ। ਤਲਵੰਡੀ ਤੋਂ ਚੱਲ ਸਤਿਗੁਰਾਂ ਸਤਘਰਾ, ਦੀਪਾਲਪੁਰ, ਪਾਕਪਟਨ, ਬੀਕਾਨੇਰ, ਪੁਸ਼ਕਰ, ਅਜਮੇਰ ਆਦਿ ਥਾਵਾਂ 'ਤੇ ਸਤਿ ਸੰਗਤ ਕਰਦਿਆਂ ਲੋਕਾਈ ਨੂੰ ਸਤਿਨਾਮ ਦਾ ਮੰਤ੍ਰ ਦ੍ਰਿੜ ਕਰਵਾਇਆ। ਇਸ ਯਾਤਰਾ ਸਮੇਂ ਦੋ ਸਿੱਖ ਭਾਈ ਸੈਦੋ ਅਤੇ ਸੀਹੋਂ ਵੀ ਨਾਲ ਗਏ। ਚਲਦੇ ਚਲਦੇ ਬੀਕਾਨੇਰ, ਪੁਸ਼ਕਰ, ਅਜਮੇਰ, ਉਜੈਨ, ਇੰਦੌਰ, ਨਾਸਿਕ ਲੰਘ ਕੇ ਓਅੰਕਾਰ ਏਸ਼ਰਮ ਪਹੁੰਚੇ। ਇਤਹਾਸਿਕ ਖੋਜ ਮੁਤਾਬਿਕ ਸਤਿਗੁਰਾਂ ਓਅੰਕਾਰ ਏਸ਼ਰਮ ਵਿਖੇ ਦੱਖਣੀ ਓਅੰਕਾਰ ਬਾਣੀ ਰਾਹੀਂ ਪਰਜਾ ਨੂੰ ਸਮਝਾਇਆ ਕਿ ਪਰਮਾਤਮਾ ਇੱਕ ਹੈ ਅਤੇ ਇੱਕ ਰਸ ਵਿਆਪਕ ਹੈ। ਉਸ ਨੇ ਹੀ ਕੁਦਰਤ ਸਾਜੀ ਹੈ। ਇਸ ਲਈ ਝੂਠੇ ਮੰਤਰ ਛੱਡ ਓਅੰਕਾਰ ਨਾਮੀ ਮਹਾਂ ਮੰਤਰ ਜਪੋ। ਇਹ ਮੰਤਰ ਬੰਦੇ ਨੂੰ ਆਤਮਿਕ ਬਲ ਬਖਸ਼ਦਾ ਹੈ ਅਤੇ ਆਤਮਾ ਨੂੰ ਜਗਾ ਕੇ ਪਰਮਾਤਮਾ ਨਾਲ ਜੋੜਦਾ ਹੈ। ਅੱਗੇ ਗੰਟੂਰ, ਨਾਗਾ ਪਟਨਮ ਵਿੱਚ ਦੀ ਲੰਘ ਕੇ ਕੁਨਰ, ਪਾਲੀਪੁਰਮ ਜੋਗੀਆਂ ਦੇ ਟਿਕਾਣੇ 'ਤੇ ਪੁੱਜੇ। ਜੋਗੀਆਂ ਨੂੰ ਗ੍ਰਹਿਸਤ ਮਾਰਗ ਦੀ ਮਹਾਨਤਾ ਦੱਸ ਕੇ ਕਿਰਤ ਕਰਨ ਅਤੇ ਵੰਡ ਛਕਣ ਦੇ ਸਿਧਾਂਤ ਨੂੰ ਜੀਵਨ ਵਿੱਚ ਧਾਰਨ ਕਰਨ ਲਈ ਦ੍ਰਿੜ ਕਰਵਾਉਂਦਿਆਂ ਸਮੇਂ ਮੁਖੀ ਜੋਗੀ ਨੇ ਸਵਾਲ ਕੀਤਾ। ਜੋਗੀ ਮੰਗਲ ਨਾਥ ਨੇ ਪੁੱਛਿਆ ਕਿ ਮਨ ਯੋਗ ਸਾਧਨਾ ਨਾਲ ਕਾਬੂ ਹੁੰਦਾ ਹੈ ਕਿ ਗਿਆਨ ਸਾਧਨਾ ਨਾਲ? ਉੱਤਰ ਸੀ ਮਨ ਆਤਮਿਕ ਸਾਧਨਾ ਨਾਲ ਹੀ ਕਾਬੂ ਕੀਤਾ ਜਾ ਸਕਦਾ ਹੈ। ਇਹ ਬਾਤ ਗ੍ਰਹਿਸਤ ਮਾਰਗ ਵਿੱਚ ਸੌਖੇ ਹੋ ਸਕਦੀ ਹੈ। ਗੁਰੂ ਜੀ ਦੇ ਵੰਡ ਛੱਕਣ ਦੇ ਸਿਧਾਂਤ 'ਤੇ ਕਟਾਖ ਕਰਨ ਲਈ ਇਨ੍ਹਾਂ ਜੋਗੀਆਂ ਮਖੌਲ ਦੇ ਤੌਰ ਤੇ ਇੱਕ ਦਾਣਾ ਤਿਲ ਦਾ ਗੁਰੂ ਜੀ ਨੂੰ ਦਿੱਤਾ ਅਤੇ ਆਖਿਆ,"ਇਸ ਨੂੰ ਵੰਡ ਕੇ ਦਿਖਾਉ"। ਸਤਿਗੁਰੂ ਕਿਹਾ, "ਸਾਨੂੰ ਕੂੰਡੀ-ਸੋਟਾ ਦਿਉ। ਕੂੰਡੀ ਸੋਟਾ ਇਨ੍ਹਾਂ ਲਿਆ ਕੇ ਦੇ ਦਿੱਤਾ। ਤਦ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ , "ਭਾਈ ਜਲ ਲਿਆ"। ਸਤਿਗੁਰਾਂ ਕੂੰਡੀ ਵਿੱਚ ਤਿਲ ਦਾ ਦਾਣਾ ਕੁੱਟਿਆ ਅਤੇ ਮਰਦਾਨੇ ਨੇ ਜਲ ਲਿਆ ਕੇ ਕੂੰਡੀ ਵਿੱਚ ਪਾ ਦਿੱਤਾ। ਇੰਵ ਜੋਗੀਆਂ ਨੂੰ ਇਹ ਕੁੱਟੇ ਤਿਲ ਵਾਲਾ ਜਲ ਵਰਤਾਇਆ। ਇਸ ਸੰਬੰਧੀ ਮਹਿਮਾ ਪ੍ਰਕਾਸ਼ 'ਚ ਦਰਜ਼ ਹੈ:

*ਤਬ ਦਿਆਲ ਵੇ ਤਿਲ ਕੋ ਲੀਉ। ਲੈ ਕੂੰਡੀ ਸੋਟਾ ਮੈਥਨ ਕੀਉ।*
*ਆਪਣੇ ਹਾਥ ਦੀਓ ਵਰਤਾਇ। ਸਭ ਨੇ ਪਤ੍ਰ ਭਰੇ ਲੀਲਾਇ।7।*
*ਸਭ ਦੇਖ ਚਰਿਤ੍ਰ ਬਿਸਮ ਹੋਇ ਗਏ। ਸਤਿਗੁਰ ਕੋ ਪਰਸੰਸਤ ਭਏ।*

ਜਿੱਥੇ ਸਤਿਗੁਰਾਂ ਇਹ ਚੋਜ ਵਰਤਾਇਆ ਉਸ ਜਗ੍ਹਾ ਗੁਰਦੁਆਰਾ 'ਤਿਲ ਗੰਜੀ' ਮੌਜੂਦ ਹੈ। ਅੱਗੇ ਸਤਿ ਕਰਤਾਰ, ਸਤਿ ਕਰਤਾਰ....ਜਪਦੇ ਸਮੁੰਦਰ ਦੇ

ਕਿਨਾਰੇ ਤੁਰਦੇ ਹੋਏ ਰਾਮੇਸ਼ਵਰ ਪਹੁੰਚੇ। ਮੇਹਰਵਾਨ ਨੇ ਲਿਖਿਆ ਹੈ 'ਜੋ ਕੋਈ ਦਰਸ਼ਨ ਕਰਦਾ ਹੈ ਨਿਹਾਲ ਹੁੰਦਾ ਹੈ ਐਸੀ ਉਸਤਤਿ ਦੱਖਣ ਮਹਿ ਚੱਲੀ ਹੈ'।

ਰਾਮੇਸ਼ਵਰਮ ਤੋਂ ਅੱਗੇ ਬੇੜੇ 'ਤੇ ਸਵਾਰ ਹੋ ਸ੍ਰੀ ਲੰਕਾ ਪੁੱਜੇ। ਪਹਿਲਾਂ ਇਸ ਦਾ ਨਾਂ ਸਿੰਘਲਾਦੀਪ ਸੀ ਪਰ ਰਮਾਇਣ ਵਿੱਚ ਲੰਕਾ ਲਿਖਿਆ ਹੈ। ਇੱਥੇ ਮਨਸੁੱਖ ਨਾਮੀ ਸਿੱਖ ਰਹਿੰਦਾ ਸੀ। ਇਹ ਗੁਰੂ ਸਾਹਿਬ ਦੇ ਦਰਸ਼ਨਾ ਲਈ ਸੁਲਤਾਨਪੁਰ ਆਇਆ ਸੀ। ਰਾਜਾ ਸ਼ਿਵਨਾਭ ਇਸ ਦੇ ਪਰਚਾਰ ਕਿ 'ਨਾ ਉਹ ਹਿੰਦੂ ਹੈ ਨਾ ਮੁਸਲਮਾਨ' ਤੋਂ ਬਹੁਤ ਪ੍ਰਭਾਵਤ ਹੋਇਆ ਸੀ। ਭਾਈ ਮਨਸੁੱਖ ਨੇ ਗੁਰੂ ਸਾਹਿਬ ਦੇ ਲੰਕਾ ਪਹੁੰਚਣ ਬਾਰੇ ਰਾਜੇ ਨੂੰ ਦੱਸ ਦਿੱਤਾ। ਗੁਰੂ ਨਾਨਕ ਦੇਵ ਜੀ ਇੱਕ ਬਾਗ ਵਿੱਚ ਟਿਕ ਕੇ ਨਾਮ ਬਾਣੀ ਦੀਆਂ ਝੜੀਆਂ ਲਾ ਰਹੇ ਸਨ। ਰਾਜੇ ਨੇ ਪਰਖ ਲਈ ਆਪਣੇ ਮੁੱਖ ਮੰਤਰੀ ਪਰਸ ਰਾਮ ਨੂੰ ਕਹਿ ਕੇ ਅਰਧ ਨੰਗੀਆਂ ਸੁੰਦਰੀਆਂ ਗੁਰਾਂ ਨੂੰ ਨਾਚ ਰੰਗ ਨਾਲ ਭਰਮਾਉਣ ਅਤੇ ਲੁਭਾਉਣ ਲਈ ਭੇਜੀਆਂ। ਗੁਰੂ ਸਾਹਿਬ ਨੇ ਇਸ਼ਾਰੇ ਨਾਲ ਇਨ੍ਹਾਂ ਨੂੰ ਨਾਚ ਬੰਦ ਕਰਨ ਲਈ ਪ੍ਰੇਰਿਆ ਅਤੇ ਫੁਰਮਾਇਆ, "ਗਾਫ਼ਲ ਪੁੱਤ੍ਰੀ ਰਾਜ ਕੁਆਰਿ"। ਹੋਰ ਕਿਹਾ, ਜਾਉ ਰਾਜ ਕੁਆਰੀਓ, ਜਾਓ ਪੁਤ੍ਰੀਓ, ਤੁਹਾਡੀ ਇਹ ਰੂਪਮਤੀ ਦੇਹ ਸਚੇ ਨਾਮ ਬਿਨਾ ਸੁੰਵੀ ਹੈ"।

ਮਹਿਮਾ ਪ੍ਰਕਾਸ਼ ਗ੍ਰੰਥ 'ਚ ਦਰਜ ਹੈ, ਕਿ ਜਦ ਕੋਈ ਸਾਧ ਅਤੀਤ ਆਵੈ ਤਹਾਂ ਤ੍ਰਿਆ ਦੇਇ ਪਠਾਇ"। ਇਸ ਪਰਖ ਉਪਰੰਤ ਰਾਜਾ ਗੁਰੂ ਜੋਤਿ ਦੇ ਦਰਸ਼ਨਾਂ ਲਈ ਆਇਆ। ਨਮਸਕਾਰ ਕੀਤੀ ਅਤੇ ਕਿਹਾ, "ਮੇਰੇ ਘਰ ਆਣ ਪ੍ਰਸ਼ਾਦ ਛਕੋ"। ਗੁਰੂ ਜੀ ਬੋਲੇ ਕੀ ਦਖਨਾ ਦੇਵੇਂਗਾ?" ਸ਼ਿਵਨਾਭ ਨੇ ਕਿਹਾ,"ਮੇਰਾ ਰਾਜ ਹਾਜ਼ਰ ਹੈ"। ਸਤਿਗੁਰਾਂ ਕਿਹਾ,"ਕੀ ਇਹ ਰਾਜ ਤੇਰਾ ਹੈ"? ਉਤੱਰ , "ਹਾਂ ਮਹਾਰਾਜ ਮੇਰਾ ਹੈ"। ਸ਼ਿਵਨਾਭ ਤੇਰੇ ਵੱਡੇ ਵਡੇਰੇ ਵੀ ਇਹ ਗੱਲ ਕਹਿੰਦੇ ਚਲੇ ਗਏ ਅਤੇ ਅੱਗੇ ਤੇਰੀ ਉਲਾਦ ਕਹੇਗੀ ਇਹ ਸਾਡਾ ਰਾਜ ਹੈ। ਸਾਨੂੰ ਕੁਝ ਹੋਰ ਦੇਈਂ। ਮਹਾਰਾਜ ਮੇਰਾ ਤਨ ਹਾਜ਼ਰ ਹੈ। ਗੁਰੂ ਜੀ ਕਹਿੰਦੇ, "ਤਨ ਵੀ ਤੇਰਾ ਨਹੀਂ, ਇਸ ਵਿੱਚ ਮਾਲਕ ਬਿਰਾਜਮਾਨ ਹੈ, ਪਤਾ ਨਹੀਂ ਉਹ ਪੰਖੀ ਕਦੋਂ ਉੱਡ ਜਾਵੇ"। ਰਾਜੇ ਸੋਚ ਕੇ ਕਿਹਾ, "ਮੇਰਾ ਮਨ ਹਾਜ਼ਰ ਹੈ"। ਗੁਰੂ ਸਾਹਿਬ ਨੇ ਕਿਹਾ, "ਮਨ ਵੀ ਤੇਰਾ ਨਹੀ, ਪਤਾ ਨਹੀਂ ਕਿੱਧਰ ਉਡਾਰੀ ਮਾਰ ਜਾਵੇ"। ਫਿਰ ਹੈਰਾਨ ਹੋ ਕਿ ਕਹਿਣ ਲੱਗਾ, "ਦੱਸੋ ਹੋਰ ਕੀ ਪੇਸ਼ ਕਰਾਂ"? ਸ਼ਿਵਨਾਭ ਆਪਣੇ ਵਿੱਚੋਂ ਮੈਂ ਕੱਢ ਕੇ ਸਾਨੂੰ ਦੇ ਦੇ ਫਿਰ ਪ੍ਰਭੂ ਨਾਲ ਜੁੜ ਸਕਦਾ ਹੈਂ। ਮੈਂ ਹਉਮੇ ਨੂੰ ਜਨਮ ਦਿੰਦੀ ਹੈ ਜੋ ਦੁੱਖਾਂ ਦਾ ਮੂਲ ਕਾਰਨ ਬਣਦੀ ਹੈ। ਹਉਮੇ ਵਿੱਚ ਬੰਦਾ ਆਪਣੇ ਪੱਖ ਨੂੰ ਹੀ ਸਹੀ ਸਮਝਦਾ ਹੈ ਅਤੇ ਦੂਜੇ ਦੀ ਗੱਲ ਨੂੰ ਨਹੀਂ ਸੁਣਦਾ"।

ਗੁਰੂ ਸਾਹਿਬ ਲੰਕਾ ਵਿੱਚ ਤਕਰੀਬਨ ਇੱਕ ਸਾਲ ਰਹੇ। ਇੱਥੇ ਉਨ੍ਹਾਂ ਪੁਰਾਨਸੰਗਲੀ ਜਿਸ ਵਿੱਚ ਪ੍ਰਭੂ ਦੇ ਸੁੰਨ ਮੰਡਲ ਦਾ ਜ਼ਿਕਰ ਹੈ ਉਚਾਰੀ। ਰਾਜੇ ਤੋਂ ਧਰਮਸ਼ਾਲਾ ਬਣਵਾ ਕੇ ਭਾਈ ਮਰਦਾਨੇ ਦੀ ਸਹਾਇਤਾ ਨਾਲ ਕੀਰਤਨ ਰਾਹੀਂ

ਸਤਿ ਸੰਗਤ ਦੀ ਮਰਿਯਾਦਾ ਕਾਇਮ ਕੀਤੀ। ਸੰਗਤਾਂ ਨੂੰ ਪ੍ਰਭੂ ਜਾਪ ਦੀ ਵਿਧੀ ਸਮਝਾਈ ਜੋ ਆਤਮਾ ਅਤੇ ਸਰੀਰ ਨੂੰ ਮਹਾਨ ਬਲ ਬਖਸ਼ਦੀ ਹੈ। ਰਾਜੇ ਨੂੰ ਸਿੱਖ ਬਣਾ ਕੇ ਸਿੱਖੀ ਪਰਚਾਰ ਲਈ ਉਪਦੇਸ਼ ਦਿੱਤਾ।

ਸ੍ਰੀ ਲੰਕਾ ਤੋਂ ਕੋਚੀਨ ਹੁੰਦੇ ਹੋਏ ਕਜਲੀਵਣ ਪਹੁੰਚੇ ਜਿੱਥੇ ਕੌਡੇ ਰਾਖ਼ਸ਼, ਜੋ ਦੈਂਤ ਸੀ ਅਤੇ ਜਿਸ ਨੇ ਭਾਈ ਮਰਦਾਨੇ ਨੂੰ ਗਰਮ ਤੇਲ ਦੇ ਕੜਾਹੇ 'ਚ ਸੁੱਟ ਕੇ ਮਾਰਨ ਦੀ ਕੋਸ਼ਿਸ਼ ਕੀਤੀ ਨੂੰ ਦੈਂਤਪੁਣੇ ਤੋਂ ਹਟਾ ਕੇ ਇੱਕ ਚੰਗਾ ਇਨਸਾਨ ਬਣਾਇਆ। ਇਸ ਉਪਰੰਤ ਗੁਰੂ ਜੀ ਨੀਲ ਗਿਰੀ ਹਿਲਜ਼, ਰੰਗਾਪਟਨਮ ਹੁੰਦੇ ਹੋਏ ਬਿਦਰ ਪਹੁੰਚੇ ਜੋ ਨਾਨਕ ਝੀਰੇ ਨਾਲ ਮਸ਼ਹੂਰ ਹੈ। ਬਿਦਰ ਵਿੱਚ ਸੱਯਦ ਯਾਕੂਬ ਅਤੇ ਜਲਾਲੁਦੀਨ ਨੇ ਪੀਣ ਵਾਲੇ ਪਾਣੀ 'ਤੇ ਕਬਜ਼ਾ ਕੀਤਾ ਹੋਇਆ ਸੀ। ਇਹ ਪਾਣੀ ਲਈ ਨੇੜੇ ਤੇੜੇ ਦੇ ਸ਼ਹਿਰੀਆਂ ਨੂੰ ਬੜਾ ਤੰਗ ਕਰਕੇ, ਆਪਣੇ ਰੋਅਬ-ਦਾਅਬ ਦੇ ਥੱਲੇ ਰੱਖ ਕੇ ਅਤੇ ਦੀਨ ਮਨਵਾ ਕੇ ਆਪਣੇ ਦੀਨ ਵਿੱਚ ਸ਼ਾਮਲ ਕਰ ਰਹੇ ਸਨ। ਸ਼ਹਿਰ ਦਾ ਪਾਣੀ ਖਾਰਾ ਹੋਣ ਕਰਕੇ ਪੀਣ ਦੇ ਯੋਗ ਨਹੀਂ ਸੀ। ਗੁਰੂ ਸਾਹਿਬ ਜੀ ਨੇ ਮੁਸਲਮਾਨ ਭਰਾਵਾਂ ਨੂੰ ਰੱਬੀ ਕਲਾਮ ਸੁਣਾ ਕੇ ਸਮਝਾਇਆ ਕਿ ਤੁਹਾਡਾ "ਕਲਾਮ ਬਖਸ਼ਸ਼ ਦਾ, ਨਿਮਾਜ਼ ਨਿਆਂ ਵਾਲੀ, ਰੋਜ਼ਾ ਰਹਿਮ ਰੂਪੀ ਅਤੇ ਹੱਜ ਉਸ ਅੱਲਾ ਦੀ ਯਾਦ ਵਾਲਾ ਹੋਣਾ ਚਾਹੀਦਾ ਹੈ। ਜੇਕਰ ਤੁਸੀਂ ਦੂਜਿਆਂ ਦਾ ਦਿਲ ਨਹੀਂ ਦੁਖਾਉਂਦੇ ਤਾਂ ਅੱਲਾ ਤੁਹਾਡੇ 'ਤੇ ਵੱਡੀ ਰਹਿਮਤ ਕਰੇਗਾ।" ਸਤਿਗੁਰਾਂ ਨੇ ਇੱਕ ਪੱਥਰ ਉੱਠਾ ਕੇ ਇੱਥੇ ਐਸਾ ਚੋਜ਼ ਵਰਤਾਇਆ ਕਿ ਉਥੋਂ ਪੀਣ ਯੋਗ ਪਾਣੀ ਦਾ ਚਸ਼ਮਾ ਵਹਿ ਤੁਰਿਆ ਜੋ ਹੁਣ ਵੀ ਜਾਰੀ ਹੈ। ਸਿੱਖ ਸੰਗਤਾਂ ਵਾਹਿਗੁਰੂ ਵਾਹਿਗੁਰੂ ਅਤੇ ਧੰਨ ਨਾਨਕ, ਧੰਨ ਨਾਨਕ ਦਾ ਜਾਪ ਕਰਦਿਆਂ ਉੱਥੋਂ ਬੜੇ ਚਾਅ ਨਾਲ ਅੰਮ੍ਰਿਤ ਜਲ ਛਕਦੀਆਂ ਹਨ।

ਅੱਗੇ ਸਤਿਗੁਰੂ ਨਾਂਦੇੜ ਹੁੰਦੇ ਹੋਏ ਭਗਤ ਨਾਮ ਜੀ ਦੇ ਦੇਹੁਰੇ ਨਰਸੀ ਵਿਖੇ ਪਹੁੰਚੇ। ਉੱਥੇ ਭਗਤ ਜੀ ਦੇ ਭਗਤਾਂ ਅਤੇ ਵਸ ਰਹੀ ਲੋਕਾਈ ਨੂੰ ਭਗਤ ਜੀ ਦੇ ਉਪਦੇਸ਼ 'ਹਾਥ ਪਾਉ ਕਰਿ ਕਾਮ ਸਭੁ ਚੀਤੁ ਨਿਰੰਜਨ ਨਾਲਿ' ਨੂੰ ਦ੍ਰਿੜ ਕਰਨ ਦੀ ਪ੍ਰੇਰਨਾ ਦਿੱਤੀ। ਫਿਰ ਭਗਤ ਤ੍ਰਿਲੋਚਨ ਜੀ ਦੇ ਪਿੰਡ  ਬਾਰਸੀ ਜਾ ਭਗਤ ਜੀ ਦੇ ਮਿੱਠੇ, ਪਿਆਰੇ ਅਤੇ ਸਤਿਕਾਰ ਭਰੇ ਬੋਲਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪ੍ਰੇਰਿਆ। ਸਤਿ ਕਰਤਾਰ ਦਾ ਨਾਮ ਜਾਪ ਉਚਾਰਦੇ ਨਾਸਕ, ਪੂਨਾ ਤਾਪਤੀ ਨਦੀ ਪਾਰ ਕਰ ਕੇ ਅਹਿਮਦਾਬਾਦ, ਕੈਂਬੇ ਦੀ ਖਾੜੀ ਲੰਘ ਕੇ ਭਾਵਨਗਰ ਪਹੁੰਚੇ। ਫਿਰ ਪਾਲੀਤਾਣੇ (ਸੁਰਾਸ਼ਟਰ) ਆ ਕੇ ਜੈਨੀਆਂ (ਸਰੇਵੜਿਆਂ) ਨਾਲ ਗੱਲਬਾਤ ਕੀਤੀ। ਇਹ ਲੋਕ ਪਰਮਾਤਮਾ ਦੀ ਹੋਂਦ ਤੋਂ ਵੀ ਮੁਨਕਰ ਸਨ। ਇਨ੍ਹਾਂ ਕੇਵਲ ਅਹਿੰਸਾ ਦਾ ਸਿਧਾਂਤ ਹੀ ਅਪਣਾਇਆ ਹੋਇਆ ਸੀ  ਇਹ ਨਾ ਤਾਂ ਕੋਈ ਹੱਥੀਂ ਕਿਰਤ ਕਰਦੇ ਸਨ ਅਤੇ ਨਾ ਹੀ ਕਿਸੇ ਮਰਿਯਾਦਾ ਵਿੱਚ ਰਹਿੰਦੇ ਸਨ ਅਤੇ ਭਜਨ ਬੰਦਗੀ ਵੱਲੋਂ ਵੀ ਗਏ ਗਵਾਚੇ ਸਨ। ਲੱਕਾਂ ਨਾਲ ਪਿਆਲੇ ਬੰਨ੍ਹੀ ਫਿਰਦੇ ਸਨ  ਅਤੇ ਮੰਗ ਤੰਗ

ਕੇ ਖਾਂਦੇ ਸਨ। ਗੁਰੂ ਜੀ ਨੇ ਭਾਈ ਮਰਦਾਨੇ ਨੂੰ ਆਖਿਆ, "ਭਾਈ ਮਰਦਾਨੇ! ਇੱਥੇ ਤਾਂ ਆਵਾ-ਊਤਿਆ ਲਗਦਾ ਹੈ, ਉੱਠਾ ਰਬਾਬ ਜੇਕਰ ਇਨ੍ਹਾਂ ਦੇ ਮਨਾਂ 'ਚ ਕੁਝ ਸਮਝ ਪੈ ਜਾਵੇ"। ਸ਼ਬਦ ਉਚਾਰਨ ਕੀਤਾ:

*ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥*
*ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।*

*.......................................................*
*ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ॥......*
*ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ (149)*

ਸ਼ਬਦ ਦਾ ਮੂਲ ਰੂਪ 'ਚ ਭਾਵ ਹੈ ਕਿ ਸਰੇਵੜਿਓ, ਤੁਸੀਂ ਇਸ਼ਨਾਨ ਨਹੀਂ ਕਰਦੇ, ਰੋਟੀ ਵੀ ਬੇਹੀ ਖਾਂਦੇ ਹੋਂ, ਨੀਵੀਂ ਪਾ ਕੇ ਤੁਰਦੇ ਹੋਂ, ਕੇਸ ਵੀ ਪੁੱਟਦੇ ਹੋਂ, ਆਪਣਾ ਹੱਗਿਆ ਹੋਇਆ ਵੀ ਫੋਲਦੇ ਹੋਂ, ਆਦਿ ਤਾਂ ਕਿ ਜੀਵ ਹੱਤਿਆ ਨਾ ਹੋ ਜਾਵੇ। ਤੁਹਾਨੂੰ ਦੱਸ ਦਈਏ ਜੋ ਇਨਸਾਨ ਅਜੇਹੇ ਕਰਮ ਕਰਦਾ ਹੈ, ਪ੍ਰਭੂ ਨੂੰ ਨਹੀਂ ਮੰਨਦਾ ਅਤੇ ਉਸ ਦਾ ਨਾਂ ਨਹੀਂ ਜਪਦਾ ਉਸ ਦੇ ਸਿਰ ਸੱਤ ਮੁੱਠੀਆਂ ਸੁਆਹ ਪੈਂਦੀ ਹੈ। ਪਰ ਪ੍ਰਭੂ ਨਾਮ ਦੀ ਕਮਾਈ ਦੀ ਸੋਭਾ ਐਸੀ ਹੈ ਜਿਵੇਂ ਹਰ ਪਕਵਾਨ ਘਿਉ ਨਾਲ ਹੀ ਸੋਭਦਾ ਹੈ।

ਪਾਲੀਤਾਣੇ ਤੋਂ ਚੱਲ ਕੇ ਸੋਮਨਾਥ ਮੰਦਰ, ਜੂਨਾਗੜ੍ਹ, ਸੁਦਾਮਾ ਪੁਰੀ (ਗਿਰਨਾਰ), ਸੀਤਾ ਮੰਦਰ ਹੁੰਦੇ ਹੋਏ ਦੁਆਰਕਾ ਪਹੁੰਚੇ। ਇਨ੍ਹਾਂ ਥਾਵਾਂ 'ਤੇ ਪੱਥਰ ਪੂਜਾ ਤੋਂ ਵਰਜਿਆ। ਇਨ੍ਹਾਂ ਥਾਵਾਂ 'ਤੇ ਬਹੁਤੇ ਸ਼ਿਵ ਭਗਤ ਹਨ ਜੋ ਆਪਣੇ ਆਪ ਨੂੰ ਚਾਰਵਾਕੀਆਂ ਸਦਾਉਂਦੇ ਹਨ। ਇਨ੍ਹਾਂ ਨੂੰ ਵਾਮ ਮਾਰਗੀਏ ਵੀ ਕਹਿੰਦੇ ਹਨ। ਇਨ੍ਹਾਂ ਵਿੱਚ ਪੰਜ ਮਕਾਰ 'ਮ' ਮਦਿਰਾ (ਸ਼ਰਾਬ), ਮਾਸ, ਮੈਥਨ, ਮਾਇਆ ਅਤੇ ਮਦਰਾ (ਭੁੱਜੇ ਹੋਏ ਚਿੜਵੇ ਤੇ ਸੇਵੀਆਂ) ਮੌਜੂਦ ਹਨ ਅਤੇ ਸ਼ਿਸ਼ਟਾਚਾਰ ਤੋਂ ਹੀਣੇ ਹਨ। ਇਹ ਦੇਵੀ ਪੂਜ ਹਨ। ਭੁਵਨੇਸ਼ਵਰ, ਕੁਨਾਰਕ ਆਦਿ ਮੰਦਰਾਂ ਵਿੱਚ ਭਰ-ਜੁਆਨ ਔਰਤਾਂ ਅਤੇ ਮਰਦਾਂ ਆਦਿ ਦੀਆਂ ਕਾਮ ਕ੍ਰੀੜਾ ਮੂਰਤੀਆਂ ਦੇਖਣ ਨੂੰ ਆਮ ਮਿਲਦੀਆਂ ਹਨ। ਇਨ੍ਹਾਂ ਚਾਰਵਾਕੀਆਂ ਨੂੰ ਗੁਰੂ ਜੀ ਨੇ ਸ਼ੁੱਭ ਕਰਮਾਂ ਦਾ ਮਾਰਗ ਦਰਸਾਇਆ।

ਅੱਗੇ ਰਾਜਪੂਤਾਨੇ ਪਹੁੰਚ ਕੇ ਧੁਆਨ (ਦਿਉਲੀ ਛਾਵਣੀ) ਜੋ ਮਥਰਾ ਕੋਲ ਹੈ ਵਿਖੇ ਭਗਤ ਧੰਨਾ ਜੀ ਨੂੰ ਮਿਲੇ ਜਿਨ੍ਹਾਂ ਦੀ ਉਮਰ ਉਸ ਸਮੇਂ 92 ਕੁ ਸਾਲ ਦੀ ਸੀ। ਗੁਰੂ ਅਤੇ ਭਗਤ ਦੀ ਮਿਲਣੀ ਕਿਤਨੀ ਚਮਤਕਾਰੀ, ਚਕਰਿਤ ਅਤੇ ਚੋਜ਼ ਭਰੀ ਹੋਵੇਗੀ ਅਤੇ ਉਨ੍ਹਾਂ ਦੇ ਦੁਆਲੇ ਭਾਈ ਮਰਦਾਨਾ ਅਤੇ ਹੋਰ ਪਿਆਰਿਆਂ ਦੇ ਮਨਾਂ ਅੰਦਰ ਚਹਿਲ ਪਹਿਲ ਉਸ ਸਮੇਂ ਬਿਆਨ ਕਰਨ ਤੋਂ ਬਾਹਰਲੀ ਗੱਲ ਹੋਵੇਗੀ। ਗੁਰੂ ਸਾਹਿਬ ਕਹਿੰਦੇ, "ਪਿਆਰੀ ਸਾਧ ਸੰਗਤ, ਕੀ ਭਾਈ ਧੰਨੇ ਨੇ ਪੱਥਰ ਦੀ

SIKHBOOKCLUB.COM

ਪੂਜਾ ਕਰਕੇ ਪ੍ਰਭੂ ਪਾਇਆ ਹੈ? ਨਹੀ, ਇਨ੍ਹਾਂ ਨੇ ਤਾਂ ਸੰਤਾਂ ਦੀ ਸੰਗਤ ਨਾਲ ਪਾਇਆ ਹੈ ਜੈਸੇ 'ਧੰਨੇ ਧਨੁ ਪਾਇਆ ਧਰਨੀਧਰ, ਮਿਲਿ ਜਨ ਸੰਤ ਸਮਾਨਿਆ'। ਇਹ ਇਸ ਦੀ ਕਿਰਤ ਅਤੇ ਕਰਤੇ ਦੀ ਕਮਾਈ ਦਾ ਸਿੱਟਾ ਹੈ। ਕਿਰਤ ਜਿਸ ਦੀ ਸੱਚੀ ਹੈ ਕਰਤਾ ਉਸ 'ਤੇ ਜਲਦੀ ਕਿਰਪਾ ਕਰਦਾ ਹੈ ਜਿਵੇਂ ਭਾਈ ਧੰਨੇ 'ਤੇ ਹੋਈ ਹੈ। ਕਿਰਤ ਅਤੇ ਕਰਮ ਕਾਰਨ ਹੀ ਸਾਡਾ ਵਿਛੋੜਾ ਕਰਤੇ ਤੋਂ ਹੁੰਦਾ ਹੈ। ਕਰਤਾ ਬੰਦੇ ਦੀ ਕਿਰਤ ਅਤੇ ਕਰਮ ਦੇਖ ਕੇ ਉਸ 'ਤੇ ਆਪਣੀ ਕ੍ਰਿਪਾ ਕਰਦਾ ਹੈ।

ਮਥਰਾ ਦੇ ਲਾਗੇ ਬ੍ਰਿੰਦਰਾਬਨ ਹੈ ਜਿੱਥੇ ਭਗਵਾਨ ਕ੍ਰਿਸ਼ਨ ਜੀ ਗੋਪੀਆਂ ਨਾਲ ਰਾਸ ਲੀਲਾ ਕਰਦੇ ਸਨ। ਕ੍ਰਿਸ਼ਨ ਜੀ ਦੇ ਭਗਤ ਵੀ ਇੱਥੇ ਰਾਸਾਂ ਰਚਾਉਂਦੇ ਸਨ। ਇਹ ਸਮਝਦੇ ਸਨ ਕਿ ਰਾਸਾਂ ਭਗਵਾਨ ਨਾਲ ਜੋੜਦੀਆਂ ਹਨ। ਗੁਰੂ ਸਾਹਿਬ ਨੇ 'ਰੋਟੀਆਂ ਕਾਰਨ ਪੂਰੇ ਤਾਲ'' ਸ਼ਬਦ ਆਪਣੀ ਰਸਨਾ ਤੋਂ ਉਚਾਰਕੇ ਅਤੇ ਮਰਦਾਨੇ ਦੀ ਰਬਾਬ ਦੀਆਂ ਧੁਨਾਂ ਨਾਲ ਟਣਕਾਕੇ ਉਪਦੇਸ਼ ਦਿੱਤਾ ਕਿ ਇਹ ਰਾਸਾਂ ਰੋਟੀ, ਮਨ ਦੇ ਚਾਅ ਅਤੇ ਰੰਗ-ਰਲੀਆਂ ਦੇ ਸਾਧਨ ਤਾਂ ਹਨ ਪਰ ਵਿਕਾਰ ਅਤੇ ਲੋਭ ਪੈਦਾ ਕਰਨ ਕਾਰਨ ਧਰਮ ਤੋਂ ਦੂਰ ਲੈ ਜਾਂਦੇ ਹਨ। ਪ੍ਰਭੂ ਮਿਲਾਪ ਲਈ ਉਸ ਦੇ ਨਾਮ ਦਾ ਜਾਪ ਜ਼ਰੂਰੀ ਹੈ।

ਇਸ ਉਪਰੰਤ ਗੁਰੂ ਜੀ ਜੂਨਾਗੜ੍ਹ, ਵਡੋਦਰਾ (ਗੁਜਰਾਤ) , ਜਬਲਪੁਰ, ਪੁਸਕਰ ਵਿੱਚ ਦੀ ਪੈਂਡਾ ਤੈਹ ਕਰਦੇ ਅਤੇ ਸੱਚ 'ਤੇ ਪ੍ਰੇਮ ਦਾ ਪ੍ਰਚਾਰ ਕਰਦੇ ਸੁਲਤਾਨਪੁਰ ਪਹੁੰਚੇ। ਭੈਣ ਨਾਨਕੀ ਅਤੇ ਉਸ ਦੇ ਪਰਵਾਰ ਨੂੰ ਮਿਲ ਕੇ ਤਲਵੰਡੀ ਆ ਗਏ। ਇੱਥੇ ਮਾਤਾ ਪਿਤਾ ਨੂੰ ਮਿਲ ਕੇ ਬਾਬਾ ਮੂਲਾ ਜੀ ਜੋ ਉਨ੍ਹੀ ਦਿਨੀਂ ਪੱਖੋ ਕੇ ਰੰਧਾਵੇ ਦੇ ਪਟਵਾਰੀ ਸਨ ਦੇ ਅੰਦਰ ਦੁਰਸ਼ਨਾਂ ਦੀ ਸ਼ਰਧਾ ਕਾਰਨ ਪੱਖੋ ਰੰਧਾਵੇ ਜੋ ਲਾਹੌਰ ਤੋਂ 110 ਮੀਲ ਦੂਰੀ ਤੇ ਹੈ ਪਹੁੰਚੇ। ਇੱਥੇ ਮੂਲਾ ਜੀ ਦੇ ਮਿੱਤਰ ਕ੍ਰੋੜੀ ਮੱਲ ਦਾ ਹੰਕਾਰ ਤੋੜ ਕੇ ਉਸ ਨੂੰ ਸਿੱਖ ਬਣਾਇਆ। ਗੁਰੂ ਜੀ ਦੇ ਸੇਵਕ ਭਾਈ ਅਜਿਤਾ ਰੰਧਾਵਾ ਨੇ ਆਪਣੀ ਸਾਰੀ ਜ਼ਮੀਨ ਗੁਰੂ ਜੀ ਨੂੰ ਸੌਂਪ ਦਿੱਤੀ ਜਿੱਥੇ ਕਰਤਾਰਪੁਰ ਵਸਾਇਆ ਗਿਆ।

## ਤੀਜੀ ਉਦਾਸੀ
## (1514-1517)

ਇਹ ਉਦਾਸੀ ਸਤਿਗੁਰਾਂ ਉੱਤਰ ਵੱਲ ਸਿੱਧਾਂ ਨੂੰ ਸਿੱਧੇ ਕਰਨ ਲਈ ਲਾਈ। ਇਹ ਸਿੱਧ ਲੋਕ ਯੋਗ ਸਾਧਨਾਂ ਰਾਹੀਂ ਆਪਣੀਆਂ ਉਮਰਾਂ ਵਧਾਉਣ ਵਿੱਚ ਲੱਗੇ ਹੋਏ ਸਨ। ਪਰਜਾ ਨੂੰ ਰਿੱਧੀਆਂ ਸਿੱਧੀਆਂ 'ਚ ਭਰਮਾ ਕੇ ਤੇ ਕੂੜ ਕ੍ਰਿਆਵਾਂ ਵਿੱਚ ਲਾ ਕੇ ਲੁੱਟ-ਖਸੁੱਟ ਕਰਦੇ ਸਨ। ਭਾਈ ਗੁਰਦਾਸ ਜੀ ਆਪਣੀ ਵਾਰ ਵਿੱਚ ਅੰਕਿਤ ਕਰਦੇ ਹਨ:

*ਫਿਰਿ ਜਾਇ ਚੜ੍ਹਿਆ ਸੁਮੇਰਿ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ।*
*(ਵਾਰ 1, ਪਉੜੀ 28)*

*ਸਿੱਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।*
*(ਵਾਰ 1, ਪਉੜੀ 24)*

ਗਿਆਨੀ ਗਿਆਨ ਸਿੰਘ ਨੇ 'ਤਵਾਰੀਖ਼ ਖ਼ਾਲਸਾ' ਵਿੱਚ ਵਰਨਣ ਕੀਤਾ ਹੈ ਕਿ ਸਤਿਗੁਰੂ ਤਲਵੰਡੀ ਤੋਂ ਚੱਲ ਕੇ ਕਲਾਨੌਰ, ਗੁਰਦਾਸਪੁਰ, ਦਸੂਹਾ ਵਿੱਚ ਦੀ ਹੁੰਦੇ ਹੋਏ ਕੋਟਲਾ ਤਿਲਕ ਨਾਥ, ਪਾਲਮਪੁਰ, ਕਾਂਗੜਾ ਆਦਿ ਥਾਵਾਂ 'ਤੇ ਸਿੱਖੀ ਦਾ ਪਰਚਾਰ ਕਰ ਕੇ ਜੁਆਲਾਮੁਖੀ ਤੋਂ ਰਵਾਲਸਰ ਰਾਹੀਂ ਮਨੀਕਰਨ ਜਾ ਪਹੁੰਚੇ। ਇੱਥੇ ਗਰਮ ਪਾਣੀ ਦਾ ਚਸ਼ਮਾ ਵਗਦਾ ਹੈ। ਪਾਂਡੇ ਲੋਕ ਭੋਲੀ ਭਾਲੀ ਜਨਤਾ ਨੂੰ ਇਹ ਕਹਿ ਕੇ ਵਰਗਲਾ ਰਹੇ ਸਨ ਕਿ ਇਹ ਪਾਣੀ ਸ਼ੇਸ਼ ਨਾਗ ਦੇ ਫੁੰਕਾਰੇ ਕਾਰਨ ਗਰਮ ਹੈ। ਗੁਰੂ ਜੀ ਨੇ ਲੋਕਾਈ ਨੂੰ ਸਮਝਾਇਆ ਕਿ ਕਾਦਰ ਦੀ ਕੁਦਰਤ ਬੜੀ ਮਹਾਨ ਹੈ। ਇਹ ਪਾਣੀ ਤਾਂ ਮਾਲਕ ਨੇ ਪਹਾੜ ਦੀ ਚੋਟੀ 'ਤੇ ਵਸਣ ਵਾਲੇ ਲੋਕਾਂ ਲਈ ਲੰਗਰ ਤਿਆਰ ਕਰਨ, ਇਸ਼ਨਾਨ ਅਤੇ ਕਪੜੇ ਆਦਿ ਧੋਣ ਲਈ ਇੱਕ ਦਾਤ ਵਜੋਂ ਬਖਸ਼ਿਆ ਹੋਇਆ ਹੈ। ਸਤਿਗੁਰੂ ਕਹਿੰਦੇ, "ਤੁਸੀਂ ਇਨ੍ਹਾਂ ਪਾਂਡਿਆਂ ਦੇ ਭਰਮ ਜਾਲ 'ਚੋਂ ਨਿਕਲੋ ਅਤੇ ਇਸ ਦਾਤ ਲਈ ਦਾਤੇ ਦੇ ਗੁਣ ਗਾਉ। ਇਹ ਚਸ਼ਮਾ ਅੱਜ ਵੀ ਉਸੇ ਰਫ਼ਤਾਰ ਨਾਲ ਵਗ ਰਿਹਾ ਹੈ। ਇੱਥੇ ਗੁਰਦੁਆਰਾ ਮਨੀਕਰਨ ਸਥਿੱਤ ਹੈ। ਸੰਗਤਾਂ ਵੱਡੀ ਗਿਣਤੀ ਵਿੱਚ ਗੁਰੂ ਦੇ ਨਤਮਸਤਕ ਹੁੰਦੀਆਂ ਹਨ। ਇਸ ਚਸ਼ਮੇ ਦਾ ਪਾਣੀ ਇਤਨਾ ਗਰਮ ਹੈ ਕਿ ਚਾਹ, ਚੌਲ ਤੇ ਰੋਟੀਆਂ ਇਸ ਵਿੱਚ ਤਿਆਰ ਹੋ ਜਾਂਦੀਆਂ ਹਨ। ਅੱਜ ਕਲ੍ਹ ਸੰਗਤਾਂ ਦੇ ਇਸ਼ਨਾਨ ਲਈ ਸਰੋਵਰ ਵਿੱਚ ਇਸ ਚਸ਼ਮੇ ਦਾ ਗਰਮ ਪਾਣੀ ਵਰਤਿਆ ਜਾਂਦਾ ਹੈ ਕਿਉਂਕਿ ਪਹਾੜੀ 'ਤੇ ਸਾਰਾ ਸਾਲ ਠੰਢ ਰਹਿੰਦੀ ਹੈ। ਇਸ ਪਾਣੀ ਨਾਲ ਚਮੜੀ ਆਦਿ ਰੋਗ ਵੀ ਦੂਰ ਹੋ ਜਾਂਦੇ ਹਨ। ਵਿਗਿਆਨਿਆਂ ਦਾ ਮੱਤ ਹੈ ਕਿ ਉਹ ਪਾਣੀ ਧਰਤੀ ਹੇਠ ਸਲਫਰ ਦੀ ਮੌਜੂਦਗੀ ਕਾਰਨ ਗਰਮ ਹੈ। ਸਲਫਰ ਦਵਾਈਆਂ ਵਿੱਚ ਚਮੜੀ ਰੋਗਾਂ ਨੂੰ ਠੀਕ ਕਰਨ ਲਈ ਵਰਤੀ ਜਾਂਦੀ ਹੈ। ਇਤਿਹਾਸਕ ਤੱਥ ਦਰਸਾਉਂਦੇ ਹਨ ਕਿ ਭਾਈ ਮਰਦਾਨੇ ਨੇ ਵੀ ਇਸ ਚਸ਼ਮੇ ਦੇ ਪਾਣੀ ਵਿੱਚ ਲੰਗਰ ਤਿਆਰ ਕੀਤਾ ਸੀ।

SIKHBOOKCLUB.COM

ਇੱਥੋਂ ਸਤਿ ਕਰਤਾਰ, ਸਤਿ ਕਰਤਾਰ...ਉਚਾਰਦੇ ਬਿਆਸ ਪਾਰ ਕਰ ਕੇ ਕਹਿਲੂਰ, ਨਾਲਾਗੜ੍ਹ, ਪਿੰਜੌਰ, ਸ਼ਿਮਲਾ, ਸਪਾਟੂ ਆਦਿ ਥਾਵਾਂ 'ਤੇ ਪ੍ਰਭੂ ਨਾਮ ਸਿਮਰਨ, ਸੇਵਾ ਅਤੇ ਸੰਗਤ ਦੀ ਮਹਾਨਤਾ ਦਰਸਾਉਂਦੇ ਜੌਹਤਸਰ ਪੁੱਜੇ। ਜੌਹਤਸਰ ਤੋਂ ਬਦਰੀਨਾਥ, ਸਪਤ ਸ੍ਰਿੰਗ, ਹੇਮਕੁੰਟ ਪਾਰ ਕਰ ਕੇ ਸੁਮੇਰ ਪਹੁੰਚੇ ਜਿੱਥੇ ਅਣਗਿਣਤ ਸਿੱਧ ਮੰਡਲੀਆਂ ਡੇਰੇ ਲਾਈ ਬੈਠੀਆਂ ਸਨ। ਮਹਿਮਾ ਪ੍ਰਕਾਸ਼ 'ਚ ਸੁਮੇਰ ਦੀ ਧਰਤੀ ਨੂੰ 'ਸੁੰਦਰ ਤੜਾਕ ਅੰਮ੍ਰਿਤ ਜਲ ਭਰੀ' ਬਿਆਨਿਆ ਹੈ। ਇੱਥੇ

ਮਿੱਠੇ ਅਤੇ ਨਿਰਮਲ ਜਲ ਦੇ ਅਨੇਕਾਂ ਝਰਨੇ ਹਨ। ਯੂ.ਕੇ. ਸ਼ੁਕਲਾ ਜੋ ਇੱਕ ਮਸ਼ਹੂਰ ਗਿਆਨਵਾਨ ਹੈ ਨੇ ਆਪਣੀ ਪੁਸਤਕ, 'Mountains of India' ਵਿੱਚ ਗੜ੍ਹਵਾਲ ਦੀ ਰਿਆਸਤ ਰੁਦ੍ਰ ਹਿਮਾਲਾ ਨੂੰ ਸੁਮੇਰ ਲਿਖਿਆ ਹੈ। ਮੰਦਕਨੀ, ਅਲਕੰਦਾ ਅਤੇ ਗੰਗਾ (ਭਾਗੀਰਥੀ) ਦੇ ਸੋਮਿਆਂ ਲਾਗੇ ਤਿਕੋਨੀ ਵਾਦੀ ਜਿਹੜੀ ਤਕਰੀਬਨ 30 ਮੀਲ ਦੇ ਘੇਰੇ ਵਿੱਚ ਹੈ, ਦੀ ਖ਼ੂਬਸੂਰਤੀ ਅਤਿਅੰਤ ਨਜ਼ਾਰੇ ਵਾਲੀ ਅਤੇ ਚਮਤਕਾਰੀ ਹੈ। ਅਗਸਤ ਦੇ ਮਹੀਨੇ ਰੰਗ-ਬਰੰਗੇ ਫੁੱਲਾਂ ਦੀ ਮੁਸਕਾਨ ਮਨ ਨੂੰ ਮੋਹ ਲੈਣ ਵਾਲੀ ਹੁੰਦੀ ਹੈ। ਪਾਣੀ ਦੀਆਂ ਝੀਲਾਂ ਵਿੱਚ ਕਮਲ ਦੇ ਖਿੜੇ ਫੁੱਲ ਬਹੁਤ ਵਿਸਮਾਦੀ ਨਜ਼ਾਰਾ ਪ੍ਰਦਾਨ ਕਰਦੇ ਹਨ। ਮਹਿਮਾਂ ਪ੍ਰਕਾਸ਼ 'ਚ ਅੰਕਿਤ ਹੈ ਕਿ ਸਤਿਗੁਰ ਨਾਨਕ ਮਾਨੋ ਪ੍ਰਭੂ ਵੱਲੋਂ ਭੇਜਿਆ ਮੇਘ ਹੈ ਜੋ ਥਾਂ ਥਾਂ 'ਤੇ ਪਹੁੰਚ ਕੇ ਪ੍ਰਭੂ ਨਾਮ ਦੀ ਵਰਖਾ ਕਰਦਾ ਹੈ।

ਇਨ੍ਹਾਂ ਕੰਨਪਾਟੇ ਸਿੱਧਾਂ 'ਤੇ ਵੀ ਪ੍ਰਭੂ ਨਾਮ ਦਾ ਜਲ ਛਿੜਕਣ ਲਈ ਗੁਰੂ ਨਾਨਕ ਦੇਵ ਜੀ ਨੂੰ ਭਾਈ ਮਰਦਾਨੇ ਅਤੇ ਬਾਲੇ ਨਾਲ 19 ਹਜ਼ਾਰ ਫੁੱਟ ਦੀ ਉਚਾਈ 'ਤੇ ਪਹੁੰਚਣਾ ਪਿਆ। ਗੁਰੂ ਜੀ ਦੀ ਉਮਰ ਤਾਂ ਉਸ ਸਮੇਂ ਛਿਆਲੀ ਕੁ ਸਾਲ ਦੇ ਲੱਗ ਪਗ ਸੀ ਪਰ ਸਿੱਧ ਕਾਫ਼ੀ ਲੰਮੀ ਉਮਰ ਵਾਲੇ ਸਨ। ਪਹਿਲੀ ਸੋਚ ਤਾਂ ਸਿੱਧਾਂ ਦੀ ਇਹ ਸੀ ਕਿ ਤਪਾ ਨਾਨਕ ਇੱਥੇ ਪਹੁੰਚ ਕਿਵੇਂ ਗਏ? ਸਿੱਧਾਂ ਦੇ ਮੁਖੀ ਗੋਰਖ ਨਾਥ ਨੇ ਪਹਿਲਾ ਪ੍ਰਸ਼ਨ ਹੀ ਇਹ ਕੀਤਾ, 'ਕਉਣ ਸਕਤਿ ਤੁਹਿ ਇਥੇ ਲਿਆਈ'? ਬਾਬੇ ਨਾਨਕ ਨੇ ਉੱਤਰ ਦਿੱਤਾ, 'ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗ ਤਾੜੀ ਲਾਈ'। ਭਾਵ ਪਰਮੇਸ਼ਰ ਦੇ ਜਾਪ ਸਦਕਾ ਅਤੇ ਤੁਹਾਡੇ ਵਰਗੇ ਭਗਤਾਂ ਦੇ ਪ੍ਰੇਮ ਦੀ ਖਿੱਚ ਕਾਰਨ ਇੱਥੇ ਪਹੁੰਚਿਆਂ ਹਾਂ। ਦੂਜਾ ਸਵਾਲ ਕੀਤਾ ਬੱਚਾ ਆਪਣਾ ਨਾਮ ਦੱਸ ਅਤੇ ਇਹ ਵੀ ਦੱਸ ਕਿ ਇਤਨੀ ਉੱਚੀ ਅਵਸਥਾ ਕਿਵੇਂ ਪ੍ਰਾਪਤ ਕੀਤੀ? ਉੱਤਰ ਵਿੱਚ ਸਤਿਗੁਰਾਂ ਫੁਰਮਾਇਆ, "ਬਾਬੇ ਆਖਿਆ ਨਾਥ ਜੀ ਨਾਨਕ ਨਾਮ ਜਪੇ ਗਤ ਪਾਈ"। ਭਾਵ ਦਾਸ ਦਾ ਨਾਮ ਨਾਨਕ ਹੈ ਅਤੇ ਰੱਬੀ ਜਾਪ ਨਾਲ ਹੀ ਇਹ ਅਵਸਥਾ ਪ੍ਰਾਪਤ ਹੋਈ ਹੈ। ਤੀਜਾ ਸਵਾਲ ਕੀਤਾ ਇਹ ਉਦਾਸੀ ਭੇਖ ਕਿਸ ਲਈ ਧਾਰਨ ਕੀਤਾ ਹੈ? ਉੱਤਰ ਦਿੱਤਾ, 'ਗੁਰਮਖਿ ਖੋਜਤ ਭਏ ਉਦਾਸੀ'। ਭਾਵ ਕੁਝ ਸਮੇਂ ਲਈ ਅਸੀਂ ਉਦਾਸੀ ਵੇਸ ਧਾਰਨ ਕੀਤਾ ਹੈ ਤਾਂ ਕਿ ਪਤਾ ਲੱਗ ਸਕੇ ਕਿ ਕਿਹੜਾ ਕੇਵਲ ਇੱਕ ਪਰਮੇਸ਼ਰ ਦੀ ਮਨੌਤ ਕਰਦਾ ਹੈ ਅਰਥਾਤ ਗੁਰੂ ਪਰਮੇਸ਼ਰ ਨੂੰ ਮੰਨਦਾ ਹੈ, ਪਰਮੇਸ਼ਰ ਮੁੱਖ ਗੁਰੂ ਹੈ। ਇੰਵ ਸਿੱਧਾਂ ਨੇ ਬਾਬੇ ਨਾਨਕ ਨੂੰ ਹਰਾਉਣ ਲਈ ਸਵਾਲਾਂ ਦੀ ਬੁਛਾੜ ਕੀਤੀ। ਅਸਲ ਵਿੱਚ ਸਵਾਲ ਕਰਨ ਵਾਲਾ ਜਾਂ ਤਾਂ ਸਵਾਲ ਸੰਬੰਧੀ ਗਿਆਨ ਤੋਂ ਹੀਣਾ ਹੁੰਦਾ ਹੈ ਜਾਂ ਫਿਰ ਉਸ ਨੂੰ ਗਿਆਨ ਹੁੰਦਾ ਹੈ ਅਤੇ ਦੂਜੇ ਦੀ ਹੇਠੀ ਕਰਨ ਲਈ ਸਵਾਲ ਪੁਛਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿੱਚ ਅੰਕਿਤ ਕੀਤਾ ਹੈ ਕਿ ਬਾਬੇ ਨੇ ਸਵਾਲਾਂ ਦੇ ਜੁਆਬ ਦੇ ਦੇ ਕੇ ਸਿੱਧਾਂ ਨੂੰ ਮਾਨੋ ਕੰਨ ਪਕੜਾ ਦਿੱਤੇ ਅਤੇ ਉਹ ਹਾਰ ਮੰਨ ਗਏ:

SIKHBOOKCLUB.COM

*ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨਿ ਫੜਾਯਾ। (ਵਾਰ 2, ਪਉੜੀ 26)*

ਇੰਞ ਗੁਰੂ ਬਾਬੇ ਨੇ ਇਨ੍ਹਾਂ ਦੇ ਗਿਆਨ ਅਤੇ ਰਿੱਧੀਆਂ, ਸਿੱਧੀਆਂ ਦੇ ਪਾਜ ਉਦੇੜ ਦਿੱਤੇ। ਰਿੱਧੀਆਂ ਸਿੱਧੀਆਂ ਜਾਣਨ ਵਾਲਾ ਤਾਂ ਬੰਦੇ ਦਾ ਚਕ੍ਰ-ਚਿਹਨ ਪੜ੍ਹ ਕੇ ਹੀ ਉਸ ਦੀ ਅਵਸਥਾ ਦਾ ਪਤਾ ਲਾ ਲੈਂਦਾ ਹੈ। ਜੇਕਰ ਇਹ ਅਧਿਆਤਮਕ ਬਲ ਰਖਦੇ ਹੁੰਦੇ ਤਾਂ ਇਤਨੇ ਸਵਾਲ ਨਾ ਕਰਦੇ।

ਅਖੀਰ 'ਤੇ ਸਿੱਧਾਂ ਨੂੰ ਕਹਿ ਦਿੱਤਾ, "ਸਿੱਧੋ! ਤੁਸੀਂ ਪੱਥਰਾਂ 'ਚ ਰਹਿ ਕੇ ਪੱਥਰ ਦਿਲ ਹੋ ਗਏ ਹੋਂ, ਕੁਦਰਤ ਦੇ ਵਿਰੁੱਧ ਕਰਾਮਾਤਾਂ ਰਚਾਉਂਦੇ ਹੋਂ , ਲੋਕਾਈ ਦੇ ਦੁੱਖ ਦਰਦ ਤੇ ਸਮੱਸਿਆਵਾਂ ਹੱਲ ਕਰਨ ਦੀ ਬਜਾਏ ਪਰਬਤਾਂ ਵਿੱਚ ਲੁਕੇ ਬੈਠੇ ਹੋਂ। ਗੁਰੂ ਸਾਹਿਬ ਕਹਿੰਦੇ ਤੁਸੀਂ ਨੌਂ ਨਿਧੀਆਂ ਦੀ ਪ੍ਰਾਪਤੀ ਲਈ ਇਤਨੀ ਉਚਾਈ 'ਤੇ ਆ ਬੈਠੇ ਹੋਂ। ਤੁਹਾਨੂੰ ਅਜੇ ਤੱਕ ਇਸ ਗੱਲ ਦੀ ਹੀ ਸਮਝ ਨਹੀਂ :

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥ (293)*

ਸਿੱਧੋ ਅੰਤਰ ਆਤਮੇ ਨੂੰ ਝੰਜੋੜੋ ਫਿਰ ਦੇਖੋ ਅਤੇ ਸੋਚੋ ਗ੍ਰਹਿਸਤੀਆਂ ਦਾ ਭਲਾ ਕਿਵੇਂ ਹੋ ਸਕਦਾ ਹੈ? ਕਿਉਂਕਿ ਗ੍ਰਹਿਸਤੀਆਂ ਦੇ ਸਿਰ 'ਤੇ ਹੀ ਤੁਸੀਂ ਪਲ ਰਹੇ ਹੋਂ। ਪਹਾੜਾਂ ਦੀਆਂ ਟੀਸੀਆਂ ਤੇ ਬੈਠ ਕੇ ਮੁਕਤੀ ਨਹੀਂ ਹਾਸਲ ਹੋਣੀ। ਮਾਲਕ ਨੇ ਸੁਆਰਥ ਦਾ ਨਹੀਂ ਪਰਮਾਰਥ ਦਾ ਰਸਤਾ ਅਪਨਾਉਣ ਲਈ ਕਿਹਾ ਹੈ। ਗੁਰੂ ਤੋਂ ਵਗੈਰ ਸੰਸਾਰੀ ਡੁਬਦੇ ਜਾ ਰਹੇ ਹਨ, ਜੈਸੇ ਭਾਈ ਗੁਰਦਾਸ ਜੀ ਦਾ ਕਥਨ ਹੈ, 'ਬਾਝੁ ਗੁਰੂ ਡੁਬਾ ਸੰਸਾਰ'। ਸਿੱਧਾਂ ਨੇ ਪੁੱਛਿਆ, 'ਨਾਨਕ ਤੇਰਾ ਗੁਰੂ ਕਿਹੜਾ ਹੈ'? ਉੱਤਰ ਦਿੱਤਾ:

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (943)*

*ਇਸ ਤਰ੍ਹਾਂ 'ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ। (ਵਾਰ 1, ਪਉੜੀ 31)*

ਸਿੱਧ ਗੋਸ਼ਟ ਕਰਨ ਪਿੱਛੋਂ ਬਾਬਾ ਤਿੱਬਤ ਕਾਠਮੰਡੂ (ਨੇਪਾਲ) ਪੁੱਜਿਆ। ਇੱਥੋਂ ਦਾ ਰਾਜਾ ਜੈ ਪ੍ਰਕਾਸ਼ ਮੱਲਾ ਗੁਰਾਂ ਦਾ ਸੇਵਕ ਬਣ ਗਿਆ। ਇਸ ਰਾਜੇ ਨੇ ਸਤਿਸੰਗ ਅਤੇ ਹਰਿਆਵਲ ਦੇ ਮਕਸਦ ਨਾਲ 200 ਏਕੜ ਜ਼ਮੀਨ ਗੁਰੂ ਨਾਨਕ ਦੇਵ ਜੀ ਦੇ ਨਾਂ ਲਗਵਾਈ ਸੀ। ਬਿਸਨੂੰਮਤੀ ਦਰਿਆ ਦੇ ਕੰਢੇ ਇਸ ਜ਼ਮੀਨ ਵਿੱਚ ਗੁਰਦੁਆਰਾ ਨਾਨਕ ਮੱਠ ਵੀ ਮੌਜੂਦ ਹੈ। ਗੁਰੂ ਘਰ ਲਈ ਅਥਾਹ ਸ਼ਰਧਾ ਅਤੇ ਮੋਹ ਰੱਖਣ ਵਾਲੇ ਉੱਘੇ ਵਪਾਰੀ ਤੇ ਪਰਵਾਸੀ ਭਾਰਤੀ ਐੱਸ. ਪੀ. ਸਿੰਘ ਉਬਰਾਏ ਬੇਟਾ ਮੋਹਨ ਸਿੰਘ ਦਿਵਾਨਾ ਨੇ ਨੇਪਾਲ 2013 ਵਿੱਚ ਯਾਤਰਾ ਸਮੇਂ ਦੇਖਿਆ ਕਿ ਹੁਣ ਗੁਰੂ ਘਰ ਲਈ ਕੇਵਲ 5 ਏਕੜ ਜ਼ਮੀਨ ਹੀ ਬਚੀ ਹੋਈ ਹੈ ਅਤੇ ਬਾਕੀ ਜ਼ਮੀਨ 'ਤੇ ਰਿਹਾਇਸ਼ੀ ਪਲਾਟ ਬਣੇ ਹੋਏ ਹਨ। ਇਸ ਜ਼ਮੀਨ ਵਿੱਚ ਲੰਗਰ ਲਈ

ਬਣਾਈ ਗਈ ਇੱਕ ਪੁਰਾਤਨ ਖੂਹੀ ਵੀ ਮੌਜੂਦ ਹੈ ਜਿਸ ਅੰਦਰ ਗੁਰਮੁਖੀ ਲਿੱਪੀ ਵਿੱਚ ਬਾਬੇ ਦੀ ਬਾਣੀ ਉੱਕਰੀ ਹੋਈ ਹੈ। ਇੱਥੇ ਲੰਗਰ ਦੇ ਪੁਰਾਣੇ ਭਾਂਡੇ ਅਤੇ ਟੱਲਾਂ 'ਤੇ ਵੀ ਗੁਰਮੁਖੀ 'ਚ ਬਾਣੀ ਅੰਕਿਤ ਹੈ। ਸ੍ਰੀ ਉਬਰਾਏ ਨੇ ਦੱਸਿਆ ਕਿ ਜ਼ਮੀਨ ਦੇ ਕਾਗਜ਼ ਦੇਖਣ ਸਮੇਂ ਪਤਾ ਲੱਗਿਆ ਹੈ ਕਿ ਉਸ ਜ਼ਮੀਨ ਦੇ ਪਟੇ 'ਤੇ ਰਾਜੇ ਦੇ ਪੁੱਤਰ ਦੇ ਬਕਾਇਦਾ ਗਵਾਹੀ ਵਜੋਂ ਦਸਤਖ਼ਤ ਕੀਤੇ ਹੋਏ ਹਨ। ਗੁਰਦੁਆਰਾ ਨਾਨਕ ਮੱਠ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸਰੂਪ, ਜਿਨ੍ਹਾਂ ਵਿੱਚ ਇੱਕ ਬੀੜ ਹੱਥ ਲਿਖਤ ਹੈ, ਮੌਜੂਦ ਹਨ ਪਰ ਇਨ੍ਹਾਂ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ ਕਿਉਂਕਿ ਮਹੰਤ ਨਿਮਮੁਨੀ ਉਦਾਸੀ ਗੁਰਮੁਖੀ ਨਹੀਂ ਜਾਣਦਾ। ਹੁਣ ਸਰਦਾਰ ਉਬਰਾਏ ਤੇ ਨੇਪਾਲ ਦੇ ਉੱਘੇ ਸਿੱਖ ਸਰਦਾਰ ਪ੍ਰੀਤਮ ਸਿੰਘ ਨੇ ਪ੍ਰਧਾਨ ਮੰਤ੍ਰੀ ਸ੍ਰੀ ਭੱਟਾ ਰਾਏ ਨਾਲ ਰਾਬਤਾ ਕਾਇਮ ਕਰਕੇ ਨਾਨਕ ਮੱਠ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਨਿੱਤ ਨੇਮ ਲਈ ਕਾਰਜ ਆਰੰਭਿਆ ਹੈ। ਪੁਰਾਤਨ ਖੂਹੀ ਕੋਲ ਲੰਗਰ ਚਲਾਉਣ ਲਈ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਵੀ ਗੁਰਦੁਆਰਾ ਨਾਨਕ ਮੱਠ ਦੀ ਸੇਵਾ ਆਰੰਭ ਕਰਨ ਲਈ ਇੱਕ ਟੀਮ ਭੇਜੀ ਜਾ ਚੁੱਕੀ ਹੈ। ਯਾਦ ਰਹੇ ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਜਿੰਦ ਕੌਰ (ਜਿੰਦਾਂ) ਨੇ ਸਿੱਖ ਰਾਜ ਦੇ ਪਤਨ ਉਪਰੰਤ ਲਗ ਪਗ 12 ਸਾਲ ਨੇਪਾਲ ਵਿਖੇ ਬਿਤਾਏ ਸਨ। ਨੇਪਾਲ ਦਾ ਰਾਜਾ ਮਹਾਰਾਜਾ ਰਣਜੀਤ ਸਿੰਘ ਦਾ ਮਿੱਤਰ ਸੀ ਅਤੇ ਨੇਪਾਲ ਅੰਗਰੇਜ਼ ਹਕੂਮਤ ਹੇਠ ਨਹੀਂ ਸੀ। ਇਹੀ ਕਾਰਨ ਸੀ ਕਿ ਅੰਗ੍ਰੇਜ਼ ਹਕੂਮਤ ਨੇਪਾਲ ਵਿਖੇ ਰਾਣੀ ਜਿੰਦਾਂ ਨੂੰ ਗ੍ਰਿਫਤਾਰ ਨਹੀਂ ਸੀ ਕਰ ਸਕੀ। ਰਾਣੀ ਜਿੰਦਾਂ ਜਿਸ ਨੂੰ ਅੰਗਰੇਜ਼ ਹਕੂਮਤ ਨੇ ਬੰਦੀ ਬਣਾ ਕੇ ਚਿਨਾਰ ਦੇ ਕਿਲ੍ਹੇ ਵਿੱਚ ਰੱਖਿਆ ਹੋਇਆ ਸੀ, ਉਹ ਉੱਥੋਂ ਨਿਕਲ ਕੇ ਨੇਪਾਲ ਚਲੀ ਗਈ ਸੀ।

SIKHBOOKCLUB.COM

ਨੇਪਾਲ ਵਿਖੇ ਸਿੱਖੀ ਦਾ ਸਬਕ ਸਿਖਾ ਕੇ ਸਿੱਕਮ ਦੀ ਰਾਜਧਾਨੀ ਗੰਗਟੋਕ ਆਏ। ਗੁਰੂ ਜੀ ਦੇ ਇੱਥੇ ਆਉਣ ਕਰ ਕੇ ਅਤੇ ਸੰਗਤੀ ਪ੍ਰਚਾਰ ਕਰ ਕੇ ਅੱਜ ਵੀ ਲੋਕ ਸਾਹਿਬਾਂ ਨੂੰ 'ਨਰ ਪੁਰਖ' ਨਾਲ ਯਾਦ ਕਰਦੇ ਹਨ। ਸਿੱਕਮ ਤੋਂ ਤਿਬੱਤ ਵੱਲ ਮੂੰਹ ਕੀਤਾ। ਜਨਮ ਸਾਖੀ ਵਿੱਚ ਵੀ ਗੁਰੂ ਜੀ ਦਾ ਆਪਣੇ ਸੇਵਕਾਂ ਨਾਲ ਲਾਮਿਆਂ ਦੇ ਦੇਸ਼ ਪਹੁੰਚਣਾ, ਅੰਕਿਤ ਹੈ। ਲਾਮਿਆਂ ਦੇ ਮੰਦਰ ਵਿੱਚ ਜਾ ਕੇ ਸਿੱਖਿਆ ਦਿੱਤੀ ਕਿ ਜਿਸ ਲਾਮੇ ਨੂੰ ਤੁਸੀਂ ਪੂਜਦੇ ਹੋਂ ਉਹ ਪਰਮੇਸ਼ਰ ਨਹੀਂ। ਲਾਮਿਆਂ ਦੇ ਇੱਕ ਦਾਰਸ਼ਨਿਕ ਤਰੰਗਪਕਾ ਤੁਲਕੂ ਨੇ **Indian Express** ਅਖ਼ਬਾਰ ਵਾਲਿਆਂ ਨੂੰ ਦੱਸਿਆ ਕਿ ਗੁਰੂ ਨਾਨਕ ਨੂੰ ਤਿੱਬਤ ਵਿੱਚ 'ਪਦਮ ਸੰਭਵ ਦਾ ਅਵਤਾਰ' ਆਖਿਆ ਜਾਂਦਾ ਹੈ। ਤਿੱਬਤ ਤੋਂ ਯਾਰ ਕੰਦ ਹੁੰਦੇ ਹੋਏ ਲੇਹ ਲਦਾਖ ਪਹੁੰਚੇ। ਲਦਾਖ ਵਿਖੇ 'ਨਿੰਮ ਸਾਹਿਬ' ਨਾਂ ਦਾ ਗੁਰਦੁਆਰਾ ਹੈ। ਅੱਗੇ ਲੇਹ ਵਿਖੇ ਗੁਰਦੁਆਰਾ 'ਪੱਥਰ ਸਾਹਿਬ' ਮੌਜੂਦ ਹੈ। ਇਹ ਭਾਰਤੀ ਫ਼ੌਜ ਦੀ ਦੇਖ-ਰੇਖ ਹੇਠ ਚੱਲ ਰਿਹਾ ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ 24 ਅਕਤੂਬਰ 1969 ਨੂੰ Hindustan Times ਦਿੱਲੀ ਵਿੱਚ ਸ੍ਰੀ ਕੇ. ਐੱਮ ਵੈਦ ਜੋ Forest Institute Dehradoon ਕੰਮ ਕਰਦੇ ਹਨ, ਨੇ ਆਪਣੇ ਪੱਤਰ ਵਿੱਚ ਵਰਨਣ ਕੀਤਾ ਹੈ ਕਿ ਲੇਹ ਵਿਖੇ ਸੜਕ ਬਣ ਰਹੀ ਸੀ। ਇਸ ਦੇ ਰਾਹ ਵਿੱਚ ਇੱਕ ਵੱਡੀ ਚਟਾਨ ਨੂੰ ਜਦ ਇੰਜੀਨੀਅਰ ਬਾਰੂਦ ਨਾਲ ਤੋੜਨ ਲੱਗੇ ਤਾਂ ਉੱਥੇ ਬਹੁਤ ਸਾਰੇ ਲਾਮੇ ਇਕੱਠੇ ਹੋ ਕੇ ਕਹਿਣ ਲੱਗੇ ਕਿ ਇਹ ਵੱਡੇ ਮਹਾਂਪੁਰਖ ਦੀ ਯਾਦ ਹੈ ਜਿਸ ਨੂੰ 'ਨਾਨਕ ਸ਼ਾਹ' ਕਰਕੇ ਜਾਣਿਆ ਜਾਂਦਾ ਹੈ। ਸਿੱਧਾਂ ਨੇ ਇੱਥੇ ਗੁੱਸੇ ਵਿੱਚ ਆ ਕੇ ਗੁਰੂ ਸਾਹਿਬ ਜੀ 'ਤੇ ਇਹ ਚਟਾਨ ਸੁੱਟੀ ਸੀ ਪਰ ਗੁਰੂ ਜੀ ਦੇ ਕੋਲ ਆ ਕੇ ਮੋਮ ਬਣ ਗਈ ਸੀ। ਗੁਰੂ ਜੀ ਦਾ ਸਰੀਰ ਇਸ ਵਿੱਚ ਧਸ ਗਿਆ ਅਤੇ ਪੂਰਾ ਚਿਤ੍ਰ ਬਣ ਗਿਆ। ਇਹ ਚਿਤ੍ਰ ਅੱਜ ਵੀ ਦਿਖਾਈ ਦੇ ਰਿਹਾ ਹੈ। ਜਦ ਸੜਕ ਬਣਾਉਣ ਵਾਲੇ ਕਰਮਚਾਰੀ ਨੇ ਇਹ ਦੇਖਿਆ ਤਾਂ ਸੜਕ ਦੂਰ ਦੀ ਲੰਘਾਈ। ਲੇਹ ਤੋਂ ਅੱਗੇ ਅਸਕਰਦੂ ਪਹੁੰਚੇ। ਇੱਥੋਂ ਦੇ ਲੋਕ ਗੁਰੂ ਜੀ ਨੂੰ 'ਨਾਨਕ ਪੀਰ' ਸੱਦਦੇ ਹਨ। ਇੱਥੇ ਕਲੰਦਰ ਦਾਸ ਬੁਖਾਰੀ, ਜਿਹੜਾ ਲੋਕਾਂ ਨੂੰ ਧੱਕੇ ਨਾਲ ਇਸਲਾਮ ਧਰਮ 'ਚ ਸ਼ਾਮਲ ਕਰ ਰਿਹਾ ਸੀ ਨੂੰ ਇਸ ਧੱਕੇਸ਼ਾਹੀ ਤੋਂ ਰੋਕਿਆ। ਇੱਥੋਂ ਅੱਗੇ ਜਿਹਲਮ ਪਾਰ ਕਰ ਕੇ ਸ੍ਰੀ ਨਗਰ (ਕਸ਼ਮੀਰ) ਪਹੁੰਚੇ। ਜਦੋਂ ਅਨੰਤਨਾਗ ਮਟਨ ਸਾਹਿਬ ਪਹੁੰਚੇ ਤਾਂ ਉੱਥੇ ਬ੍ਰਹਮ ਦਾਸ ਗੱਡੇ 'ਤੇ ਗ੍ਰੰਥ ਲੱਦੀ ਫਿਰਦਾ ਸੀ। ਗੁਰੂ ਜੀ ਨੇ ਕਿਹਾ, "ਮਰਦਾਨਿਆਂ! ਦੇਖ ਇਹ ਕੀ ਲੱਦੀ ਫਿਰਦਾ ਹੈ? ਇਹ ਆਪਣੇ ਆਪ ਨੂੰ ਵੱਡਾ ਵਿਦਵਾਨ ਕਹਾਉਂਦਾ ਸੀ ਅਤੇ ਚਰਚਾ ਕਰਨ ਸਮੇਂ ਦੂਜੇ ਵਿਦਵਾਨਾਂ ਦੀ ਗੋਡਨੀ ਲੁਆ ਦਿੰਦਾ ਸੀ ਅਤੇ ਬੇਇਜ਼ਤੀ ਵੀ ਕਰਦਾ ਸੀ। ਜਦੋਂ ਭਾਈ ਮਰਦਾਨਾ ਇਸ ਕੋਲ ਗਿਆ ਤਾਂ ਕਹਿਣ ਲੱਗਾ ਕਿ ਤੇਰੇ ਨਾਲ ਔਹ ਫ਼ਕੀਰ ਕੌਣ ਹੈ? ਮਰਦਾਨੇ ਨੇ ਕਿਹਾ, "ਜਗਤ ਗੁਰੂ ਨਾਨਕ"। ਹੰਕਾਰ 'ਚ ਆਇਆ ਇਹ ਗੁਰੂ ਸਾਹਿਬ ਕੋਲ ਪਹੁੰਚਿਆ ਅਤੇ ਗੋਸ਼ਟੀ ਲਈ ਗੁਰਾਂ ਨੂੰ ਵੰਗਾਰਿਆ। ਗੁਰੂ ਸਾਹਿਬ ਨੇ ਮਰਦਾਨੇ ਨੂੰ ਆਖਿਆ,"ਚੱਕ ਰਬਾਬ ਧੁਰ ਕੀ ਬਾਣੀ ਆਈ ਹੈ" ਅਤੇ ਸ਼ਬਦ ਪੜ੍ਹਿਆ:

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥*

.......................................................

*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥ ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (467)*

ਸ਼ਬਦ ਉਚਾਰਨ ਪਿੱਛੋਂ ਸਤਿਗੁਰਾਂ ਆਖਿਆ, "ਬ੍ਰਹਮ ਦਾਸ, ਤੇਰੇ ਗ੍ਰੰਥਾਂ ਦੇ ਨਾਲ ਗੱਡੇ ਤੋਂ ਦਿਸਦਾ ਹੈ ਕਿ ਤੂੰ ਵਿਦਵਾਨ ਹੈ, ਪਰ ਤੇਰੇ ਇਸ ਗਿਆਨ ਦੇ ਗੋਲੇ ਨੇ ਤੇਰੇ ਮਨ ਵਿੱਚ ਅਭਿਮਾਨ ਪੈਦਾ ਕੀਤਾ ਹੋਇਆ ਹੈ। ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੁਮਾਨ ਬੰਦੇ ਦਾ ਘਾਣ ਵੀ ਕਰ ਦਿੰਦਾ ਹੈ ਜਿਵੇਂ ਕਹਾਵਤ ਹੈ, 'ਹੰਕਾਰਿਆ

ਸੋ ਮਾਰਿਆ'। ਗੁਰੂ ਜੀ ਦੇ ਗਿਆਨਵੱਤ ਬਚਨ ਸੁਣ ਕੇ ਇਸ ਦੀ ਮੱਤ ਟਿਕਾਣੇ ਆ ਗਈ। ਬ੍ਰਹਮ ਦਾਸ ਅਤੇ ਇਸ ਦਾ ਚੇਲਾ ਕਮਾਲ (ਜਨਮ ਸਾਖੀ 'ਚ ਨਾਮ ਕਨਾਲ ਹੈ) ਦੋਵੇਂ ਗੁਰੂ ਦੇ ਸਿੱਖ ਬਣ ਗਏ। ਇਨ੍ਹਾਂ ਕਸ਼ਮੀਰ ਵਾਦੀ ਵਿੱਚ ਲੰਮਾ ਸਮਾਂ ਸਿੱਖੀ ਦਾ ਪ੍ਰਚਾਰ ਕੀਤਾ। ਬ੍ਰਹਮ ਦਾਸ ਦਾ ਪੜਪੋਤਾ ਪੰਡਿਤ ਕਿਰਪਾ ਰਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਕਸ਼ਮੀਰ ਤੋਂ ਬ੍ਰਹਮਣਾਂ ਦਾ ਜੱਥਾ ਲੈ ਕੇ ਫ਼ਰਿਆਦੀ ਬਣ ਕੇ ਆਨੰਦਪੁਰ ਸਾਹਿਬ ਆਇਆ ਸੀ। ਇਨ੍ਹਾਂ ਗੁਰੂ ਜੀ ਪਾਸ ਆ ਕੇ ਹਿੰਦੂ ਧਰਮ ਨੂੰ ਬਚਾਉਣ ਵਾਸਤੇ ਤਰਲੇ ਪਾਏ ਸੀ। ਇਤਿਹਾਸਕਾਰਾਂ ਅਨੁਸਾਰ ਕਿਰਪਾ ਰਾਮ ਅਤੇ ਸਨਮੁਖ ਦੋਵੇਂ ਆਨੰਦਪੁਰ ਸਾਹਿਬ ਹੀ ਰਹਿ ਪਏ। ਇਨ੍ਹਾਂ ਸਿੱਖੀ ਧਾਰਨ ਕਰ ਕੇ ਕਈ ਜੰਗਾਂ ਵਿੱਚ ਹਿੱਸਾ ਲਿਆ। ਦੋਹਾਂ ਨੇ ਅੰਮ੍ਰਿਤ ਛਕਿਆ। ਚਮਕੌਰ ਦੀ ਗੜ੍ਹੀ ਵਿੱਚ ਜੂਝਦਿਆਂ ਹੋਇਆਂ ਭਾਈ ਕਿਰਪਾ ਸਿੰਘ ਅਤੇ ਭਾਈ ਸਨਮੁਖ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ।

ਅੱਗੋਂ ਪਹਿਲਗਾਮ, ਅਮਰਨਾਥ, ਬਨਿਹਾਲ, ਰਾਮਬਨ, ਕਟੜਾ ਤੋਂ ਵੈਸ਼ਨੋ ਦੇਵੀ ਮੰਦਰ ਪੁੱਜੇ। ਇੱਥੇ ਪਹਾੜ 'ਤੇ ਤਿੰਨ ਟੀਸੀਆਂ ਕਾਫ਼ੀ ਉੱਚੀਆਂ ਹਨ ਇਸ ਲਈ ਇਸ ਨੂੰ 'ਤ੍ਰਿਕੁਟਾ' ਵੀ ਕਹਿੰਦੇ ਹਨ। ਵੈਸ਼ਨੋ ਦੇਵੀ ਮੰਦਰ ਵਿਖੇ ਇੱਕ ਗੁਫ਼ਾ ਹੈ ਜਿਸ ਨੂੰ 'ਗਰਭ ਜੋਨ' ਕਹਿੰਦੇ ਹਨ। ਗੁਰੂ ਸਾਹਿਬ ਨੇ ਮਰਦਾਨੇ ਨੂੰ ਦਿਖਾਇਆ ਕਿ ਗੁਫ਼ਾ ਤਾਂ ਕੁਦਰਤੀ ਬਣੀ ਹੋਈ ਹੈ ਅਤੇ ਪਾਂਡੇ ਇਸ ਨੂੰ ਰੋਟੀ-ਟੁੱਕ ਦਾ ਸਾਧਨ ਬਣਾ ਕੇ ਕੀ ਪਾਖੰਡ ਕਰ ਰਹੇ ਹਨ। ਚੱਕ ਰਬਾਬ ਬਾਣੀ ਆਈ ਹੈ:

SIKHBOOKCLUB.COM

*ਛੋਡਹੁ ਪ੍ਰਾਣੀ ਕੂੜ ਕਬਾੜਾ॥ ਕੂੜੁ ਮਾਰੇ ਕਾਲੁ ਉਛਾਹਾੜਾ॥*
*ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ॥*
*ਛੋਡਿਹੁ ਨਿੰਦਾ ਤਾਤਿ ਪਰਾਈ ਪੜਿ ਪੜਿ ਦਝਹਿ ਸਾਤਿ ਨ ਆਈ॥*
*ਮਿਲਿ ਸਤਿ ਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ॥ (1025-26)*

ਸਮਝਦਾਰ ਪਾਂਡੇ ਤਾਂ ਗੁਰ ਸ਼ਬਦ ਸੁਣ ਕੇ ਗੁਰੂ ਸਾਹਿਬ ਦੇ ਪੈਰੀਂ ਪੈ ਗਏ ਪਰ ਬੇਸਮਝ ਨਹੀਂ ਹਟੇ। ਹੁਣ ਵੀ ਵੱਡੀ ਗਿਣਤੀ ਵਿੱਚ ਇਹ ਕੂੜ ਕ੍ਰਿਆ ਜਾਰੀ ਹੈ। ਕਾਰਨ ਇਹ ਹੈ ਕਿ ਇਸ ਯਾਤਰਾ ਕਾਰਨ ਵੱਡਾ ਵਪਾਰ ਚੱਲ ਰਿਹਾ ਹੈ ਅਤੇ ਵਪਾਰੀ ਅਤੇ ਭੇਖਾਰੀ ਇਸ ਨੂੰ ਉਤਸ਼ਾਹਿਤ ਕਰ ਰਹੇ ਹਨ। ਗੁਫ਼ਾ ਦੇ ਨਜ਼ਦੀਕ ਹੀ ਇੱਕ ਮਹਿੰਦੀ ਪੀਰ ਦੀ ਕਬਰ ਹੈ ਉੱਥੇ ਜਾ ਕੇ ਵੀ ਸਤਿਗੁਰਾਂ 'ਕੂੜ ਬੋਲਿ ਮੁਰਦਾਰੁ ਖਾਇ' ਦਾ ਸਲੋਕ ਗਾਇਆ। ਝੂਠ ਨੂੰ ਤਿਆਗ ਸੱਚ ਅਪਨਾਉਣ ਲਈ ਉਪਦੇਸ਼ ਦਿੱਤਾ।

ਜੰਮੂ ਪਹੁੰਚ ਕੇ ਰਘੂਨਾਥ ਮੰਦਰ ਗਏ। ਜੰਮੂ ਨੂੰ ਮੰਦਰਾਂ ਦਾ ਸ਼ਹਿਰ ਵੀ ਕਹਿੰਦੇ ਹਨ। ਜੰਮੂ ਦਾ ਰਾਜਾ ਦਰਸ਼ਨਾਂ ਲਈ ਗੁਰੂ ਜੀ ਪਾਸ ਆਇਆ। ਸਤਿਗੁਰਾਂ ਨੇ ਉਸ ਨੂੰ ਪਰਜਾ ਨਾਲ ਇਨਸਾਫ਼, ਮਨ ਵਿੱਚ ਦਇਆ ਧਾਰਨ ਕਰਨ ਅਤੇ

ਧਰਮ ਕਰਮ ਲਈ ਆਖਿਆ। ਇੱਥੇ ਰਹਿ ਕੇ ਪੰਡਿਤਾਂ, ਯੋਗੀਆਂ ਅਤੇ ਮੌਲਾਣਿਆਂ ਨੂੰ ਵਹਿਮ-ਭਰਮਾਂ, ਜਾਦੂ-ਟੂਣਿਆਂ, ਜੰਤ੍ਰਾਂ-ਮੰਤ੍ਰਾਂ-ਤੰਤ੍ਰਾਂ ਅਤੇ ਛੂਆ-ਛਾਤ 'ਚੋਂ ਨਿਕਲ ਕੇ ਰੱਬੀ ਹੁਕਮ ਵਿੱਚ ਚੱਲਣ ਲਈ ਸਿੱਖਿਆ ਦਿੱਤੀ।

ਫਿਰ ਸਿਆਲਕੋਟ ਪੁੱਜੇ। ਇੱਥੇ ਹਮਜਾ ਗੌਂਸ ਨਾਮੀ ਪੀਰ ਆਪਣੇ ਆਪ ਨੂੰ ਰਿੱਧੀਆਂ ਸਿੱਧੀਆਂ ਦਾ ਮਾਲਕ ਜਾਣ ਕੇ ਪਰਜਾ ਨੂੰ ਤੰਗ ਕਰਦਾ ਸੀ। ਗਾਥਾ ਹੈ ਕਿ ਇਸ ਦੇ ਇੱਕ ਸੇਵਕ ਦੇ ਲੜਕਾ ਪੈਦਾ ਹੋਇਆ। ਇਹ ਪੀਰ ਕਹਿੰਦਾ, "ਤੈਨੂੰ ਲੜਕੇ ਦੀ ਦਾਤ ਮੈਂ ਦਿੱਤੀ ਹੈ। ਇਸ ਲਈ ਲੜਕਾ ਮੈਨੂੰ ਦੇ ਦੇ"। ਇਸ ਗੱਲੋਂ ਜੁਆਬ ਦੇਣ 'ਤੇ ਇਸ ਪੀਰ ਨੇ ਸ਼ਹਿਰੀਆਂ ਨੂੰ ਡਰਾਇਆ ਕਿ ਮੈਂ ਸਿਆਲਕੋਟ ਗਰਕ ਕਰ ਦੇਵਾਂਗਾ। ਬਾਬਾ ਨਾਨਕ ਇਸ ਪਾਸ ਪਹੁੰਚੇ ਅਤੇ ਆਖਿਆ, "ਹਮਜ਼ਾ ਗੌਂਸ! ਕਹਾਉਂਦਾ ਤੂੰ ਆਪਣੇ ਆਪ ਨੂੰ ਪੀਰ ਹੈਂ ਪਰ ਸੋਚ ਤੇਰੀ ਦੈਂਤਾਂ ਅਤੇ ਰਾਕਸ਼ਾਂ ਵਾਲੀ ਹੈ। ਜੇਕਰ ਇੱਕ ਬੰਦੇ ਨੇ ਆਪਣਾ ਲੜਕਾ ਤੇਰਾ ਚੇਲਾ ਨਹੀਂ ਬਣਾਇਆ ਤਾਂ ਇਸ ਬਦਲੇ ਸਾਰੇ ਸ਼ਹਿਰੀਆਂ ਨੂੰ ਸਜਾ ਦੇਣ ਲਈ ਕਹਿ ਰਿਹਾ ਹੈਂ। ਕੁਝ ਅਕਲ ਕਰ ਅਤੇ ਧਰਮੀ ਬਣ।

ਸਿਆਲਕੋਟ ਤੋਂ ਚੱਲ ਸਤਿਗੁਰੂ ਪਰਜਾ ਦੇ ਦੁੱਖ ਨਿਵਾਰਦੇ ਪਸਰੂਰ ਪਹੁੰਚੇ। ਇੱਥੇ ਮੀਆਂ ਮਿੱਠਾ ਨਾਂ ਦਾ ਫ਼ਕੀਰ ਰਹਿੰਦਾ ਸੀ। ਇਹ ਵੀ ਲੋਕਾਂ ਨੂੰ ਇਸਲਾਮ ਵਿੱਚ ਪ੍ਰਵੇਸ਼ ਕਰਨ ਲਈ ਜ਼ੋਰ ਪਾਉਂਦਾ ਸੀ। ਪੀਰੀ ਕਾਰਨ ਹੰਕਾਰੀ ਸੀ। ਜਦ ਗੁਰੂ ਸਾਹਿਬ ਇਸ ਕੋਲ ਗਏ ਤਾਂ ਇਹ ਉਨ੍ਹਾਂ ਨੂੰ ਜੀਵਨ ਸਿਧਾਂਤ ਦਰਸਾਉਣ ਬਾਰੇ ਬੋਲਿਆ:

*ਪਹਿਲਾ ਨਾਉਂ ਖ਼ੁਦਾਇ ਦਾ, ਦੂਜਾ ਨਾਉਂ ਰਸੂਲ॥*
*ਨਾਨਕ ਕਲਮਾ ਜੇ ਪੜਹਿ, ਤਾਂ ਦਰਗਹ ਪਵਹਿ ਕਬੂਲ॥*

ਬਾਬੇ ਨਾਨਕ ਨੇ ਸ਼ੇਖ ਨੂੰ ਭਾਈ ਮਰਦਾਨੇ ਨਾਲ ਮਿਲ ਕੇ ਸ਼ਬਦ ਰਾਹੀਂ ਉੱਤਰ ਦਿੱਤਾ:

*ਪਹਿਲਾ ਨਾਉਂ ਖ਼ੁਦਾਇ ਦਾ, ਦਰ ਦਰਵਾਨ ਰਸੂਲ॥*
*ਸ਼ੇਖਾ ਨੀਅਤ ਰਾਸਿ ਕਰ ਤਾ ਦਰਗਹਿ ਪਵੈ ਕਬੂਲ॥*

ਭਾਵ ਸ਼ੇਖ ਜੀ! ਠੀਕ ਹੈ ਉਸ ਖ਼ੁਦਾ ਦਾ ਨਾਂ ਸ਼੍ਰੋਮਣੀ ਹੈ ਪਰ ਰਸੂਲ ਨਾਂ ਦੀ ਕੋਈ ਦੂਜੀ ਤਾਕਤ ਨਹੀਂ। ਰਸੂਲ ਕਹਾਉਣ ਵਾਲੇ ਅਨੇਕਾਂ ਹੀ ਖ਼ੁਦਾ ਦੇ ਦਰ 'ਤੇ ਦਾਤਾਂ ਲੈਣ ਲਈ ਖੜ੍ਹੇ ਹਨ। ਕੇਵਲ ਕਲਮਾਂ ਪੜ੍ਹਨ ਨਾਲ ਉਸ ਮਾਲਕ ਦੇ ਦਰ 'ਤੇ ਕਬੂਲਿਆ ਨਹੀਂ ਜਾਂਣਾ, ਬੰਦੇ ਦੀ ਨੀਅਤ ਸਾਫ਼ ਹੋਣੀ ਚਾਹੀਦੀ ਹੈ।

ਅੰਤਰਜਾਮੀ ਗੁਰੂ ਬਾਬਾ ਜੀ ਤੀਜੀ ਉਦਾਸੀ ਸੰਪੂਰਨ ਕਰਕੇ ਪਹਿਲਾਂ ਤਲਵੰਡੀ ਆਏ। ਮਾਤਾ ਪਿਤਾ ਨੂੰ ਮਿਲ ਸੁਲਤਾਨਪੁਰ ਭੈਣ ਨਾਨਕੀ ਪਾਸ ਪਹੁੰਚ

ਗਏ। ਭੈਣ ਨਾਨਕੀ ਵੀਰ ਦੇ ਦਰਸ਼ਨ ਕਰ ਅਤਿਅੰਤ ਖੁਸ਼ ਹੋਈ ਪਰ ਰੱਬੀ ਹੁਕਮ ਅਨੁਸਾਰ ਦੂਜੇ ਦਿਨ ਚਲਾਣਾ ਕਰ ਗਈ। ਉਸ ਤੋਂ ਤਿੰਨ ਦਿਨ ਪਿੱਛੋਂ ਬੀਬੀ ਨਾਨਕੀ ਦੇ ਪਤੀ ਭਾਈ ਜੈ ਰਾਮ ਜੀ ਚੱਲ ਵਸੇ। ਸਤਿਗੁਰਾਂ ਦੇਖਿਆ ਕਿ ਮਾਤਾ ਪਿਤਾ ਦਾ ਅੰਤ ਵੀ ਨਜ਼ਦੀਕ ਹੈ ਤਾਂ ਪਿੰਡ ਤਲਵੰਡੀ ਆ ਗਏ। ਸੰਨ 1518 ਵਿੱਚ ਮਾਤਾ ਪਿਤਾ ਵੀ ਪ੍ਰਲੋਕ ਸੁਧਾਰ ਗਏ। ਸਭ ਦਾ ਦਾਹ ਸੰਸਕਾਰ ਗੁਰੂ ਜੀ ਨੇ ਆਪਣੇ ਹੱਥੀਂ ਕੀਤਾ। ਉਹ ਜਿੰਦੜੀਆਂ ਕਿਤਨੀਆਂ ਭਗਤੀ ਭਾਵ, ਸ੍ਰੇਸ਼ਠ ਅਤੇ ਧੰਨ ਸਨ ਜਿਨ੍ਹਾਂ ਨੂੰ ਗੁਰੂ ਜੀ ਨੇ ਆਪਣੇ ਹੱਥੀਂ ਸੰਸਾਰ ਤੋਂ ਵਿਦਾ ਕੀਤਾ।

## ਚੌਥੀ ਉਦਾਸੀ
## (1518-1521)

ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਮੱਕੇ ਵੱਲ ਪੱਛਮ ਤਰਫ ਜਾਣ ਲਈ ਤਿਆਰ ਕੀਤਾ। ਸਤਿਗੁਰਾਂ ਅਤੇ ਭਾਈ ਮਰਦਾਨੇ ਨੇ ਨੀਲੇ ਬਸਤਰ ਪਹਿਨ ਕੇ ਹਾਜੀਆਂ ਵਾਲਾ ਰੂਪ ਬਣਾ ਲਿਆ। ਇਹ ਰੂਪ ਇਸ ਲਈ ਧਾਰਨ ਕੀਤਾ ਕਿ ਕਾਹਬੇ ਦੇ ਅਸਥਾਨ ਵਿੱਚ ਕੇਵਲ ਮੁਸਲਮਾਨ ਹੀ ਦਾਖ਼ਲ ਹੋ ਸਕਦਾ ਹੈ। ਜਿਤਨੇ ਪੀਰ ਫ਼ਕੀਰ ਮੱਕੇ ਹੱਜ ਕਰਨ ਜਾਂਦੇ ਸਨ ਉਹ ਆਮ ਕਰਕੇ ਨੀਲੇ ਜਾਂ ਕਾਲ਼ੇ ਬਸਤਰ ਪਹਿਨਦੇ ਸਨ। ਭਾਈ ਗੁਰਦਾਸ ਨੇ ਵਾਰ 1 ਅਤੇ ਪਉੜੀ 32 ਵਿੱਚ ਗੁਰੂ ਬਾਬੇ ਦੇ ਪਹਿਰਾਵੇ ਬਾਰੇ ਦਰਜ ਕੀਤਾ ਹੈ:

SIKHBOOKCLUB.COM

*ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ। (ਵਾਰ 1, ਪਉੜੀ 32)*

ਤਲਵੰਡੀ ਤੋਂ ਚੱਲ ਕੇ ਭਾਈ ਮਰਦਾਨਾ ਪੱਛਮ ਦੀ ਦਿਸ਼ਾ ਵੱਲ ਸ਼ੱਕਰ ਗੰਜ (ਮਿਠਾਸ ਦੀ ਮੰਡੀ) ਕਟਾਸ ਰਾਜ, ਪਿੰਡ ਦਾਦਨ ਖਾਂ, ਰੋਹਤਾਸ, ਕਾਲਾ ਬਾਗ, ਡੇਰਾ ਇਸਮਾਈਲ ਖਾਂ, ਸੰਗ੍ਰਾਰ, ਡੇਰਾ ਗਾਜ਼ੀ ਖਾਂ, ਬਲੋਚਿਸਤਾਨ, ਜਾਮਪੁਰ, ਹਨਦ, ਫ਼ਾਜ਼ਲਪੁਰ, ਠੱਟਾ, ਹਿੰਗਲਾਦ ਆਦਿ ਥਾਵਾਂ ਪਾਰ ਕਰ ਕੇ ਮੱਕੇ ਪੁੱਜੇ। ਮੱਕਾ ਸਾਊਦੀ ਅਰਬ ਵਿੱਚ ਹੇਜ਼ਾਬ ਦਾ ਸ਼ਹਿਰ ਹੈ। ਇੱਥੇ ਕਾਹਬਾ ਮਹਿਰਾਬ ਇਸਲਾਮ ਧਰਮ ਦਾ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ ਹੈ। ਇਤਿਹਾਸਕ ਤੱਥਾਂ ਅਨੁਸਾਰ ਗੁਰੂ ਬਾਬਾ ਜੀ 5 ਦਸੰਬਰ 1519 ਨੂੰ ਮੱਕੇ ਪਹੁੰਚੇ ਸਨ। ਹਾਜੀ ਦੇ ਰੂਪ ਵਿੱਚ ਹੋਣ ਕਰ ਕੇ ਬਿਨ੍ਹਾਂ ਕਿਸੇ ਰੋਕ ਟੋਕ ਦੇ ਧਾਰਮਿਕ ਅਸਥਾਨ ਦੇ ਅੰਦਰ ਪਰਵੇਸ਼ ਹੋ ਗਏ। ਰਾਤ ਸਮੇਂ ਸੌਣ ਲੱਗਿਆਂ ਪੈਰ ਕਾਹਬੇ ਮਹਿਰਾਬ ਵਲ ਕਰ ਲਏ। ਜੀਵਨ ਨਾਮੀ ਕਾਜੀ ਨੇ ਸੌਂ ਰਹੇ ਬਾਬੇ ਨਾਨਕ ਦੇ ਲੱਤ ਮਾਰੀ ਅਤੇ ਬੋਲਿਆ, "ਕਾਫ਼ਰਾ! ਤੂੰ ਅੱਲਾ ਵੱਲ ਪੈਰ ਕਰ ਕੇ ਕਿਉਂ ਪਿਆ ਹੈ?" ਗੁੱਸੇ 'ਚ ਆ ਕੇ ਕਾਜੀ ਨੇ ਸਤਿਗੁਰਾਂ ਨੂੰ ਟੰਗਾਂ ਤੋਂ ਫੜ ਕੇ ਘੜੀਸਿਆ ਅਤੇ ਪੈਰ ਉਲਟ ਦਿਸ਼ਾ ਵੱਲ ਕਰ ਦਿੱਤੇ। ਪਰ ਗੁਰੂ ਸਾਹਿਬ ਨੇ ਕਿਹਾ, "ਕਾਜੀ! ਇਸਲਾਮ ਦੇ ਅਰਥ ਤਾਂ

ਹਨ ਸ਼ਾਂਤੀ। ਪਰ ਤੂੰ ਤਾਂ ਬੜਾ ਅਸ਼ਾਂਤ ਹੈ। ਜਿਸ ਤਰਫ਼ ਅੱਲਾ ਨਹੀਂ ਮੇਰੇ ਪੈਰ ਉਸ ਤਰਫ਼ ਕਰ ਦੇ"। ਉਸ ਸਮੇਂ ਐਸੀ ਕਲਾ ਵਰਤੀ ਕਿ ਕਾਜੀ ਬਾਬੇ ਦੇ ਪੈਰ ਜਿੱਧਰ ਨੂੰ ਕਰੇ ਕਾਹਬਾ ਉਸ ਨੂੰ ਉਧੱਰ ਹੀ ਦਿਖਾਈ ਦੇਵੇ। ਇਸ ਲਈ ਭਾਈ ਗੁਰਦਾਸ ਨੇ ਰਚ ਦਿੱਤਾ, "ਫਿਰਿਆ ਮੱਕਾ ਕਲਾ ਦਿਖਾਈ"। ਤਦ ਕਾਜੀ ਨੂੰ ਗਿਆਨ ਹੋ ਗਿਆ ਕਿ ਇਹ ਤਾਂ ਰੱਬੀ ਪੀਰ ਹੈ। ਝੱਟ ਗੁਰੂ ਜੀ ਦੇ ਚਰਨਾ 'ਤੇ ਢਹਿ ਪਿਆ ਅਤੇ ਗਲਤੀ ਦੀ ਮੁਆਫ਼ੀ ਮੰਗੀ।

ਫਿਰ ਰੁਕਨਦੀਨ, ਕਾਜ਼ੀ ਅਤੇ ਹੋਰ ਮੌਲਾਣਿਆਂ ਨੇ ਇਕੱਠੇ ਹੋ ਕੇ ਪੁੱਛਿਆ:

*ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?*
*ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।*

*(ਵਾਰ 1, ਪਉੜੀ 33)*

ਕਾਜੀ ਅਤੇ ਮੌਲਾਣਿਆਂ ਨੂੰ ਸਮਝਾਇਆ ਕਿ ਬਖੀਲੀ ਦਾ ਰਾਹ ਸ਼ੈਤਾਨੀ ਵਾਲਾ ਹੈ ਪਰ ਪਿਆਰ ਤੇ ਸਿਫ਼ਤ ਦਾ ਰਾਹ ਅੱਲਾਹ ਦਾ ਹੈ। ਰੁਕਨਦੀਨ ਨਾਲ ਵੀ ਅਕਾਲ ਰੂਪ ਬਾਬੇ ਦੀ ਚਰਚਾ ਹੋਈ। ਉਸ ਨੂੰ ਅੱਲਾਹ ਦੀ ਬੰਦਗੀ, ਸੱਚ 'ਤੇ ਚੱਲਣ, ਕਿਰਤ-ਕਮਾਈ ਕਰ ਕੇ ਵੰਡ ਛਕਣ ਅਤੇ ਦਸਵੰਧ ਕੱਢਣ ਲਈ ਕਿਹਾ। ਮਹਿਮਾ ਪ੍ਰਕਾਸ਼ 'ਚ ਦਰਜ਼ ਹੈ:

*ਕਰ ਮਸਕੀਨੀ ਬੰਦਗੀ ਤਾਂ ਮਿਲਐ ਬੇ-ਪ੍ਰਵਾਹ।*
*ਅਲਾ ਦੀ ਕਰ ਬੰਦਗੀ, ਸੱਚ ਬੋਲੀ ਨਿਸ ਦੇਹ।*
*ਖਾਹ ਖਵਾਵੋ ਖਟ ਕੇ, ਕਰੋ ਮਸਕਤ ਕਾਰ।*
*ਨਖ ਸਿਖ ਪਵੇ ਪਸੀਨੜਾ, ਉਹੋ ਖਾਨਾ ਸਾਰ।*
*ਦਸਵਾਂ ਹਿੱਸਾ ਉਸ ਥੀਂ, ਰਾਹਿ ਰਬ ਦੇ ਦੇਹ।*
*ਅਣ ਪੁਛੇ ਪਾਵਿਹ ਭਿਸ਼ਤ ਸੇ, ਸਚ ਹਕੀਕਤ ਏਹ।*

SIKHBOOKCLUB.COM

ਮੱਕੇ ਤੋਂ ਚੱਲ ਮਦੀਨੇ ਅਤੇ ਅੱਗੇ ਬਗਦਾਦ ਪਹੁੰਚੇ। ਬਗਦਾਦ ਸ਼ਹਿਰ ਇਸਲਾਮ ਦਾ ਗੜ੍ਹ ਸੀ। ਗੁਰੂ ਜੀ ਨੇ ਕਬਰਸਤਾਨ ਵਿੱਚ ਜਾ ਡੇਰਾ ਲਾਇਆ। ਦੂਜੇ ਦਿਨ ਅੰਮ੍ਰਿਤ ਵੇਲੇ ਸ਼ਬਦ ਉਚਾਰਨ ਕੀਤਾ, 'ਪਾਤਾਲਾ ਪਾਤਾਲ ਲਖ ਅਗਾਸਾ ਆਗਾਸ'। ਸੰਗੀਤ ਦੀਆਂ ਧੁਨਾਂ ਸੁਣ ਨਗਰ 'ਚ ਸਨਸਨੀ ਫੈਲ ਗਈ, ਲੋਕ ਠਠੰਭਰ ਗਏ ਅਤੇ ਜਾਨੂੰਨ ਆਲੇ-ਦੁਆਲੇ ਇਕੱਠਾ ਹੋ ਗਿਆ। ਇਸਲਾਮ ਵਾਲੇ ਇਸ ਸਮੇਂ 'ਅੱਲਾ ਹੂ ਅਕਬਰ' ਦੀ ਬਾਂਗ ਦੇ ਰਹੇ ਸਨ। ਬਾਬੇ ਨੇ ਉੱਚੀ ਧੁਨ 'ਚ ਉਚਾਰਿਆ, 'ਗੁਰ ਬਰ ਅਕਾਲ, ਚਿਤ ਚਰਨ ਨਾਲ, ਘਰ ਘਰ ਪ੍ਰਣਾਮ, ਪ੍ਰਭੂ ਕ੍ਰਿਪਾਲ, ਸੁ ਸਰਬ ਜੀਵਾਲ'। ਗੁੱਸੇ 'ਚ ਆਏ ਜਾਨੂੰਨ ਨੇ ਕਿਹਾ, ਮੁਹੰਮਦ ਰਸੂਲਿਲਾ' ਭੀ ਆਖ'। ਬਾਬੇ ਨੇ ਉੱਤਰ ਦਿੱਤਾ 'ਸੰਸਾਰ 'ਤੇ ਮੁਹੰਮਦ ਵਰਗੇ ਬਥੇਰੇ

ਰਸੂਲ ਹੋਏ ਹਨ ਪਰ ਉਹ ਅੱਲਾ ਦੇ ਬਰਾਬਰ ਨਹੀਂ ਹੋ ਸਕਦਾ'। ਇਹ ਕਹਿ ਕੇ ਗੁਰੂ ਜੀ ਅਤੇ ਮਰਦਾਨਾ ਸਬਦ ਗਾਉਂਦੇ ਸੰਗੀਤ ਦੀਆਂ ਧੁਨਾਂ ਵਿੱਚ ਮੁਗਧ ਹੋ ਗਏ। ਜਾਨੂੰਨ 'ਚੋਂ ਕੁਝ ਬੰਦਿਆਂ ਨੇ ਖ਼ਲੀਫੇ ਪਾਸ ਸ਼ਕਾਇਤ ਕੀਤੀ ਕਿ ਨਾਨਕ ਨਾਂ ਦਾ ਫ਼ਕੀਰ ਇੱਕ ਤਾਂ ਕਬਰਸਤਾਨ ਵਿੱਚ ਬੈਠ ਕੇ ਗਾ ਰਿਹਾ ਹੈ; ਦੂਜਾ ਅਜ਼ਾਨ ਵਿੱਚ ਰਸੂਲ ਦਾ ਨਾਂ ਨਹੀਂ ਲੈ ਰਿਹਾ ਅਤੇ ਤੀਜਾ ਲੱਖਾਂ ਪਾਤਾਲਾਂ ਦੀ ਗੱਲ ਕਰ ਰਿਹਾ ਹੈ। ਖ਼ਲੀਫੇ ਨੇ ਹੁਕਮ ਕਰ ਦਿੱਤਾ ਕਿ ਫ਼ਕੀਰ ਦੇ ਇੱਟਾਂ ਵੱਟੇ ਮਾਰ ਕੇ ਇਸ ਨੂੰ ਜਾਨੋਂ ਮਾਰ ਦਿਉ। ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ 'ਚ ਲਿਖਿਆ ਹੈ:

*ਪੱਥਰ ਚੁੱਕ ਆਏ ਜਨ ਮਹਾਨ। ਹਾਤਨ ਸੇ ਚਿਪਟੇ ਵਹਿ ਸਾਰਨ।*
*ਬਾਗਾਂ ਉਚਰਯੋ ਫਿਰ ਗੁਰੂ ਤਬੈ: ਜੜਵਤ ਲੋਗ ਭਏ ਵੇ ਸਬੈ।*

ਖ਼ਲੀਫਾ ਇਹ ਦੇਖ ਕੇ ਹੈਰਾਨ ਹੋ ਗਿਆ ਕਿ ਫ਼ਕੀਰ ਇਤਨੀ ਤਾਕਤ ਵਾਲਾ ਹੈ ਕਿ ਜਨੂੰਨ ਦੀਆਂ ਬਾਹਾਂ ਉਲਰੀਆਂ ਰਹਿ ਗਈਆਂ, ਅੱਖਾਂ ਟੱਡੀਆਂ ਰਹਿ ਗਈਆਂ ਅਤੇ ਉਹ ਵੱਟੇ ਮਾਰਨ ਤੋਂ ਹੀਣ ਕਰ ਦਿੱਤੇ ਹਨ। ਇਹ ਦੇਖ ਕੇ ਖ਼ਲੀਫਾ ਗੁਰੂ ਜੀ ਦੇ ਸ਼ਰਨ ਵਿੱਚ ਆ ਗਿਆ। ਇੱਥੇ ਸਤਿਗੁਰਾਂ ਫੇਰ ਸੂਈ ਦੀ ਸਾਖੀ ਦੁਹਰਾਈ। ਗਿਆਨੀ ਗਿਆਨ ਸਿੰਘ ਅਨੁਸਾਰ ਖ਼ਲੀਫੇ ਦੀ ਬੇਗਮ ਨੇ ਖੁਸ਼ ਹੋ ਕੇ ਇੱਕ ਟੋਪੀ ਅਤੇ ਚੋਲਾ ਗੁਰੂ ਜੀ ਨੂੰ ਭੇਂਟ ਕੀਤਾ:

*ਬਗਦਾਦੀ ਟੋਪੀ ਤੇ ਚੋਲਾ। ਬਖ਼ਸ਼ੇ ਤਾਂ ਕਿ ਜਾਨ ਅਮੋਲਾ।*
SIKHBOOKCLUB.COM
*ਲੱਖ ਮੁਹੰਮਦੀ ਗੁਰੂ ਨਾ ਰਾਖੇ। ਤਿਨ ਭੀ ਲੈ ਯੁਤ ਅਦਬੈ ਰਾਖੇ।*

ਗੁਰੂ ਜੀ ਦਾ ਚੋਜ਼ ਤੱਕ ਪੀਰ ਦਸਤਗੀਰ ਵੀ ਹੈਰਾਨ ਹੋ ਗਿਆ। ਇਸ ਨੇ ਆ ਕੇ ਕਿਹਾ,"ਨਾਨਕ! ਤੈਨੂੰ ਪਤਾ ਨਹੀਂ ਇਸਲਾਮ 'ਚ ਸੰਗੀਤ ਦੀ ਮਨਾਹੀ ਹੈ"। ਗੁਰੂ ਜੀ ਕਹਿੰਦੇ, "ਦਸਤਗੀਰ। ਜਿਸ ਸੰਗੀਤ ਨੂੰ ਤੂੰ ਸ਼ੈਤਾਨ ਦੀ ਉਪਜ ਕਹਿੰਦਾ ਹੈ ਉਹ ਠੀਕ ਨਹੀਂ। ਸੰਗੀਤ ਤਾਂ ਮਨੁੱਖੀ ਮਨਾਂ ਅੰਦਰ ਪ੍ਰੇਮ, ਹੁਲਾਸ ਅਤੇ ਆਨੰਦ ਪੈਦਾ ਕਰ ਕੇ ਸੁੱਤੀਆਂ ਕਲਾਂ ਜਗਾ ਦਿੰਦਾ ਹੈ। ਹਾਂ ਇਸ ਵਿੱਚ ਗਾਏ ਜਾਣ ਵਾਲੇ ਲੱਚਰ ਸ਼ਬਦ ਜ਼ਰੂਰ ਸ਼ੈਤਾਨ ਦੀ ਉਪਜ ਹੁੰਦੇ ਹਨ। ਨਾਲ ਹੀ ਸਤਿਗੁਰਾਂ ਕਿਹਾ ਮੋਮਨ ਨੂੰ ਤਾਂ ਮੋਮ ਦਿਲ ਹੋਣਾ ਬਣਦਾ ਹੈ। ਪੱਥਰ ਦਿਲਾਂ ਵਾਲੇ ਹੀ ਲੋਕਾਂ ਦੇ ਪੱਥਰ ਮਰਵਾਉਂਦੇ ਹਨ। ਆਹ ਦੇਖ ਤੇਰਾ ਭਰਾ ਭਾਈ ਮਰਦਾਨਾ ਜੋ ਅਸਲੀ ਮੁਸਲਮਾਨ ਹੈ ਮੇਰੇ ਨਾਲ ਦੁੱਖ ਤਕਲੀਫ਼ਾਂ ਝੱਲਦਾ ਹੋਇਆ ਪ੍ਰਭੂ ਦੇ ਗੀਤ ਗਾ ਰਿਹਾ ਹੈ। ਪੀਰ ਦਸਤਗੀਰ ਦੇ ਮਨ ਅੰਦਰ ਪੀਰੀ ਦੀ ਹਉਮੈ ਹੋਣ ਕਰਕੇ ਗੁਰੂ ਜੀ ਦੀ ਹੋਰ ਪਰਖ ਕਰਨ ਲੱਗਿਆ।

ਪੀਰ ਦਸਤਗੀਰ (ਬੈਰੋਲ ਸ਼ਾਹ) ਦਾ ਰੁਤਬਾ ਮਜ਼ਹਬ ਵਿੱਚ ਬੜਾ ਉੱਚਾ ਸੀ ਕਿਉਂਕਿ ਧਾਰਮਿਕ ਤੌਰ ਤੇ ਮੁਖੀਆ ਸੀ। ਇਸ ਦੇ ਚੇਲੇ ਖ਼ਲੀਫੇ ਬੜੇ ਸਨ। ਪੰਨ

ਗੁਰੂ ਨਾਨਕ ਦੇਵ ਜੀ ਨੂੰ ਇਨ੍ਹਾਂ ਨੇ ਪੀਰ ਦਸਤਗੀਰ ਜੋ ਸਿੰਘਾਸਨ 'ਤੇ ਬੈਠਾ ਸੀ ਅੱਗੇ ਪਕੜ ਕੇ ਇਉਂ ਪੇਸ਼ ਕੀਤਾ ਜਿਵੇਂ ਉਹ ਵੱਡੇ ਮੁਜਰਮ ਹੋਣ। ਪੀਰ ਨੇ ਕਿਹਾ, 'ਤੂੰ ਕਾਫ਼ਰ ਹੈਂ" ਕਿਉਂਕਿ ਤੂੰ ਆਪਣੇ ਆਪ ਨੂੰ ਹਿੰਦੀ ਪੀਰ ਕਹਾਉਂਦਾ ਹੈ। ਜੇਕਰ ਮੇਰੇ ਸਵਾਲਾਂ ਦਾ ਜੁਆਬ ਨਾ ਦਿੱਤਾ ਤਾਂ ਜ਼ਮੀਨ 'ਚ ਗੱਡ ਕੇ ਪੱਥਰ ਮਾਰ ਮਾਰ ਕੇ ਮਾਰਾਂਗੇ"। ਦਸਤਗੀਰ ਦਾ ਅਸਲ ਭਾਵ ਤਾਂ ਹੈ ਦੂਜਿਆਂ ਦਾ ਹੱਥ ਫੜਨ ਵਾਲਾ ਅਰਥਾਤ ਮੱਦਦਗਾਰ। ਪਰ ਪ੍ਰਭੂ ਦੇ ਗਿਆਨ ਤੋਂ ਹੀਣਾਂ ਹੋਣ ਕਰ ਕੇ ਪੀਰ ਹੰਕਾਰੀ ਸੀ।

ਇਸ ਨੇ ਗੁਰੂ ਜੀ ਨੂੰ ਪਹਿਲਾ ਸਵਾਲ ਕੀਤਾ ਨਾਨਕ ਦੱਸ ਖ਼ੁਦਾ ਤੋਂ ਪਹਿਲਾਂ ਕੀ ਸੀ? ਇਸ ਸਵਾਲ ਦਾ ਜੁਆਬ ਦੇਣ ਲਈ ਸਤਿਗੁਰਾਂ ਕਿਹਾ, "ਪੀਰ! ਇੱਕ ਥੈਲੀ ਮੋਤੀਆਂ ਦੀ ਮੰਗਵਾ"। ਇਹ ਗੱਲ ਸੁਣ ਕੇ ਦਸਤਗੀਰ ਨੇ ਸੋਚਿਆ ਕਿ ਫ਼ਕੀਰ ਬਹੁਤ ਲੋਭੀ ਹੈ। ਫਿਰ ਸਤਿਗੁਰਾਂ ਆਖਿਆ, "ਇਨ੍ਹਾਂ ਮੋਤੀਆਂ ਨੂੰ ਇੱਕ ਥਾਲ ਵਿੱਚ ਪੁਆ ਲੈ ਅਤੇ ਇਨ੍ਹਾਂ ਦੀ ਗਿਣਤੀ ਕਰਨ ਦਾ ਇਸ਼ਾਰਾ ਕੀਤਾ। ਜਦੋਂ ਦਸਤਗੀਰ ਇੱਕ ਦੋ ਤਿੰਨ ਦੀ ਗਿਣਤੀ ਕਰਨ ਲੱਗਿਆ ਤਾਂ ਗੁਰੂ ਜੀ ਨੇ ਹੱਥ ਪਕੜ ਕੇ ਆਖਿਆ, "ਗਿਣਤੀ ਠੀਕ ਕਰੋ"। ਪੀਰ ਕਹਿੰਦਾ, ਗਿਣਤੀ ਤਾਂ ਠੀਕ ਹੈ"। ਜਦੋਂ ਦੁਬਾਰਾ ਗਿਣਤੀ ਕਰਨ ਲੱਗਿਆ ਤਾਂ ਸਤਿਗੁਰਾਂ ਫੇਰ ਬਾਂਹ ਪਕੜ ਕਿ ਕਿਹਾ, "ਤੂੰ ਆਰੰਭਤਾ ਵਿੱਚ ਹੀ ਗਲਤੀ ਕਰ ਦਿੱਤੀ ਹੈ"। ਇਸੇ ਤਰ੍ਹਾਂ ਜਦੋਂ ਤੀਜੀ ਵਾਰ ਪੀਰ ਗਿਣਤੀ ਕਰਨ ਲੱਗਿਆ ਤਾਂ ਗੁਰੂ ਸਾਹਿਬ ਨੇ ਇੱਕ 'ਤੇ ਹੀ ਬਾਂਹ ਪਕੜ ਲਈ ਅਤੇ ਦਰਸਾਇਆ ਕਿ ਖ਼ੁਦਾ ਇੱਕ ਹੀ ਹੈ, ਖ਼ੁਦਾ ਤੋਂ ਪਹਿਲਾਂ ਕੁਝ ਨਹੀਂ ਅਤੇ ਨਾ ਹੀ ਅੱਗੇ ਹੈ।

ਦੂਜਾ ਸਵਾਲ ਕੀਤਾ ਕਿ ਖ਼ੁਦਾ ਰਹਿੰਦਾ ਕਿੱਥੇ ਹੈ? ਗੁਰੂ ਸਾਹਿਬ ਨੇ ਕਿਹਾ,"ਦਸਤਗੀਰ! ਦੁੱਧ ਦਾ ਪਿਆਲਾ ਮੰਗਾ। ਦਸਤਗੀਰ ਨੇ ਸੋਚਿਆ ਕਿ ਮੈਂ ਸਵਾਲ ਕਰਨ ਤੋਂ ਪਹਿਲਾਂ ਫ਼ਕੀਰ ਨੂੰ ਖਾਣ ਪੀਣ ਲਈ ਨਹੀਂ ਪੁੱਛਿਆ। ਪਤਾ ਨਹੀਂ ਕਦੋਂ ਦਾ ਭੁੱਖਾ ਹੋਵੇਗਾ। ਦਸਤਗੀਰ ਨੇ ਆਪਣੇ ਚੇਲਿਆਂ ਤੋਂ ਦੁੱਧ ਦਾ ਕਟੋਰਾ ਮੰਗਵਾਇਆ। ਦਸਤਗੀਰ ਨੇ ਕਿਹਾ, "ਫ਼ਕੀਰ ਜੀ ਦੁੱਧ ਪੀਉ"। ਗੁਰੂ ਸਾਹਿਬ ਨੇ ਦੁੱਧ ਵੱਲ ਦੇਖ ਨੱਕ ਵੱਟਿਆ। ਦਸਤਗੀਰ ਕਹਿੰਦਾ, "ਦੁੱਧ ਤਾਂ ਪਾਕ ਹੈ"। ਗੁਰੂ ਨਾਨਕ ਦੇਵ ਜੀ ਕਹਿੰਦੇ, "ਮੈ ਇਹ ਨਹੀਂ ਕਿਹਾ ਕਿ ਦੁੱਧ ਨਾਪਾਕ ਹੈ ਪਰ ਇਸ ਵਿੱਚ ਕੁਝ ਦਿਖਾਈ ਦਿੰਦਾ ਹੈ। ਦਸਤਗੀਰ ਦੁੱਧ ਦੇ ਕਟੋਰੇ ਨੂੰ ਚੰਗੀ ਤਰ੍ਹਾਂ ਦੇਖ ਕੇ ਕਹਿੰਦਾ ਇਸ ਵਿੱਚ ਕੁਝ ਨਹੀਂ। ਮਹਾਰਾਜ ਕਹਿਣ ਲੱਗੇ ਇਸ ਦੇ ਵਿੱਚ ਘਿਉ ਹੈ ਕਿ ਨਹੀਂ। ਗੁਰੂ ਜੀ ਕਹਿੰਦੇ, "ਦੁੱਧ ਦੇ ਹਰ ਕਣ ਵਿੱਚ ਘਿਉ ਹੈ ਪਰ ਜਿਸ ਤਰ੍ਹਾਂ ਘਿਉ ਦਿਖਾਈ ਨਹੀਂ ਦਿੰਦਾ ਇਸੇ ਤਰ੍ਹਾਂ ਖ਼ੁਦਾ ਵੀ ਦਿਖਾਈ ਨਹੀਂ ਦਿੰਦਾ। ਪੀਰ ਜੀ! ਕੁਦਰਤ ਦੇ ਹਰ ਜ਼ਰਰੇ ਵਿੱਚ ਨਿਰੰਕਾਰ ਦੀ ਜੋਤਿ ਹੈ ਅਤੇ ਹਰ ਥਾਂ ਉਸ ਦਾ ਟਿਕਾਣਾ ਹੈ"।

ਪੀਰ ਨਿਮੋਝੂਣਾ ਹੋ ਕੇ ਕਹਿੰਦਾ, "ਮੇਰਾ ਤੀਜਾ ਸਵਾਲ ਹੈ ਕਿ ਖੁਦਾ ਕੀ ਕਰਦਾ ਹੈ? ਗੁਰੂ ਸਾਹਿਬ ਕਹਿੰਦੇ, "ਪੀਰ ਜੀ! ਤੁਸੀਂ ਸਿੰਘਾਸਨ ਤੇ ਬੈਠੇ ਹੋਂ ਅਤੇ ਮੈਂ ਤੁਹਾਡੇ ਅੱਗੇ ਧਰਤੀ 'ਤੇ ਇੱਕ ਮੁਜ਼ਰਮ ਵਾਂਗ ਖੜ੍ਹਾ ਹਾਂ"। ਦਸਤਗੀਰ ਕਹਿੰਦਾ, "ਫਿਰ ਮੈਂ ਕੀ ਕਰਾਂ! ਮੈਨੂੰ ਇਹ ਸਿੰਘਾਸਨ ਖੁਦਾ ਨੇ ਦਿੱਤਾ ਹੈ"। ਗੁਰੂ ਜੀ ਕਹਿੰਦੇ, "ਮੇਰੀ ਇੱਕ ਗੱਲ ਮੰਨੇਗਾ"। ਪੀਰ ਕਹਿੰਦਾ, "ਜ਼ਰੂਰ ਮੰਨਾਗਾ"। ਸਾਹਿਬਾਂ ਨੇ ਆਖਿਆ, ਥੋੜ੍ਹਾ ਚਿਰ ਲਈ ਮੈਨੂੰ ਆਪਣੀ ਜਗ੍ਹਾ 'ਤੇ ਬੈਠਣ ਦਿਉ"। ਦਸਤਗੀਰ ਗੁਰੂ ਜੀ ਦੀ ਜਗ੍ਹਾ 'ਤੇ ਸਵਾਲ ਦਾ ਉੱਤਰ ਲੈਣ ਲਈ ਖੜ੍ਹ ਗਿਆ। ਧੰਨ ਗੁਰੂ ਨਾਨਕ ਦੇਵ ਜੀ ਸਿੰਘਾਸਨ ਤੇ ਚੌਂਕੜਾ ਮਾਰ ਕੇ ਬੈਠ ਗਏ ਅਤੇ ਅੱਖਾਂ ਮੀਟ ਲਈਆਂ। ਕੁਝ ਸਮਾਂ ਬਾਅਦ ਜਦੋਂ ਅੱਖਾਂ ਖੋਲ੍ਹੀਆਂ ਅਤੇ ਮੁਸਕਰਾ ਕੇ ਕਿਹਾ, "ਦਸਤਗੀਰ। ਸਵਾਲ ਦਾ ਉੱਤਰ ਮਿਲ ਗਿਆ ਹੈ ਕਿ ਨਹੀਂ। ਕਹਿੰਦਾ, "ਉਹ ਕਿਵੇਂ?" ਮਹਾਰਾਜ ਕਹਿੰਦੇ, "ਛਿਨ ਵਿੱਚ ਖੁਦਾ ਸਿੰਘਾਸਨ ਤੇ ਬਿਠਾ ਦਿੰਦਾ ਹੈ ਅਤੇ ਛਿਨ ਵਿੱਚ ਥੱਲੇ ਲਾਹ ਦਿੰਦਾ ਹੈ, ਖੁਦਾ ਇਹੀ ਕੁਝ ਕਰਦਾ ਹੈ"।

ਜਿਸ ਪੀਰ ਦਸਤਗੀਰ ਦੇ ਥੜ੍ਹੇ 'ਤੇ ਸਤਿਗੁਰੂ ਜੀ ਬੈਠੇ ਸਨ ਉੱਥੇ ਨੇੜੇ ਹੀ ਅੱਜ ਕਲ੍ਹ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਸ ਥੜ੍ਹੇ ਉਪੱਰ ਅਰਬੀ ਦੇ ਅੱਖਰਾਂ ਵਿੱਚ ਲਿਖਿਆ ਹੋਇਆ ਹੈ, ਜਿਸ ਨੂੰ ਪੰਜਾਬੀ 'ਚ ਸਰਦਾਰ ਤੇਜਾ ਸਿੰਘ ਅਤੇ ਗੰਡਾ ਸਿੰਘ ਨੇ 'ਸਿੱਖ ਇਤਿਹਾਸ' ਵਿੱਚ ਇੰਞ ਅੰਕਿਤ ਕੀਤਾ ਹੈ:

'ਗੁਰੂ ਮੁਰਾਦ ਏਲਦੀ ਹਜ਼ਰਤ ਰਬੁੱਲਮਜ਼ੀਦ, ਬਾਬਾ ਨਾਨਕ ਫ਼ਕੀਰ ਔਲਾ, ਨਗਾਹ ਇਮਾਰਤ ਜ਼ਦੀਦ ਇਮਦਾਦ ਏ ਦੂਬ ਕਲਦੀ ਕਿ ਤਾਰੀਖ ਨਰ ਧਾਮ ਦੀ ਸਵਾਬ ਅਜ਼ਰਾਈਦਹ ਆਨੀ ਮੁਰੀਦ ਸਈਦਰ 887 ਹਿਜਰੀ (ਸੰਨ 1520)'। ਹਿਜਰੀ ਸਾਲ ਸੰਨ 622-23 'ਚ ਸ਼ੁਰੂ ਹੋਇਆ ਸੀ।

ਫਿਰ ਇਰਾਕ ਪਹੁੰਚ ਕੇ ਬਹਿਲੋਲ ਸ਼ਾਹ ਨਾਲ ਚਰਚਾ ਹੋਈ। ਤਕਰੀਬਨ 17 ਦਿਨ ਗੁਰੂ ਸਾਹਿਬ ਉਸ ਪਾਸ ਠਹਿਰੇ। ਸਤਿਕਾਰ ਵੱਜੋਂ  ਬਹਿਲੋਲ ਸ਼ਾਹ ਨੇ ਉਸ ਜਗ੍ਹਾ 'ਤੇ ਜਿੱਥੇ ਬੈਠ ਮਰਦਾਨੇ ਨਾਲ ਪ੍ਰਭੂ ਦੀ ਕੀਰਤੀ ਆਲਾਪੀ , ਉੱਚਾ ਥੜ੍ਹਾ ਬਣਵਾਇਆ। ਉਸ ਥੜ੍ਹੇ ਉਪੱਰ ਇਹ ਸ਼ਬਦ ਲਿਖਵਾਏ:

'ਕੋਰਲਾ ਮੁਰਾਦ ਐਲ ਦੀ ਹਜ਼ਵਤ ਹਬੁਲ ਮਜ਼ੀਦ ਬਾਬਾ ਨਾਨਕ ਫ਼ਕੀਰ ਔਲਾ।'

ਇਸ ਥੜ੍ਹੇ ਦੇ ਕੋਲ ਹੀ ਗੁਰੂ ਜੀ ਵੱਲੋਂ ਖੁਦਵਾਇਆ ਖੂਹ ਹੈ ਜਿਸ ਦਾ ਪਾਣੀ ਮਿੱਠਾ ਹੈ ਜਦ ਕਿ ਆਲੇ-ਦੁਆਲੇ ਦਾ ਪਾਣੀ ਖਾਰਾ ਹੈ। ਤੁਰਕੀ ਦੇ ਵਿੱਚ ਗੁਰੂ ਜੀ ਦੇ ਨਾਮ ਤੇ ਇੱਕ ਸ਼ਿਲਾਲੇਖ ਹੈ ਜਿਸ ਉਪੱਰ ਅਰਬੀ/ਤੁਰਕੀ ਭਾਸ਼ਾ ਵਿੱਚ ਉਕੱਰਿਆ ਹੋਇਆ ਹੈ:

*'ਜਹਾਂਗੀਰ ਜਮਾਂ ਹਿੰਦ ਸਤ ਅਬਦ ਆਲ ਮਾਜ਼ੀਦ ਨਾਨਕ'*

ਭਾਵ ਜਮਾਨੇ ਦਾ ਮਾਲਕ ਹਿੰਦ ਦਾ ਸਤ ਪੁਰਸ਼ ਅਤੇ ਅੱਲਾ ਰੂਪੀ ਨਾਨਕ ਇੱਥੇ ਆਇਆ। ਸੀਰੀਆ ਵਿੱਚ ਵੀ 'ਨਾਨਕ ਵਲੀ ਹਿੰਦ' ਦਾ ਸਥਾਨ ਬਾਬਾ ਫ਼ਰੀਦ ਦੀ ਯਾਦਗਾਰ ਦੇ ਕੋਲ ਹੈ। ਮਿਸਰ ਵਿੱਚ ਕਾਹਿਰਾ (Caria) ਵਿਖੇ ਸਤਿਗੁਰਾਂ ਖ਼ੈਰ ਬੱਕ ਜਿਹੜਾ ਉਸ ਸਮੇਂ ਮਿਸਰ ਦਾ ਗਵਰਨਰ ਸੀ ਨੂੰ ਸਿੱਖੀ ਦਾ ਉਪਦੇਸ਼ ਦਿੱਤਾ ਸੀ। ਸਰਦਾਰ ਹਰਪਾਲ ਸਿੰਘ ਕਸੂਰ ਜਿਹੜੇ ਟੋਰੰਟੋ (ਕੈਨੇਡਾ) ਵਿਖੇ ਰਹਿੰਦੇ ਹਨ। ਉਨ੍ਹਾਂ ਆਪਣੇ 4 ਸਤੰਬਰ 2009 ਦੇ ਲੇਖ 'ਸਤਿਗੁਰੂ ਨਾਨਕ ਸਾਹਿਬ ਦੀ ਚੌਥੀ ਉਦਾਸੀ ਦੀਆਂ ਕੁਝ ਅਣਗੌਲੀਆਂ ਥਾਵਾਂ ਵਿੱਚ ਵਰਨਣ ਕੀਤਾ ਹੈ ਕਿ ਮੈਂ ਆਪ ਜਾ ਕੇ ਉਹ ਥੜ੍ਹਾ ਦੇਖਿਆ ਹੈ ਜਿਸ ਉਪੱਰ 'ਅਲਵਲੀ-ਨਾਨਕ ਮੁਕਾਮ' ਸੀਮਿੰਟ ਨਾਲ ਲਿਖਿਆ ਹੋਇਆ ਹੈ। ਇਸ ਥੜ੍ਹੇ ਬਾਰੇ 1886 ਵਿੱਚ ਸੂਡਾਨ (Sudan expedition) ਕਾਹਿਰਾ ਵਿਖੇ ਗਏ ਸਿੱਖ ਫੌਜੀਆਂ ਨੇ ਜਾਣਕਾਰੀ ਦਿੱਤੀ ਸੀ। ਉਨ੍ਹਾਂ ਇਸ ਥੜ੍ਹੇ 'ਤੇ ਪੋਥੀ ਰੱਖ ਕੇ ਗੁਰਬਾਣੀ ਦਾ ਕੀਰਤਨ ਕੀਤਾ ਸੀ ਅਤੇ 900 ਦਮੜਿਆਂ ਦਾ ਪ੍ਰਸ਼ਾਦ ਵੰਡਿਆ ਸੀ। ਹਰਪਾਲ ਸਿੰਘ ਨੇ ਇਹ ਜਾਣਕਾਰੀ ਪ੍ਰੋਫੈਸਰ ਸੁਰਿੰਦਰ ਸਿੰਘ ਕੋਹਲੀ ਦੀ ਕਿਤਾਬ (Travels of Guru Nanak) ਅਤੇ ਗਿਆਨੀ ਗਿਆਨ ਸਿੰਘ ਦੇ ਗ੍ਰੰਥ 'ਚੋਂ ਪ੍ਰਾਪਤ ਕੀਤੀ ਸੀ। ਉਹ ਅੱਗੇ ਲਿਖਦੇ ਹਨ ਕਿ ਮੈਂ ਡੇਢ ਮਹੀਨਾ ਉੱਥੇ ਰਹਿ ਕੇ ਉਥੋਂ ਦੀਆਂ ਮਿਊਂਸਪੈਲਟੀਆਂ, ਜਿਨ੍ਹਾਂ ਨੂੰ ਗਰੀਕੀ ਭਾਸ਼ਾ ਵਿੱਚ Demorkhi ਕਹਿੰਦੇ ਹਨ, ਦੀਆਂ ਪੁਸਤਕਾਂ ਵਿੱਚੋਂ 'ਇਲਾਹੀ ਨੂਰ' ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਲਾਹੀ ਨੂਰ ਬਿਲਡਿੰਗ ਜ਼ਾਰੀ ਨਾਮੀ ਪਹਾੜੀ (Mount Ypsario) ਤੇ ਪਿੰਡ ਕਾਸਤਰੋ Castro ਵਿੱਚ ਸਥਿੱਤ ਹੈ। ਇੱਥੇ ਮਾਰਟਿਨ ਲੂਥਰ Martin Luther (1483-1546) ਨਾਲ ਸਤਿਗੁਰਾਂ ਫ਼ਾਰਸੀ ਵਿੱਚ ਗੋਸ਼ਟੀ ਕੀਤੀ ਸੀ।

ਸਤਿਗੁਰੂ ਅਤੇ ਭਾਈ ਮਰਦਾਨਾ ਜੀ Leo-X (Pope) (1475-1521) ਦੇ ਨਾਲ St. Peter Square ਵਿਖੇ ਪੋਪ ਦੀ ਇਸ ਰਹਾਇਸ਼ ਗਾਹ ਵਿੱਚ ਕੁਝ ਦਿਨ ਠਹਿਰੇ ਸਨ। ਪੋਪ ਨੇ ਨੇਪਲਜ਼ ਵਿੱਚ ਦੀ ਲੰਘ ਕੇ ਬਾੜੀ (Bari) ਦੀ ਬੰਦਰਗਾਹ 'ਤੋਂ ਸਤਿਗੁਰਾਂ ਨੂੰ ਵਿਦਾ ਕੀਤਾ। ਹਰਪਾਲ ਸਿੰਘ ਦੀ ਖੋਜ਼ ਅਨੁਸਾਰ ਸਤਿਗੁਰਾਂ ਨੇ ਨਿਕੋਲਸ ਕੋਪਰੀਨਿਕਸ (1473-1543) ਨਾਲ ਵੀ ਅਲਬਾਨੀਆਂ ਦੀ ਸਮੁੰਦਰੀ ਬੰਦਰਗਾਹ ਵੈਲੋਰ (Velore) 'ਤੇ ਗੱਲਬਾਤ ਕੀਤੀ। ਇਹ 1920 ਵਿੱਚ ਅਲੈਗਜ਼ੈਂਡਰੀਆ ਤੋਂ ਇਜਿਪਟ, ਏਥਨਜ਼ ਅਤੇ ਰੋਮ ਦੀਆਂ ਲਾਇਬ੍ਰੇਰੀਆਂ ਦਾ ਅਧਿਐਨ ਕਰਕੇ ਆਇਆ ਸੀ। Coperinicks ਨੇ ਇਹ ਸਿਧਾਂਤ ਦਿੱਤਾ ਸੀ ਕਿ ਧਰਤੀ ਗੋਲ ਹੈ ਅਤੇ ਸੂਰਜ ਦੇ ਦੁਆਲੇ ਘੁੰਮ ਰਹੀ ਹੈ। ਪਿੱਛੋਂ ਗਲੀਲੀਉ ਨੇ ਵੀ ਦੂਰਬੀਨ ਰਾਹੀਂ ਇਹ ਗੱਲ ਸਿੱਧ ਕਰ ਦਿੱਤੀ। ਇਸਾਈ ਮੱਤ ਦੇ ਪਾਦਰੀਆਂ ਨੇ ਗਲੀਲੀਉ ਨੂੰ ਮੂਰਖ ਕਿਹਾ, ਧਰਤੀ ਗੋਲ ਹੋਣ ਬਾਰੇ ਕਹਿਣ ਕਰਕੇ ਭਾਰੀ ਵਿਰੋਧ ਕੀਤਾ ਅਤੇ ਉਸ ਨੂੰ ਜੇਲ੍ਹ ਵੀ ਭੁਗਤਣੀ ਪਈ। ਲਗਦਾ ਹੈ ਕੋਪਰੀਨਿਕਸ

ਨੂੰ ਵੀ ਧਰਤੀ ਗੋਲ ਹੋਣ ਬਾਰੇ ਅਤੇ ਸੂਰਜ ਦੁਆਲੇ ਚੱਕਰ ਕੱਟਣ ਬਾਰੇ ਗੁਰੂ ਨਾਨਕ ਦੇਵ ਜੀ ਦੀ ਗੱਲਬਾਤ ਨਾਲ ਹੀ ਗਿਆਨ ਹੋਇਆ ਹੋਵੇਗਾ।

ਮਾਰਟਿਨ ਲੂਥਰ ਨੂੰ ਗੁਰੂ ਸਾਹਿਬ ਬਾਰੇ G.G. Potanto (ਜੀ.ਜੀ.ਪੋਟੈਂਟੋ) ਤੋਂ ਪਤਾ ਲੱਗਿਆ ਹੋਵੇਗਾ। ਪੋਟੈਂਟੋ ਨਾਲ 1501 ਵਿੱਚ ਹਰਿਦੁਆਰ ਵਿਖੇ ਗੁਰੂ ਜੀ ਨਾਲ ਮੇਲ ਹੋਇਆ ਸੀ। ਮਾਰਟਿਨ ਲੂਥਰ 1504 ਵਿੱਚ ਯੂਨੀਵਰਸਿਟੀ ਐਰਫਰਟ (Erfurt) ਵਿੱਚ ਐੱਮ. ਐਸ. ਸੀ. ਕਰਦਾ ਸੀ। ਇਹ ਜਾਣਕਾਰੀ ਪੋਟੈਂਟੋ ਦੀ ਕਿਤਾਬ 'Le Giver Di Napoli Di Giovan Gioviano Pontanto' ਦੇ ਪੰਨਾ 66 'ਤੇ ਦਰਜ ਹੈ। ਮਾਰਟਿਨ ਲੂਥਰ ਬੁਲਾਰੀਆ ਤੋਂ ਆਇਆ ਸੀ ਅਤੇ ਅਲਬਾਨੀਆ ਨੂੰ ਚੱਲਿਆ ਸੀ। ਇਲਾਹੀ ਨੂਰ ਮਹਿਲ ਵਿਖੇ 20 ਫਰਵਰੀ 1920 ਨੂੰ ਫ਼ਾਰਸੀ ਵਿੱਚ ਗੁਰੂ ਜੀ ਅਤੇ ਮਾਰਟਿਨ ਲੂਥਰ ਦੀ ਗੱਲਬਾਤ ਹੋਈ ਸੀ।

ਇਸੇ ਤਰ੍ਹਾਂ ਕਾਸਤਰੋ ਵਿਖੇ ਰੋਮ ਦੇ ਬਾਦਸ਼ਾਹ ਚਾਰਲਸ ਪੰਜਵੇਂ (Charles V) ਨਾਲ ਵੀ ਗੁਰੂ ਜੀ ਨੇ ਵਿਚਾਰ ਵਟਾਂਦਰਾ ਕੀਤਾ। ਕਾਸਤਰੋ ਵਿਖੇ ਉਹ ਖੂਹ ਵੀ ਮੌਜੂਦ ਹੈ ਜਿੱਥੇ ਗੁਰੂ ਜੀ ਤੇ ਭਾਈ ਮਰਦਾਨਾ ਤੜਕਸਾਰ ਇਸ਼ਨਾਨ ਕਰਦੇ ਸਨ। (www. satguruweebly.com)। ਮਾਰਟਿਨ ਲੂਥਰ ਦੀਆਂ ਲਿਖਤਾਂ ਦਾ ਵੀ ਇਸਾਈ ਭਾਈਚਾਰੇ ਨੇ ਸਖ਼ਤ ਵਿਰੋਧ ਕੀਤਾ ਸੀ।

ਰੋਮ ਦਾ ਸੁਲਤਾਨ ਹਮੀਦ ਕਾਰੂਨ ਕਾਰੂੰ ਵੀ ਗੁਰੂ ਜੀ ਦਾ ਸਮਕਾਲੀ ਸੀ। ਕਾਰੂੰ ਹਜ਼ਰਤ ਮੂਸਾ ਦਾ ਚਚੇਰਾ ਭਰਾ ਸੀ। ਇਸ ਦੇ ਰਾਜ ਅੰਦਰ ਝੂਠ, ਧੋਖਾ ਅਤੇ ਬੇਈਮਾਨੀ ਸਿਖਰਾਂ 'ਤੇ ਸੀ। ਇਸ ਨੇ ਤਾਂ ਮੁਰਦਿਆਂ ਦੀਆਂ ਕਬਰਾਂ ਪੁਟਵਾ ਕੇ ਵੀ ਉਨ੍ਹਾਂ ਦੇ ਮੂੰਹ 'ਚੋਂ ਰੋਮ ਦੇ ਰੁਪਏ ਕਢਵਾਏ ਸਨ। ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬ ਇਸ ਦੇ ਪਾਸ ਵੀ ਪਹੁੰਚੇ ਅਤੇ ਮਾੜੇ ਕੰਮਾਂ ਤੋਂ ਇਸ ਨੂੰ ਵਰਜਿਆ। ਕਾਰੂੰ ਨੂੰ ਇਹ ਕਹਿ ਕੇ ਸਮਝਾਇਆ, "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ"।

Gold Smith also writes:

Ill fares the land. To hastening ills a prey where wealth accumulates and men decay.

ਭਾਵ ਗਲਤ ਢੰਗ ਨਾਲ ਇਕੱਤਰ ਕੀਤੀ ਜ਼ਮੀਨ ਜਾਂ ਧਨ ਬੰਦਿਆਂ ਨੂੰ ਗਾਲ ਕੇ ਰੱਖ ਦਿੰਦਾ ਹੈ।

ਗੁਰੂ ਜੀ ਨੇ ਕਿਹਾ :

*ਦਮੜਾ ਤਿਸੀ ਕਾ ਜੋ ਖਰਚੇ ਔਰ ਖਾਏ।*
*ਤਹਿਕੀਕ ਦਿਲ ਦਾਨੀ ਵੁਹੀ ਭਿਸ਼ਤਾ ਜਾਏ।*

ਜਾਰਜ ਫੌਰੈਸਟਰ (George Forester) ਨੇ ਆਪਣੇ ਸਫ਼ਰਨਾਮੇ ਵਿੱਚ, ਜਿਹੜਾ (1784-85) ਵਿੱਚ ਲਿਖਿਆ, ਗੁਰੂ ਸਾਹਿਬ ਜੀ ਦੇ ਰੂਸ ਵਿਖੇ ਪਧਾਰਨ 'ਤੇ ਅਤੇ ਅਸਤਰਾ ਖਾਨ ਵਿੱਚ ਬਣੇ ਗੁਰਦੁਆਰਾ ਸਾਹਿਬ ਦਾ ਜ਼ਿਕਰ ਕੀਤਾ ਹੈ। ਸੰਨ 1885 ਵਿੱਚ ਪ੍ਰੋਫੈਸਰ ਗੁਰਮੁਖ ਸਿੰਘ ਨੇ ਖ਼ਾਲਸਾ ਅਖ਼ਬਾਰ ਵਿੱਚ ਵੀ ਇਹ ਅੰਕਿਤ ਕੀਤਾ ਹੈ। ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ 'ਕੱਤਕ ਕਿ ਵਿਸਾਖ' (1912) ਨੇ ਮਿਸਟਰ ਮੋਦੀ ਦਾ ਹਵਾਲ ਦੇ ਕੇ ਲਿਖਿਆ ਹੈ ਕਿ ਗੁਰੂ ਸਾਹਿਬ ਬਾਕੂ ਵੀ ਗਏ ਸਨ।

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਯਾਤਰਾ ਕਰਦੇ ਕਰਦੇ ਕਾਬਲ, ਪਿਸ਼ਾਵਰ ਆਦਿ ਤੋਂ ਹੁੰਦੇ ਹੋਏ ਹਸਨ ਅਬਦਾਲ (ਪੰਜਾ ਸਾਹਿਬ) ਪੁੱਜੇ। ਇੱਥੇ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਤਿੰਨ ਵਾਰ ਪਾਣੀ ਲਿਆਉਣ ਲਈ ਵਲੀ ਕੰਧਾਰੀ ਪਾਸ ਭੇਜਿਆ। ਪਰ ਇਸ ਹੰਕਾਰੀ ਨੇ ਪਾਣੀ ਪੀਣ ਲਈ ਵੀ ਨਾ ਦਿੱਤਾ। ਜਦੋਂ ਸਤਿਗੁਰਾਂ ਪਾਣੀ ਦਾ ਚਸ਼ਮਾ ਰੱਬੀ ਚੋਜ਼ ਵਰਤਾ ਕੇ ਚਲਾ ਦਿੱਤਾ ਤਾਂ ਵਲੀ ਕੰਧਾਰੀ ਨੇ ਕ੍ਰੋਧ ਵਿੱਚ ਆ ਕੇ ਸਾਹਿਬਾਂ ਨੂੰ ਮਾਰ-ਮੁਕਾਉਣ ਲਈ ਇੱਕ ਪੱਥਰ ਪਹਾੜੀ ਤੋਂ ਰੇੜ੍ਹ ਦਿੱਤਾ। ਤਦ ਮਰਦੇ ਕਾਮਿਲ ਨੇ ਕੰਧਾਰੀ ਦਾ ਹੰਕਾਰ ਤੋੜਨ ਲਈ ਉਹ ਪੱਥਰ ਹੱਥ ਨਾਲ ਰੋਕ ਲਿਆ ਜਿਸ ਉੱਪਰ ਉਨ੍ਹਾਂ ਦੇ ਪੰਜੇ ਦਾ ਨਿਸ਼ਾਨ ਪੈ ਗਿਆ। ਗਵਾਹੀ ਹੈ:

*ਤਿਸ (ਵਲੀ ਕੰਧਾਰੀ) ਛਿਨ ਭਾਰੀ ਸਿਲਾ ਬਿਸਾਲਾ।*
*ਅਜਮਤ ਤੇ ਪਹਾਰ ਤਿਸ ਕਾਲਾ:*
*(ਉਤ੍ਰਾਧ ਅਧਿਆਇ 24, ਨਾਨਕ ਪ੍ਰਕਾਸ਼)*

SIKHBOOKCLUB.COM

ਅੱਗੇ ਜਦੋਂ ਹਿੰਦੂਆਂ ਦੇ ਤੀਰਥ ਕਟਾਸ ਰਾਜ ਪਹੁੰਚੇ ਤਾਂ ਆਪਣੇ ਆਪ ਨੂੰ ਰੱਬ ਦੀ ਸ਼ਹੁ ਸੁਹਾਗਨ (ਪੀਰ ਔਰਤਾਂ ਵਰਗੇ ਕਪੜੇ ਪਹਿਨਕੇ) ਅਖਵਾ ਰਿਹਾ ਸੀ। ਇਸ ਦੇ ਡੇਰੇ 'ਤੇ ਕਾਫੀ ਇਕੱਠ ਸੀ। ਸਾਹਿਬਾਂ ਨੇ ਕਿਹਾ, "ਮਰਦਾਨਿਆਂ" ਦੇਖ ਇੱਥੇ ਕਿਸ ਕਾਰਨ ਲੋਕਾਂ ਦੀ ਭੀੜ ਜਮ੍ਹਾ ਹੈ। ਜਦੋਂ ਮਰਦਾਨਾ ਇਕੱਠ ਕੋਲ ਗਿਆ ਤਾਂ ਲੋਕਾਂ ਦੱਸਿਆ ਕਿ ਇੱਥੇ ਸ਼ਹੁ ਸੁਹਾਗਨ ਨਾਮੀ ਪੀਰ ਰਹਿੰਦਾ ਹੈ, ਪਰ ਉਸ ਪਾਸ ਜਾਣਾ ਵਿਵਰਜਤ ਹੈ। ਭਾਈ ਮਰਦਾਨੇ ਨੇ ਕਿਹਾ, "ਨਾਨਕ ਸਾਹਿਬ ਦਾ ਸੁਨੇਹਾ ਪੀਰ ਤੱਕ ਪਹੁੰਚਾ ਦਿਉ ਕਿ ਉਹ ਪੀਰ ਜੀ ਨੂੰ ਮਿਲਣਾ ਚਾਹੁੰਦੇ ਹਨ"। ਜਦੋਂ ਪੀਰ ਦੇ ਚੇਲੇ ਨੇ ਸਤਿਗੁਰਾਂ ਦਾ ਸੁਨੇਹਾ ਦਿੱਤਾ ਤਾਂ ਉਸ ਨੇ ਕਿਹਾ ਕਿ ਅੱਜ ਦਾ ਦਿਨ ਮੈਂ ਕਿਸੇ ਨੂੰ ਦਰਸ਼ਨ ਨਹੀਂ ਦੇਣੇ। ਪਰ ਕੁਝ ਸਮੇਂ ਪਿੱਛੋਂ ਦੋ ਧਿਰਾਂ 'ਚ ਝਗੜਾ ਹੋ ਗਿਆ। ਉਪਰੰਤ ਲੋਕਾਂ ਨੇ ਉਸ ਕੋਲ ਜਾਣਾ ਛੱਡ ਦਿੱਤਾ ਕਿਉਂਕਿ ਉਹ ਔਰਤਾਂ ਵਾਲੇ ਕਪੜੇ ਪਹਿਨ ਕੇ ਕੁਕਰਮ ਕਰਦਾ ਸੀ। ਗੁਰੂ ਸਾਹਿਬ ਤਾਂ ਇੱਕ ਮਾਤਾ ਦੇ ਦਰਸ਼ਨਾਂ ਲਈ ਲੋਚਾ ਪੂਰੀ ਕਰਨ ਲਈ ਇੱਥੇ ਠਹਿਰੇ ਹੋਏ ਸਨ। ਸ਼ਹੁ

ਸੁਹਾਗਨ ਦੇ ਪਾਖੰਡ ਦਾ ਪਾਜ ਉਘੜਨ ਕਾਰਨ ਅਤੇ ਲੋਕਾਂ ਦੇ ਵਿਰੋਧ ਕਾਰਨ ਆਖੀਰ ਇਹ ਪੁੱਛ-ਪੁਛਾ ਕੇ ਸਤਿਗੁਰਾਂ ਦੇ ਚਰਨੀ ਆ ਪਿਆ। ਗੁਰੂ ਸਾਹਿਬ ਨੇ ਇਸ ਨੂੰ ਕੋਈ ਬੁਰਾ ਭਲਾ ਨਹੀਂ ਕਿਹਾ ਸਗੋਂ ਸਮਝਾਇਆ ਕਿ ਰੱਬ ਭੇਖਾਂ ਵਿੱਚ ਨਹੀਂ ਮਿਲਦਾ। ਉਹ ਤਾਂ ਸੇਵਾ, ਸਿਮਰਨ, ਸਹਿਜ, ਸੰਤੋਖ ਅਤੇ ਸੱਚ ਧਾਰਨ ਕੀਤਿਆਂ ਰੀਝਦਾ ਹੈ। ਗੁਰੂ ਜੀ ਦਾ ਰੱਬੀ ਉਪਦੇਸ਼ ਗ੍ਰਹਿਣ ਕਰ ਕੇ ਇਹ ਸਿੱਧੇ ਰਸਤੇ 'ਤੇ ਟੁਰ ਪਿਆ ਅਤੇ ਗੁਰੂ ਨਾਨਕ ਦਾ ਮੁਰੀਦ ਹੋ ਗਿਆ। ਇੰਞ ਗੁਰੂ ਸਾਹਿਬ ਦੇ ਚੋਜਾਂ, ਸਹਿਣ ਸ਼ਕਤੀ ਅਤੇ ਚਮਤਕਾਰ ਦੇਖ ਭਾਈ ਮਰਦਾਨਾ ਹੈਰਾਨ ਰਹਿ ਜਾਂਦਾ ਸੀ। ਇਹੀ ਕਾਰਨ ਸਨ ਕਿ ਉਹ ਸਾਰਾ ਜੀਵਨ ਗੁਰੂ ਜੀ ਦੀ ਤਾਬਿਆ ਵਿੱਚ ਹੀ ਰਿਹਾ।

ਸੰਨ 1521 (ਬਿਕਰਮੀ 1578) 'ਚ ਗੁਰੂ ਸਾਹਿਬ ਫੇਰ ਭਾਈ ਲਾਲੋ ਪਾਸ ਏਮਨਾਬਾਦ ਆ ਠਹਿਰੇ। ਕਾਬਲ ਤੋਂ ਬਾਬਰ ਹਿੰਦੁਸਤਾਨ ਨੂੰ ਲੁੱਟਣ ਲਈ ਫ਼ੌਜ ਚਾੜ੍ਹ ਕੇ ਲੈ ਆਇਆ ਜਿਸ ਨੂੰ ਗੁਰੂ ਸਾਹਿਬ ਨੇ 'ਪਾਪ ਕੀ ਜੰਞ' ਆਖਿਆ। ਇਸ ਹਮਲੇ ਦੌਰਾਨ ਬਾਬਰ ਦੀਆਂ ਫੌਜਾਂ ਨੇ ਭਾਰੀ ਲੁੱਟ ਮਾਰ ਕੀਤੀ, ਗਰੀਬਾਂ, ਅਮੀਰਾਂ, ਬੱਚਿਆਂ-ਬੁੱਢਿਆਂ ਨੂੰ ਨਹੀਂ ਬਖਸ਼ਿਆ ਅਤੇ ਮੌਤ ਦੇ ਘਾਟ ਉਤਾਰ ਦਿੱਤਾ। ਮਾਤਾਵਾਂ, ਭੈਣਾਂ ਅਤੇ ਸੁਆਣੀਆਂ ਦੀ ਪੱਤ ਲੁੱਟਣ ਕਰ ਕੇ ਸਾਹਿਬਾਂ ਨੇ ਰੱਬ ਨੂੰ ਟੁਕ ਮਾਰੀ ਅਤੇ ਹੂਕ ਵਿੱਚ ਉਚਾਰਿਆ:

*ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥*

SIKHBOOKCLUB.COM

ਇਸ ਜੰਗ ਵਿੱਚ ਬਾਬਰ ਦੇ ਸਿਪਾਹੀਆਂ ਨੇ ਗੁਰੂ ਸਾਹਿਬ ਅਤੇ ਮਰਦਾਨੇ ਨੂੰ ਵੀ ਪਕੜ ਲਿਆ। ਧੱਕਾ ਕਰ ਕੇ ਲੁੱਟੇ ਹੋਏ ਮਾਲ ਦੀ ਪੰਡ ਗੁਰੂ ਜੀ ਦੇ ਸਿਰ 'ਤੇ ਟਿਕਾ ਦਿੱਤੀ ਅਤੇ ਬਾਬਰ ਦੇ ਵਜ਼ੀਰ ਨੇ ਆਪਣੇ ਘੋੜੇ ਦੀ ਲਗਾਮ ਮਰਦਾਨੇ ਨੂੰ ਪਕੜਾ ਦਿੱਤੀ। ਨਾਲ ਹੀ ਡਰਾਬਾ ਦਿੱਤਾ ਕਿ ਜੇਕਰ ਘੋੜਾ ਛੁੱਟ ਗਿਆ ਤਾਂ ਤੈਨੂੰ ਜਾਨੋਂ ਮਾਰ ਦੇਵਾਂਗਾ। ਜਦੋਂ ਵਜ਼ੀਰ ਨੇ ਇਹਨਾਂ ਨੂੰ ਮੂਹਰੇ ਲਾਇਆ ਤਾਂ ਇਹ ਦੇਖ ਸਤਿਗੁਰਾਂ ਆਖਿਆ, 'ਭਾਈ ਮਰਦਾਨੇ! ਰਬਾਬ ਵਜਾ ਬਾਣੀ ਆਈ ਹੈ' ਮਰਦਾਨੇ ਨੇ ਗੁਰੂ ਜੀ ਦਾ ਹੁਕਮ ਪਰਵਾਨ ਕਰਕੇ ਰਬਾਬ ਨੂੰ ਸੁਰ ਕੀਤਾ ਅਤੇ ਘੋੜੇ ਦੀ ਲਗਾਮ ਛੱਡ ਦਿੱਤੀ। ਵਜ਼ੀਰ ਨੇ ਇੱਥੇ ਅਸਚਰਜਤਾ ਨਾਲ ਤੱਕਿਆ ਕਿ ਲੁੱਟੇ ਹੋਏ ਮਾਲ ਦੀ ਪੰਡ ਗੁਰੂ ਜੀ ਦੇ ਸਿਰ ਤੋਂ ਗਿੱਠ ਉੱਚੀ ਹੈ, ਘੋੜਾ ਮੌਜ ਨਾਲ ਤੁਰਿਆ ਜਾ ਰਿਹਾ ਹੈ, ਨਾਨਕ ਪੀਰ ਸ਼ਬਦ ਗਾ ਰਿਹਾ ਹੈ ਅਤੇ ਮਰਦਾਨਾ ਰਬਾਬ ਵਜਾ ਰਿਹਾ ਹੈ ਅਤੇ ਸ਼ਬਦ ਸੀ:

*ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥*
*ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ (722)*

ਦੋਹਾਂ ਨੂੰ ਪਕੜ ਕੇ ਜੇਲ੍ਹ 'ਚ ਡੱਕ ਦਿੱਤਾ। ਫਿਰ ਚੱਕੀ ਨਾਲ ਪੀਸਣ ਲਈ ਦਾਣੇ ਦੇ ਦਿੱਤੇ। ਬਾਬਰ ਦੇ ਵਜੀਰ ਨੇ ਇੱਥੇ ਹੋਰ ਅਚੰਬਾ ਦੇਖਿਆ। ਉਹ ਸੀ ਕਿ ਗੁਰੂ ਨਾਨਕ ਦੀ ਚੱਕੀ ਆਪ ਮੁਹਾਰੇ ਚੱਲ ਰਹੀ ਹੈ। ਜਦੋਂ ਬਾਬਰ ਨੂੰ ਇਹ ਗੱਲ ਦੱਸੀ ਤਾਂ ਉਹ ਵੇਖਣ ਲਈ ਆਇਆ। ਇਹ ਨਜ਼ਾਰਾ ਦੇਖ ਹੈਰਾਨ ਹੋ ਗਿਆ। ਤਾਂ ਸਾਹਿਬਾਂ ਉੱਚੀ ਆਵਾਜ਼ ਵਿੱਚ ਆਖਿਆ, "ਓ ਬਾਬਰ! ਤੂੰ ਜ਼ਾਬਰ ਹੈਂ। ਜੇਕਰ ਰਾਜੇ ਵੱਲੋਂ ਪਰਜਾ ਨੂੰ ਇਨਸਾਫ਼ ਨਾ ਮਿਲੇ, ਧਰਮੀ ਅਖਵਾਉਣ ਵਾਲੇ ਕਾਜੀ ਹਕੂਮਤ ਦੇ ਝੋਲੀ-ਚੁੱਕ ਹੋ ਜਾਣ, ਮਨਮਾਨੀਆਂ ਕਰਨ ਅਤੇ ਗਰੀਬਾਂ ਦਾ ਘਾਣ ਹੋਵੇ ਤਾਂ ਸਮਝ ਰਾਜ ਭਾਗ ਦਾ ਪਤਨ ਹੋਣ ਵਾਲਾ ਹੈ। ਜੇਕਰ ਤੂੰ ਕੁਝ ਸਮਾਂ ਰਾਜ ਕਰਨਾ ਚਹੁੰਦਾ ਹੈਂ ਤਾਂ ਸਾਰੇ ਕੈਦੀ ਛੱਡ ਕੇ ਪਰਜਾ ਨਾਲ ਪਿਆਰ, ਇਨਸਾਫ਼ ਅਤੇ ਉਪਕਾਰ ਕਰੀਂ। ਨਸ਼ਾ-ਪੱਤਾ ਅਤੇ ਜੂਆ ਖੇਡਣਾ ਛੱਡ ਕੇ ਅੱਲਾ ਦੀ ਭਜਨ ਬੰਦਗੀ 'ਚ ਲੱਗ ਜਾ"। ਬਾਬਰ ਨੇ ਸਤਿਗੁਰਾਂ ਅੱਗੇ ਸਿਰ ਝੁਕਾਇਆ ਅਤੇ ਉਨ੍ਹਾਂ ਦੇ ਉਪਦੇਸ਼ ਮੰਨਣ ਅਤੇ ਉਨ੍ਹਾਂ 'ਤੇ ਚੱਲਣ ਦਾ ਵਾਅਦਾ ਕੀਤਾ ਅਤੇ ਵਾਅਦਾ ਨਿਭਾਇਆ ਵੀ। ਭਾਈ ਗੁਰਦਾਸ ਜੀ ਦੇ ਬੋਲ ਹਨ।

*ਬਾਬਰ ਕੇ ਬਾਬੇ ਮਿਲੇ ਮਿਲ ਮਿਲ ਸਭ ਨਬਾਬ ਨਿਵਾਯਾ।*

ਜਦੋਂ ਬਾਬਰ ਨੇ ਇਨ੍ਹਾਂ ਨੂੰ ਜੇਲ੍ਹ ਚੋਂ ਛੱਡ ਦਿੱਤਾ ਤਾਂ ਭਾਈ ਮਰਦਾਨੇ ਨੇ ਕਿਹਾ, "ਦਾਤਾ ਜਿੱਥੇ ਵੀ ਆਪਾਂ ਜਾਂਦੇ ਹਾਂ ਉੱਥੇ ਮਾਰ ਮੁਕਾਉਣ ਦੀ ਗੱਲ ਹੀ ਹੁੰਦੀ ਹੈ"। ਸਤਿਗੁਰੂ ਕਹਿੰਦੇ, "ਭਾਈ ਮਰਦਾਨੇ! ਇਹ ਜੋ ਸਿੱਖ ਪੰਥ ਖੜ੍ਹਾ ਕਰਨ ਲੱਗੇ ਹਾਂ, ਇਸ ਵਿੱਚ ਸਿਧਾਂਤ ਹੀ ਇਹ ਰੱਖਿਆ ਹੈ 'ਨਾ ਡਰੋ ਨਾ ਡਰਾਵੋ', 'ਜੀਉ ਅਤੇ ਜਿਉਣ ਦਿਉ', ਕਿਰਤੀਆਂ ਅਤੇ ਗਰੀਬਾਂ ਦੀ ਭਲਾਈ ਲਈ ਜੇਕਰ ਮਰਨਾ ਵੀ ਪਵੇ ਤਾਂ ਆਪਣੇ ਆਪ ਨੂੰ ਕੁਰਬਾਨ ਕਰ ਦਿਉ"। ਅਰਥਾਤ :

*ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (1102)*

ਭਾਈ ਮਰਦਾਨੇ ਸੰਸਾਰ ਅੰਦਰ ਸਾਕਤਾਂ, ਜ਼ਾਬਰਾਂ, ਚੋਰਾਂ, ਠੱਗਾਂ, ਲੁਟੇਰਿਆਂ ਦਾ ਜੀਵਨ ਮੰਤਵ ਹੀ ਲੋਕਾਈ ਨੂੰ ਲੁੱਟਣਾ, ਕੁੱਟਣਾ ਅਤੇ ਮਾਰਨਾ ਹੁੰਦਾ ਹੈ।ਆਪਾਂ ਵੀ ਜਦੋਂ ਇਨ੍ਹਾਂ ਨੂੰ ਸਹੀ ਮਾਰਗ 'ਤੇ ਤੋਰਨ ਲਈ ਘਰੋਂ ਚੱਲੇ ਸੀ ਤਾਂ ਸੀਸ ਤਲੀ ਤੇ ਰੱਖ ਲਿਆ ਸੀ ਕਿਉਂਕਿ ਰਸਤੇ ਵਿੱਚ ਆਦਮਖੋਰਾਂ, ਜੰਗਲੀ ਅਤੇ ਜ਼ਹਿਰੀਲੇ ਜਾਨਵਰਾਂ ਨਾਲ ਵਾਹ ਪੈਣਾ ਸੀ। ਪਰ ਪਰਮਾਤਮਾ ਨੇ ਹਰ ਜਗ੍ਹਾ ਆਪਾਂ ਨੂੰ ਹੱਥ ਦੇ ਕੇ ਬਚਾਈ ਰੱਖਿਆ। ਇੰਵ ਏਮਨਾਬਾਦ ਸ਼ਹਿਰ ਦੁਬਾਰਾ ਹਸਦਾ, ਵਸਦਾ, ਰਸਦਾ ਕਰਵਾ ਕੇ ਗੁਰੂ ਜੀ ਕਰਤਾਰਪੁਰ (ਅੱਜ ਕਲ੍ਹ ਪਾਕਿਸਤਾਨ ਵਿੱਚ ਹੈ) ਆ ਗਏ ਅਤੇ ਉਦਾਸੀ ਵੇਸ ਉਤਾਰ ਦਿੱਤਾ। ਭਾਈ ਗੁਰਦਾਸ ਜੀ ਦੀ ਲਿਖਤ ਹੈ:

*ਫਿਰਿ ਬਾਬਾ ਆਇਆ ਕਰਤਾਰਪੁਰਿ , ਭੇਖੁ ਉਦਾਸੀ ਸਗਲ ਉਤਾਰਾ।*
*ਪਹਿਰਿ ਸੰਸਾਰੀ ਕਪੜੇ, ਮੰਜੀ ਬੈਠ ਕੀਆ ਅਵਤਾਰਾ।*

*(ਵਾਰ 1, ਪਉੜੀ 38)*

ਵੱਡੀ ਗੱਲ ਸਤਿਗੁਰਾਂ ਇਹ ਕੀਤੀ ਕਿ ਉਦਾਸੀਆਂ ਦੇ ਸ਼ੁਰੂ ਵਿੱਚ ਕਿਰਤੀ ਭਾਈ ਲਾਲੋ ਪਾਸ ਪਹੁੰਚੇ ਅਤੇ ਸੰਪੂਰਨਤਾ ਸਮੇਂ ਵੀ ਉਸ ਦੇ ਕੋਲ ਆਏ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੱਤ ਵਾਰ ਭਾਈ ਲਾਲੋ ਦਾ ਨਾਮ ਉਚਾਰਿਆ। ਕਰਤਾਰਪੁਰ ਸਾਹਿਬ ਪਹੁੰਚ ਕੇ ਧਰਮਸ਼ਾਲਾ ਤਿਆਰ ਕਰਾਈ। ਗ੍ਰਹਿਸਤ ਮਾਰਗ ਵਿੱਚ ਵਿਚਰਦਿਆਂ 17 ਸਾਲ ਹੱਥੀਂ ਖੇਤੀ ਕੀਤੀ ਅਤੇ ਸਿੱਖੀ ਦਾ ਦੂਰ ਦੂਰ ਤੱਕ ਪ੍ਰਚਾਰ ਕੀਤਾ। ਇਨ੍ਹਾਂ ਫੇਰੀਆਂ ਦੌਰਾਨ ਜਿੱਥੇ ਸਤਿਨਾਮ ਦਾ ਮੰਤ੍ਰ ਲੋਕਾਈ ਨੂੰ ਦ੍ਰਿੜ ਕਰਵਾਇਆ ਉੱਥੇ ਕਰਤਾਰਪੁਰ ਵਿਖੇ ਸਤਿਸੰਗ ਦਾ ਪ੍ਰਵਾਹ ਚਲਾਇਆ।

ਇਸ ਉਪਰੰਤ ਸਤਿਗੁਰਾਂ ਅਚੱਲ ਵਟਾਲੇ ਸ਼ਿਵਰਾਤ ਦੇ ਮੇਲੇ 'ਤੇ ਜੋਗੀਆਂ ਦਾ ਹੰਕਾਰ ਤੋੜਿਆ ਅਤੇ ਫਿਰ ਸਿੱਧਾਂ ਦੇ ਜੰਤ੍ਰਾਂ ਮੰਤ੍ਰਾਂ ਦੀ ਤਾਕਤ ਨੂੰ ਨਸ਼ਟ ਕੀਤਾ। ਅਖੀਰ ਸਿੱਧਾਂ ਨੇ ਆਖ ਦਿੱਤਾ:

*ਸਿਧਿ ਬੋਲਨਿ ਸੁਭਿ ਬਚਨਿ ਧੰਨੁ ਨਾਨਕ ਤੇਰੀ ਵਡੀ ਕਮਾਈ।*
*ਵਡਾ ਪੁਰਖੁ ਪਰਗਟਿਆ ਕਲਜੁਗਿ ਅੰਦਰਿ ਜੋਤਿ ਜਗਾਈ।*

*(ਵਾਰ 1, ਪਉੜੀ 44)*

SIKHBOOKCLUB.COM

ਗੁਰੂ ਜੀ ਨੇ ਦੇਖਿਆ ਕਿ ਮੁਲਤਾਨ ਦੇ ਪੀਰ ਬਹੁਤ ਹੰਕਾਰੀ ਅਤੇ ਵਿਕਾਰੀ ਹਨ। ਹੋਰ ਕਿਸੇ ਪੀਰ, ਫ਼ਕੀਰ, ਔਲੀਏ ਆਦਿ ਨੂੰ ਮੁਲਤਾਨ 'ਚ ਵੜਨ ਨਹੀਂ ਦਿੰਦੇ। ਭਾਈ ਗੁਰਦਾਸ ਜੀ ਅਨੁਸਾਰ:

*ਮੇਲਿਓ ਬਾਬਾ ਉਠਿਆ ਮਲਤਾਨੇ ਦੀ ਜਾਰਤਿ ਜਾਈ।*
*ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ।*

*ਬਾਬੇ ਕਢਿ ਕਰ ਬਗਲ ਤੇ ਚੰਬੇਲੀ ਦੁਧਿ ਵਿਚਿ ਮਿਲਾਈ।*
*ਜਿਉ ਸਾਗਰਿ ਵਿਚਿ ਗੰਗ ਸਮਾਈ।(ਵਾਰ 1, ਪਉੜੀ 44)*

ਭਾਵ ਮੁਲਤਾਨ ਦੇ ਪੀਰਾਂ ਨੇ ਵੇਖਿਆ ਕਿ ਬਾਬਾ ਨਾਨਕ ਨਗਰ ਵਿੱਚ ਆਣ ਪਹੁੰਚਾ ਹੈ। ਇਹ ਹੁਣ ਸਾਡੇ ਧੰਦੇ ਨੂੰ ਸੱਟ ਮਾਰੇਗਾ। ਇਨ੍ਹਾਂ ਗੁਰੂ ਜੀ ਅੱਗੇ ਦੁੱਧ ਦਾ ਨੱਕੋ ਨੱਕ ਭਰਿਆ ਪਿਆਲਾ ਰੱਖ ਦਿੱਤਾ। ਜਿਸ ਦਾ ਇਸ਼ਾਰਾ ਮਾਤ੍ਰ ਕਥਨ ਸੀ ਕਿ ਇੱਥੇ ਤੇਰੇ ਲਈ ਕੋਈ ਥਾਂ ਨਹੀਂ। ਸਤਿਗੁਰਾਂ ਇਨ੍ਹਾਂ ਪੀਰਾਂ ਨੂੰ ਸਮਝਾਉਣ ਲਈ ਦੁੱਧ ਦੇ ਪਿਆਲੇ 'ਤੇ ਚੰਬੇਲੀ ਦਾ ਫੁੱਲ ਟਿਕਾ ਦਿੱਤਾ। ਜਿਸ ਦਾ ਭਾਵ ਸੀ ਪੀਰੋ ਜਿਸ ਤਰ੍ਹਾਂ ਇਸ ਫੁੱਲ ਨਾਲ ਦੁੱਧ ਨਹੀਂ ਡੁੱਲ੍ਹਿਆ ਇਸੇ ਤਰ੍ਹਾਂ ਸਾਡੇ ਇੱਥੇ ਆਉਣ ਨਾਲ ਤੁਹਾਡੇ ਕਾਰੋਬਾਰ ਨੂੰ ਧੱਕਾ ਨਹੀਂ ਲੱਗੇਗਾ। ਭਾਈ ਗੁਰਦਾਸ ਜੀ

ਕਹਿੰਦੇ ਜਿਸ ਤਰ੍ਹਾਂ ਸਮੁੰਦਰ ਦਾ ਪਾਣੀ ਖਾਰਾ ਹੈ ਜੋ ਪੀਣ ਯੋਗ ਨਹੀਂ ਹੁੰਦਾ। ਇਸੇ ਤਰ੍ਹਾਂ ਪੀਰ ਵੀ ਮਾਨੋ ਖਾਰੇ ਪਾਣੀ ਦੀ ਨਿਆਈਂ ਸਨ। ਪਰ ਗੁਰੂ ਜੀ ਗੰਗਾ ਦੇ ਜਲ ਦੀ ਨਿਆਈਂ ਹਨ ਜਿਹੜਾ ਮਿੱਠਾ ਹੈ। ਅਰਥਾਤ ਗੁਰੂ ਸਾਹਿਬ ਤਾਂ ਪੀਰਾਂ ਦੇ ਮਨਾਂ ਅੰਦਰ ਪ੍ਰਭੂ ਦਾ ਮਿੱਠਾ ਨਾਮ ਪਾਉਣ ਲਈ ਮੁਲਤਾਨ ਗਏ ਸਨ।

ਇਸੇ ਤਰ੍ਹਾਂ ਕਰਤਾਰਪੁਰ ਰਹਿੰਦਿਆਂ ਵੀ ਗੁਰੂ ਸਾਹਿਬ ਨੇ ਤੁਰ ਫਿਰ ਕੇ ਦੂਰ ਦੂਰ ਤੱਕ ਸਿੱਖੀ ਦਾ ਪ੍ਰਚਾਰ ਜਾਰੀ ਰੱਖਿਆ ਜਿਸ ਨੂੰ ਕਈ ਲਿਖਾਰੀਆਂ ਨੇ ਪੰਜਵੀਂ ਉਦਾਸੀ ਲਿਖ ਦਿੱਤਾ ਹੈ।

ਸਰ ਮੁਹੰਮਦ ਇਕਬਾਲ ਨੇ ਗੁਰੂ ਨਾਨਕ ਦੇਵ ਜੀ ਨੂੰ ਮਰਦੇ ਕਾਮਿਲ, ਵਹਾਦਤ ਦਾ ਗੀਤ ਗੌਣ ਵਾਲਾ, ਵਿਸ਼ਵ ਭਾਈਚਾਰੇ ਨੂੰ ਅਪਨਾਉਣ , ਉਦੱਮੀ ਬਨਾਉਣ ਅਤੇ ਸੁੱਤਿਆਂ ਨੂੰ ਜਗਾਉਣ ਵਾਲਾ ਰਹਿਬਰ ਲਿਖਿਆ ਹੈ:

*ਫਿਰ ਉਠੀ ਆਖਿਰ ਤੌਹੀਦਗੀ ਸਦਾ ਪੰਜਾਬ ਸੇ।*
*ਹਿੰਦ ਕੋ ਇਕ ਮਰਦ ਕਾਮਲ ਨੇ ਜਗਾਇਆ ਖਵਾਬ ਸੇ।*

ਗੁਰੂ ਸਾਹਿਬ ਦੀਆਂ ਇਨ੍ਹਾਂ ਉਦਾਸੀਆਂ ਸੰਬੰਧੀ ਇਤਿਹਾਸਕਾਰਾਂ, ਲਿਖਾਰੀਆਂ, ਦਾਰਸ਼ਨਿਕਾਂ, ਕਵੀਆਂ, ਵਿਦਵਾਨਾਂ ਅਤੇ ਸਿੱਖ ਫ਼ੌਜੀਆਂ ਨੇ ਬਹੁਤ ਮਿਹਨਤ ਨਾਲ ਖੋਜ ਕੀਤੀ ਹੈ ਅਤੇ ਕਰੀ ਜਾ ਰਹੇ ਹਨ। ਇਹ ਮਾਨੋਂ ਸਿੱਖੀ ਦੇ ਹੰਸ ਹਨ। ਭਾਈ ਹਰਪਾਲ ਸਿੰਘ ਕਸੂਰ (ਟੋਰੰਟੋ) ਵਾਲਿਆਂ ਦੀ ਖੋਜ਼ ਅਨੁਸਾਰ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਜੀ ਅਲਾਸਕਾ, ਔਰੇਗਨ, ਨਿਊਜ਼ੀਲੈਂਡ, ਅਸਾਟ੍ਰੇਲੀਆ, ਪਪੂਆ, ਨਿਊ ਗੁਨੀਆ, ਦੱਖਣੀ ਅਫਰੀਕਾ, ਉੱਤਰੀ ਅਤੇ ਦੱਖਣੀ ਅਮਰੀਕਾ ਅਤੇ ਯੋਰਪੀ ਦੇਸਾਂ ਵਿੱਚ ਵੀ ਗਏ। ਇਹ ਸਾਰੀ ਜਾਣਕਾਰੀ ਉਨ੍ਹਾਂ ਨੇ ਇੰਟਰਨੈਨੈੱਟ ਦੀ ਸਾਈਟ www.satguru.weebly.com 'ਤੇ ਪਾਈ ਹੋਈ ਹੈ। ਯੁਗਾਂਡਾ ਵਿੱਚ ਕੰਪਾਲਾ ਤੋਂ 100 ਮੀਲ ਦੂਰੀ ਤੇ ਵੀ 'ਬਾਮੂ ਨਾਨਕ' ਅਸਥਾਨ ਹੈ। ਪੁਰਾਤਨ ਲਿਖੀਆਂ ਪੁਸਤਕਾਂ 'ਚੋਂ ਖੋਜੀਆਂ ਨੇ ਅਜਿਹੀ ਜਾਣਕਾਰੀ ਪ੍ਰਾਪਤ ਕੀਤੀ ਹੈ। ਇਨ੍ਹਾਂ ਉਦਾਸੀਆਂ ਸੰਬੰਧੀ ਹੋਰ ਖੋਜ ਦੀ ਵੱਡੀ ਜ਼ਰੂਰਤ ਹੈ। ਇਸ ਤੋਂ ਵੀ ਵੱਧ ਜ਼ਰੂਰਤ ਉਨ੍ਹਾਂ ਥਾਵਾਂ ਦੀ ਸੇਵਾ ਸੰਭਾਲ ਕਰਨਾ ਹੈ।

ਵਾਰਨੇ, ਬਲਿਹਾਰਨੇ ਅਤੇ ਕੁਰਬਾਨ ਜਾਈਏ ਗੁਰੂ ਨਾਨਕ ਦੇਵ ਜੀ ਦੇ ਅਤੇ ਉਨ੍ਹਾਂ ਦੇ ਹਮਜੋਲੀ ਉਦਾਸੀਆਂ ਦੇ ਰਾਹੀ ਭਾਈ ਮਰਦਾਨਾ ਜੀ ਦੇ ਜਿਨ੍ਹਾਂ ਪੈਦਲ ਚਾਲੇ ਨਾਲ ਸਾਲਾਂ ਬੱਧੀ ਦੂਰ ਦੂਰ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਇਹ ਪ੍ਰਚਾਰ ਗਰੀਬ, ਦੱਬੇ-ਕੁਚਲੇ ਤੇ ਭੋਲੇ-ਭਾਲੇ ਲੋਕਾਂ ਨੂੰ ਜਗਾਉਣ, ਔਗੁਣ ਤਿਆਗਣ ਅਤੇ ਸੱਚੇ ਪ੍ਰਭੂ ਨਾਲ ਜੋੜਨ ਲਈ ਕੀਤਾ। ਨਾਲ ਹੀ ਉਨ੍ਹਾਂ ਰਾਜੇ, ਰਾਣਿਆਂ, ਸੁਲਤਾਨਾਂ, ਦੁਸ਼ਟਾਂ, ਦੈਤਾਂ, ਕਾਜੀਆਂ, ਪਾਂਡਿਆਂ, ਜੋਗੀਆਂ, ਸਿੱਧਾਂ ਆਦਿ ਨੂੰ ਵੰਗਾਰਿਆ ਅਤੇ ਸਹੀ ਮਾਰਗ ਤੇ ਚੱਲਣ ਲਈ ਪੁਕਾਰਿਆ ਅਤੇ ਸਿੰਗਾਰਿਆ।

# 5

# ਗੁਰਬਾਣੀ ਰਚੇਤਾ

ਗੁਰੂਆਂ, ਭਗਤਾਂ, ਗੁਰਸਿੱਖਾਂ ਅਤੇ ਭੱਟਾਂ ਵੱਲੋਂ ਰਚੀ ਸਰਬਸਾਂਝੀ, ਸਰਬਪੱਖੀ ਅਤੇ ਸਰਬੱਤ ਦੇ ਭਲੇ ਵਾਲੀ ਗੁਰਬਾਣੀ ਕਲਯੁਗ ਦੇ ਬੋਹਿਥ ਅਤੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਜਿਨ੍ਹਾਂ ਚਾਰ ਗੁਰਸਿੱਖਾਂ ਨੇ ਬਾਣੀ ਉਚਾਰੀ ਉਨ੍ਹਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਹਿਲਾ, ਪਰਮ ਅਤੇ ਪ੍ਰੇਮੀ ਸਿੱਖ ਅਤੇ ਰਬਾਬੀ ਭਾਈ ਮਰਦਾਨਾ ਜੀ ਵੀ ਸ਼ਾਮਲ ਹੈ। ਬਾਣੀ ਉਚਾਰਨ ਦੀ ਕਲਾ ਭਾਈ ਮਰਦਾਨੇ ਵਿੱਚ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਅਤੇ ਦਿੱਬ ਦ੍ਰਿਸ਼ਟੀ ਕਾਰਨ ਹੀ ਪ੍ਰਗਟ ਹੋਈ। ਗੁਰੂ ਜੀ ਨੇ ਆਪਣੇ ਸਾਥੀ 'ਤੇ ਮਹਾਨ ਬਖਸ਼ਿਸ਼ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸਦਾ ਲਈ ਆਪਣੇ ਨਾਲ ਬਿਠਾ ਲਿਆ। ਇਸ ਤੋਂ ਵੱਡੀ ਮਹਾਨਤਾ, ਵਡਿਆਈ ਅਤੇ ਸੋਭਾ ਹੋਰ ਕੀ ਹੋ ਸਕਦੀ ਹੈ? ਇਹ ਪ੍ਰਕਰਨ ਦਰਸਾਉਂਦਾ ਹੈ ਕਿ ਗੁਰੂ ਦੀ ਕੀਤੀ ਹੋਈ ਸੇਵਾ, ਗੁਰੂ ਦੇ ਬਚਨਾਂ 'ਤੇ ਕੀਤਾ ਅਮਲ, ਗੁਰੂ 'ਤੇ ਕੀਤਾ ਹੋਇਆ ਭਰੋਸਾ ਅਤੇ ਗਾਈ ਹੋਈ ਨਾਮ ਦੀ ਮਹਿਮਾਂ ਬੰਦੇ ਨੂੰ ਗੁਰੂ ਜੈਸਾ ਹੀ ਬਣਾ ਦਿੰਦੀ ਹੈ। ਗੁਰੂ ਸ਼ਕਤੀ ਐਸੀ ਹੈ ਜਿਹੜੀ ਅਗਿਆਨਤਾ ਦੇ ਹਨੇਰੇ ਨੂੰ ਮਨੁੱਖੀ ਹਿਰਦੇ 'ਚੋਂ ਦੂਰ ਕਰ ਕੇ ਪ੍ਰਭੂ ਗਿਆਨ ਦਾ ਨੂਰੀ ਪ੍ਰਕਾਸ਼ ਕਰ ਦਿੰਦੀ ਹੈ।

SIKHBOOKCLUB.COM

ਭਾਈ ਮਰਦਾਨਾ 50 ਸਾਲ ਤੋਂ ਵੀ ਵੱਧ ਸਮਾਂ ਗੁਰੂ ਨਾਨਕ ਦੇਵ ਜੀ ਦੇ ਅੰਗ-ਸੰਗ ਰਿਹਾ। ਏਨੇ ਲੰਮੇ ਅਰਸੇ ਤੱਕ ਉਸ ਨੇ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਸੰਪੂਰਨ ਸਮਰਪਣ ਕਰ ਦਿੱਤਾ। ਉਹ ਗੁਰੂ ਜੀ ਦੀ ਪ੍ਰੀਤ ਦਾ ਪਰਵਾਨਾ, ਦੀਵਾਨਾ ਅਤੇ ਮਸਤਾਨਾ ਬਣ ਗਿਆ। ਆਪਣੀ ਰਬਾਬ ਰਾਹੀਂ ਉਸ ਨੇ ਇਲਾਹੀ ਬਾਣੀ ਦੇ ਤਰਾਨੇ ਗੁਰੂ ਜੀ ਨਾਲ ਮਿਲ ਕੇ ਗਾਏ ਜਿਸ ਕਾਰਨ ਨਾਮ ਬਾਣੀ ਦਾ ਖ਼ਜ਼ਾਨਾ ਉਸ ਨੂੰ ਪ੍ਰਾਪਤ ਹੋ ਗਿਆ। ਸਤਿਗੁਰਾਂ ਦੀ ਸੰਗਤ ਕਾਰਨ ਹਿਰਦੇ ਅੰਦਰ ਐਸੀ ਰੰਗਤ ਚੜ੍ਹ ਗਈ ਕਿ ਉਨ੍ਹਾਂ ਦੀ ਪਾਰਸ ਰੂਪੀ ਛੂਹ ਨਾਲ ਕੁੰਦਨ ਅਤੇ ਚੰਦਨ ਜੈਸਾ ਹੋ ਨਿਬੜਿਆ। ਭਗਤ ਕਬੀਰ ਜੀ ਦੇ ਕਥਨ ਅਨੁਸਾਰ:

*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥*

ਇੰਞ ਜੋਗ, ਜੋਤ ਅਤੇ ਜੁਗਤ ਦਾ ਐਸਾ ਚਮਤਕਾਰ ਹੋਇਆ ਕਿ ਭਾਈ ਮਰਦਾਨੇ ਨੂੰ ਬ੍ਰਹਮ ਦੀ ਪਛਾਣ ਹੋ ਗਈ ਸੱਚ ਉਸ ਦੇ ਹਿਰਦੇ 'ਚ ਵਸਣ ਕਰ ਕੇ ਗਿਆਨ ਦਾ ਨੇਤ੍ਰ ਖੁਲ੍ਹ ਗਿਆ। ਉਹ ਐਸੀ ਅਗੰਮੀ, ਅਦੁੱਤੀ ਅਤੇ ਅਚੰਭੇ ਵਾਲੀ ਅਵਸਥਾ ਵਿੱਚ ਪਹੁੰਚ ਗਿਆ ਕਿ ਉਸ ਦੇ ਮੂੰਹ 'ਚੋਂ ਰੱਬੀ ਬਾਣੀ ਦੇ ਸਲੋਕ ਇਸ

ਤਰ੍ਹਾਂ ਨਿਕਲੇ ਜਿਵੇਂ ਸੂਰਜ ਉਦੈ ਹੋਣ ਨਾਲ ਪ੍ਰਕਾਸ਼ ਉਪਜਦਾ ਹੈ, ਬੱਦਲਾਂ ਦੀ ਗੜਗੜਾਹਟ ਅਤੇ ਅਸਮਾਨੀ ਬਿਜਲੀ ਦੀ ਕੜਕੜਾਹਟ ਪਿੱਛੋਂ ਵਰਖਾ ਦੀ ਝੜੀ ਲੱਗ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 553 'ਤੇ ਬਿਹਾਗੜੇ ਕੀ ਵਾਰ ਮਹਲਾ 4 ਵਿੱਚ ਭਾਈ ਮਰਦਾਨਾ ਜੀ ਦੇ 3 ਸਲੋਕ ਸੁਸ਼ੋਭਿਤ ਹਨ :

ਸਲੋਕ ਮਰਦਾਨਾ 1 ॥ ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥ ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥ ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥ ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ॥ ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ॥ ਗੁਰਮੁਖਿ ਪਾਈਐ ਨਾਨਕਾ ਖਾਧੇ ਜਾਹਿ ਬਿਕਾਰ॥1॥ਮਰਦਾਨਾ 1॥ ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥ ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲ॥ ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥ ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ॥ ਨਾਨਕ ਇਹੁ ਭੋਜਨ ਸਚੁ ਹੈ ਸਚੁ ਨਾਮੁ ਆਧਾਰੁ॥2॥ ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥ ਸਤਿਸੰਗਤ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ॥3॥

## ਭਾਈ ਮਰਦਾਨਾ ਜੀ ਦੀ ਬਾਣੀ ਦੀ ਪਰਮਾਣਕਤਾ ਸੰਬੰਧੀ ਵਿਚਾਰ

SIKHBOOKCLUB.COM

ਉਪਰੋਕਤ ਅੰਕਿਤ ਕੀਤੇ ਭਾਈ ਮਰਦਾਨਾ ਜੀ ਦੇ 3 ਸਲੋਕਾਂ ਦੀ ਪਰਮਾਣਕਤਾ ਸੰਬੰਧੀ ਇਤਿਹਾਸਕਾਰਾਂ, ਗੁਣੀ ਗਿਆਨੀਆਂ ਅਤੇ ਖੋਜੀਆਂ ਨੇ ਵੱਖ ਵੱਖ ਵਿਚਾਰ ਵਰਨਣ ਕੀਤੇ ਹਨ। ਕਈ ਲਿਖਾਰੀਆਂ ਨੇ ਇਹ ਲਿਖਿਆ ਹੈ ਕਿ ਕਿਉਂਕਿ ਸ਼ਬਦਾਂ ਦੇ ਅਖੀਰ 'ਤੇ ਮਰਦਾਨੇ ਦਾ ਨਾਮ ਨਹੀਂ ਹੈ ਪਰ ਗੁਰੂ ਨਾਨਕ ਦਾ ਨਾਮ ਹੈ, ਇਸ ਲਈ ਇਹ ਸ਼ਬਦ ਮਰਦਾਨੇ ਨੇ ਨਹੀਂ ਉਚਾਰੇ। ਗੁਰੂ ਸਾਹਿਬ ਨੇ ਇਨ੍ਹਾਂ ਸ਼ਬਦਾਂ ਰਾਹੀਂ ਭਾਈ ਮਰਦਾਨਾ ਜੀ ਨੂੰ ਵਿਕਾਰ ਪੈਦਾ ਕਰਨ ਵਾਲੇ ਭੋਜਨ ਸੰਬੰਧੀ ਕਲਯੁਗੀ ਬੰਦਿਆਂ ਦੀ ਅਵਸਥਾ ਬਾਰੇ ਦਰਸਾਇਆ ਹੈ। ਦੁਨਿਆਵੀ ਨਸ਼ਿਆਂ ਜੋ ਭੈੜੀਆਂ ਵਾਸ਼ਨਾਵਾਂ ਪੈਦਾ ਕਰਦੇ ਹਨ ਨੂੰ ਤਿਆਗ ਕੇ ਸੱਚੇ ਨਾਮ ਰਸ ਪ੍ਰਾਪਤ ਕਰਨ, ਚੰਗੇ ਗੁਣ ਧਾਰਨ ਕਰਨ ਅਤੇ ਸਤਿ ਸੰਗਤ ਕਰਨ ਦੀ ਸਿੱਖਿਆ ਬਾਰੇ ਸੰਬੋਧਨ ਕੀਤਾ ਹੈ। ਗਿਆਨੀ ਬਦਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਟੀਕੇ ਫਰੀਦਕੋਟ' ਪੰਨਾ 1161, ਜਿਲਦ 2 ਜੋ 1925 ਵਿੱਚ ਪ੍ਰਕਾਸ਼ਤ ਹੋਇਆ ਨੂੰ ਆਧਾਰ ਬਣਾ ਕੇ ਲਿਖਿਆ ਹੈ ਕਿ ਇਹ ਸ਼ਬਦ ਭਾਈ ਮਰਦਾਨਾ ਜੀ ਨੇ ਨਹੀਂ ਸਗੋਂ ਗੁਰੂ ਨਾਨਕ ਦੇਵ ਜੀ ਦੇ ਹੀ ਉਚਾਰੇ ਹੋਏ ਹਨ।

ਪਰ ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰਮਤਿ ਮਾਰਤੰਡ' ਭਾਗ ਪਹਿਲਾ ਪੰਨਾ 415 ਸੰਨ 1962 ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਾਪਿਆ, ਭਾਈ ਮਰਦਾਨਾ ਜੀ ਨੂੰ 36 ਬਾਣੀਕਾਰਾਂ ਵਿੱਚ ਮੰਨਿਆ ਹੈ। ਇਸੇ ਤਰ੍ਹਾਂ ਪ੍ਰੋਫੈਸਰ ਪਿਆਰਾ ਸਿੰਘ ਪਦਮ ਨੇ ਗੁਰੂ ਗ੍ਰੰਥ ਸਾਹਿਬ ਰਤਨਾਵਲੀ ਪੰਨਾ 140 'ਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿੱਚ, ਜੋ ਭਾਸ਼ਾ ਵਿਭਾਗ ਦੇ ਸਾਬਕਾ ਮੁਖੀ ਡਾਕਟਰ ਤਾਰਨ ਸਿੰਘ ਨੇ ਛਾਪਿਆ, ਵਿੱਚ ਇਹ ਬਾਣੀ ਭਾਈ ਮਰਦਾਨਾ ਜੀ ਦੀ ਮੰਨੀ ਹੈ। ਡਾਕਟਰ ਸਰੂਪ ਸਿੰਘ ਅਲੱਗ ਨੇ 'ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ', 2002 ਦੇ ਪੰਨਾ 133 'ਤੇ ਭਾਈ ਮਰਦਾਨਾ ਜੀ ਨੂੰ ਚਾਰ ਗੁਰ ਸਿੱਖ ਸੇਵਕਾਂ ਜੋ ਬਾਣੀ ਕਰਤਾ ਹਨ ਵਿੱਚ ਸ਼ਾਮਲ ਕੀਤਾ ਹੈ। ਡਾਕਟਰ ਮਹਿੰਦਰ ਕੌਰ ਗਿੱਲ ਵੱਲੋਂ ਲਿਖੀ ਪੁਸਤਕ 'ਭਾਈ ਮਰਦਾਨਾ' ਜੋ 2010 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਛਾਪੀ ਗਈ, ਨੇ ਵੀ ਭਾਈ ਮਰਦਾਨੇ ਨੂੰ ਬਾਣੀਕਾਰ ਮੰਨਿਆ ਹੈ।

ਜੇਕਰ ਬਿਹਾਗੜੇ ਕੀ ਵਾਰ ਦੇ ਇਨ੍ਹਾਂ ਤਿੰਨਾਂ ਸਲੋਕਾਂ ਨੂੰ ਗਹੁ ਨਾਲ ਦੇਖੀਏ ਅਤੇ ਵਿਚਾਰੀਏ ਤਾਂ :

1. ਸਿਰਲੇਖ ਅੰਦਰ ਸਲੋਕ ਮਰਦਾਨਾ 1 (ਸਲੋਕ 1 ਅਤੇ 2) ਲਿਖਿਆ ਹੋਇਆ ਹੈ ਅਤੇ ਮਹਲਾ ਸ਼ਬਦ ਨਹੀਂ ਵਰਤਿਆ ਗਿਆ। ਜਦ ਕਿ ਸਾਰੀ ਵਾਰ ਦੇ ਵਿੱਚ ਸਲੋਕ ਮ:1 ਸਲੋਕ ਮ:3 ਅੰਕਿਤ ਕੀਤੇ ਹੋਏ ਹਨ।
2. ਸਲੋਕਾਂ ਦੀ ਗਿਣਤੀ 1,2 ਅਤੇ 3 ਦਰਸਾਈ ਗਈ ਹੈ। ਜਿਸ ਦਾ ਭਾਵ ਹੈ ਇਹ ਤਿੰਨੇ ਸਲੋਕ ਮਰਦਾਨਾ ਜੀ ਨੇ ਹੀ ਉਚਾਰੇ ਹਨ।
3. ਜਿਵੇਂ ਕਈ ਲਿਖਾਰੀਆਂ ਨੇ ਦਰਸਾਇਆ ਹੈ ਕਿ ਇਹ ਸਲੋਕ ਗੁਰੂ ਜੀ ਨੇ ਭਾਈ ਮਰਦਾਨਾ ਨੂੰ ਸੰਬੋਧਨ ਕੀਤੇ ਹਨ। ਪਰ ਜੇਕਰ ਉਹ ਭਾਈ ਮਰਦਾਨਾ ਨੂੰ ਸੰਬੋਧਨ ਕਰਦੇ ਤਾਂ ਸਲੋਕ ਦੀ ਬਣਤਰ ਹੋਰ ਤਰ੍ਹਾਂ ਕਰਦੇ ਜਿਵੇਂ ਉਨ੍ਹਾਂ ਭਾਈ ਲਾਲੋ ਨੂੰ ਸੰਬੋਧਨ ਕੀਤਾ:

   *ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥*
   *ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨ ਵੇ ਲਾਲੋ॥*

4. ਕਈ ਲਿਖਾਰੀ ਇਨ੍ਹਾਂ ਸ਼ਬਦਾਂ ਨੂੰ ਇਸ ਕਰਕੇ ਭਾਈ ਮਰਦਾਨਾ ਜੀ ਦੇ ਨਹੀਂ ਮੰਨਦੇ ਕਿ ਸ਼ਬਦਾਂ ਵਿੱਚ ਨਾਨਕ ਨਾਮ ਹੀ ਹੈ। ਅਸਲ ਵਿੱਚ ਗੁਰੂ ਨਾਨਕ ਅਤੇ ਭਾਈ ਮਰਦਾਨੇ ਵਿੱਚ ਕੋਈ ਅੰਤਰ ਨਹੀਂ ਸੀ ਰਿਹਾ। ਜਿਸ ਤਰ੍ਹਾਂ ਦੂਜੇ ਗੁਰੂ ਸਾਹਿਬਾਨ ਨੇ ਸ਼ਬਦਾਂ ਵਿੱਚ ਨਾਨਕ ਨਾਮ ਹੀ ਵਰਤਿਆ ਹੈ ਕਿਉਂਕਿ ਜੋਤ ਇੱਕ ਸੀ। ਇਸੇ ਤਰ੍ਹਾਂ ਭਾਈ ਮਰਦਾਨੇ ਨੇ ਆਪਣੇ ਆਪ ਨੂੰ ਮੁੱਖ ਨਹੀਂ ਰੱਖਿਆ ਨਾਨਕ ਨਾਮ ਹੀ ਆਪਣੇ ਸਲੋਕਾਂ ਵਿੱਚ ਵਰਤਿਆ।

ਪੁਰਾਤਨ ਇਤਿਹਾਸਕ ਜੀਵਨੀਆਂ ਵਿੱਚ ਵੀ ਇਹ ਸ਼ਬਦ ਅੰਕਿਤ ਹਨ :

'ਬਾਬਾ ਤੇਰਾ ਮੇਰਾ ਅੰਤਰ ਨਾਹੀ। ਤੂ ਖੁਦਾਇ ਦਾ ਡੂਮ ਹਉ ਤੇਰਾ ਡੂਮ! ਤੈਂ ਖੁਦਾਇ ਪਾਇਆ ਹੈ, ਤੈਂ ਖੁਦਾਇ ਦੇਖਿਆ ਹੈ, ਤੇਰਾ ਕਿਹਾ ਖੁਦਾਇ ਪਾਇਆ ਹੈ, ਮੇਰੀ ਬੇਨਤੀ ਹੈ, ਇਕ ਮੈਨੂੰ ਵਿਛੋੜਨਾ ਨਾਹਿ, ਆਪ ਨਾਲਹੁ ਨ ਐਥੇ ਨ ਉਥੇ'।

ਗੁਰੂ ਜੀ ਨੇ ਫੁਰਮਾਇਆ, 'ਮਰਦਾਨਿਆ ਤੁਧ ਉਪਰ ਮੇਰੀ ਖੁਸ਼ੀ ਹੈ, ਜਿੱਥੇ ਤੇਰਾ ਵਾਸਾ ਉਥੇ ਮੇਰਾ ਵਾਸਾ'।

ਸੋ ਉਪਰੋਕਤ ਤੱਥ ਦਰਸਾਉਂਦੇ ਹਨ ਕਿ ਇਹ ਤਿੰਨ ਸਲੋਕ ਭਾਈ ਮਰਦਾਨਾ ਜੀ ਨੇ ਹੀ ਉਚਾਰੇ ਹਨ

## ਸਲੋਕਾਂ ਦੇ ਸ਼ਬਦਾਰਥ

ਇਨ੍ਹਾਂ ਸਲੋਕਾਂ ਰਾਹੀਂ ਭਾਈ ਮਰਦਾਨਾ ਜੀ ਨੇ ਕਲਯੁਗੀ ਮਨੁੱਖਾਂ ਦੀ ਹਾਲਤ ਬਿਆਨ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨਾਲ ਬਹੁਤ ਲੰਮਾ ਸਮਾਂ ਉਦਾਸੀਆਂ ਦੌਰਾਨ ਦੂਰ-ਦੁਰਾਡੇ ਵਿਚਰਦਿਆਂ, ਤਰ੍ਹਾਂ ਤਰ੍ਹਾਂ ਦੇ ਹੰਕਾਰੀ, ਵਿਕਾਰੀ, ਸ਼ਿਕਾਰੀ, ਕਾਮੀ, ਲੋਭੀ, ਕ੍ਰੋਧੀ, ਸ਼ਰਾਬੀ, ਕਬਾਬੀ, ਠੱਗ, ਤਸਕਰ, ਮਸਕਰ, ਪਾਪੀ, ਪਾਖੰਡੀ ਆਦਿ ਬੰਦੇ ਦੇਖੇ। ਇਸ ਤੋਂ ਇਲਾਵਾ ਆਪਣੇ ਆਪ ਨੂੰ ਧਰਮੀ ਅਖਵਾਉਣ ਵਾਲੇ ਸਿੱਧਾਂ, ਜੋਗੀਆਂ, ਕਾਜੀਆਂ, ਪਾਂਡਿਆਂ, ਬਾਮ ਮਾਰਗੀਆਂ ਆਦਿ ਦੀਆਂ ਮਹਿਫਲਾਂ ਤੱਕੀਆਂ ਜਿਨ੍ਹਾਂ ਅਨੁਸਾਰ ਸ਼ਿਵ ਤੇ ਸ਼ਕਤੀ ਮਾਸ ਅਤੇ ਸ਼ਰਾਬ ਵਗੈਰ ਪ੍ਰਸੰਨ ਨਹੀਂ ਹੁੰਦੇ। ਇਹ ਸਰੀਰਾਂ ਦੀ ਤਾਕਤ ਲਈ ਮਾਸ ਅਤੇ ਸੁਰਤੀ ਟਿਕਾਉਣ ਲਈ ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ ਕਰਦੇ ਸਨ। ਏਮਨਾਬਾਦ ਦੀ ਜੰਗ ਅੰਦਰ ਜਿੱਥੇ ਪਰਜਾ ਦਾ ਲਹੂ ਡੁਲ੍ਹਿਆ, ਧਨ, ਦੌਲਤ ਅਤੇ ਇੱਜਤਾਂ ਲੁੱਟੀਆਂ/ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਨੂੰ ਵੀ ਨਹੀਂ ਬਖਸ਼ਿਆ। ਜੰਗ ਉਪਰੰਤ ਜਦੋਂ ਦੁਨੀਆਂ ਦੇ 'ਦੀਨ ਸ਼ਾਹ' ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਦੁਨੀ ਪਤਿ' ਬਾਬਰ ਨਾਲ ਮਿਲਣੀ ਹੋਈ ਤਾਂ ਸਤਿਗੁਰਾਂ ਬਾਬਰ ਨੂੰ ਮੂੰਹ 'ਤੇ ਜਾਬਰ ਆਖਿਆ। ਬਾਬਰ ਨੇ ਬਾਬੇ ਦਾ ਹੁਕਮ ਮੰਨ ਕੇ ਲੁੱਟਿਆ ਧਨ ਦੌਲਤ ਲੋਕਾਈ ਨੂੰ ਵੰਡ ਦਿੱਤਾ। ਨਜ਼ਰਾਨੇ ਵਜੋਂ ਗੁਰੂ ਸਾਹਿਬ ਨੂੰ ਅੰਗੂਰਾਂ ਦੀ ਸ਼ਰਾਬ ਦਾ ਪਿਆਲਾ ਪੇਸ਼ ਕੀਤਾ। ਸਾਹਿਬਾਂ ਨੇ ਇਸ ਹੋਛੇ ਅਤੇ ਸ਼ਰਾਰਤ ਭਰੇ ਮਦ ਨੂੰ ਸਵੀਕਾਰ ਕਰਦਿਆਂ ਬਾਬਰ ਨੂੰ ਇਸ ਤੋਂ ਦੂਰ ਰਹਿਣ ਅਤੇ ਅੱਲਾ ਦੇ ਨਾਮ-ਰਸ ਦੇ ਪਿਆਲੇ ਪੀਣ ਲਈ ਪ੍ਰੇਰਨਾ ਦਿੱਤੀ। ਇਸ ਵਾਰਤਾ ਨੂੰ ਜੋ ਬਾਬੇ ਨਾਨਕ ਅਤੇ ਬਾਦਸ਼ਾਹ ਬਾਬਰ ਵਿੱਚਕਾਰ ਹੋਈ। ਇੱਕ ਕਵੀ ਨੇ ਬਹੁਤ ਹੀ ਦਿਲਚਸਪ ਅੰਦਾਜ਼ 'ਚ ਉਲੀਕਿਆ ਹੈ:

SIKHBOOKCLUB.COM

***ਬਾਬਰ***–*ਹਮਾਰੀ ਬਜ਼ਮਿ ਇਸ਼ਰਤ ਮੇ ਜੋ ਲੇ ਆਇਆ ਖ਼ੁਦਾ ਬਾਬਾ।*
*ਤੇ ਬਿਸ-ਮਿੱਲਾ ਜਾਮਿ ਬਾਦਹਾਇ ਅਹਿਮਰ, ਉਠਾ ਬਾਬਾ।*
*ਜਹਾਂ ਮੇਂ ਆਬਿ ਰਜ਼ ਸੇ, ਕੌਨ ਸਾ ਹੈ ਪਾਕਤਾਰ ਪਾਨੀ।*
*ਕਿ ਮਿਟ ਜਾਤੇ ਹੈਂ ਜਿਸ ਸੇ, ਦਫ਼ਤਰਿ ਮਾ ਓ ਸ਼ੁਮਾ ਬਾਬਾ।*
*ਗਨੀਮਤ ਜਾਨ ਕਰ ਮਹਿਫਲ ਸੇ, ਇਕ ਦੋ ਜਾਮ ਪੀਤਾ ਜਾ।*
*ਮਿਆਨੇ ਮਹਿਫਲਿ ਰਿੰਦਾਨੇ, ਦੂਰਦਾ ਸ਼ਾਮ ਪੀਤਾ ਜਾ।*

ਭਾਵ ਬਾਬਰ ਨੇ ਆਖਿਆ, "ਐ ਅੱਲ੍ਹਾ ਪਾਕ ਬਾਬਾ। ਖ਼ੁਦਾ ਨੇ ਤੈਨੂੰ ਸਾਡੀ ਐਸ਼ਾਂ ਭਰੀ ਮਹਿਫ਼ਲ 'ਚ ਭੇਜਿਆ ਹੈ। ਇਹ ਲਾਲ ਰੰਗੀ ਅੰਗੂਰੀ ਸ਼ਰਾਬ ਪੀ ਕੇ ਤੂੰ ਵੀ ਮੌਜ-ਮਸਤੀ ਕਰ। ਇਸ ਤੋਂ ਪਵਿੱਤਰ ਪਾਣੀ ਦੁਨੀਆਂ 'ਤੇ ਹੋਰ ਕੋਈ ਨਹੀਂ ਹੈ। ਇਸ ਦੇ ਪੀਣ ਨਾਲ ਸਭ ਥਕਾਵਟਾਂ ਦੂਰ ਹੋ ਜਾਂਦੀਆਂ ਹਨ। ਇਸ ਚੰਗੇ ਨਸ਼ੇ ਵਾਲੀ ਸ਼ਰਾਬ ਦੇ ਇੱਕ ਦੋ ਜਾਮ ਪੀ ਕੇ ਸਾਡੀ ਮਹਿਫ਼ਲ ਨੂੰ ਕੋਈ ਅਸੀਸ ਦੇ ਜਾ"।

***ਬਾਬਾ***–*ਵਹੁ ਮੈ ਅਪਨੀ ਹੈ, ਜਿਸ ਸੇ ਬਿਨ ਪੀਏ ਮਖ਼ਮੂਰ ਰਹਿਤੇ ਹੈਂ।*
*ਖ਼ਿਆਲਿ ਚਸ਼ਮਿ ਸਾਕੀ ਕੇ ਨਸ਼ੇ ਮੇਂ ਚੂਰ ਰਹਿਤੇ ਹੈ।*
*ਲੁੰਢਾਏ ਹੋਂ ਜਿਨ੍ਹੋਂ ਨੇ ਖ਼ੁੰਮ ਕੇ ਖਮ, ਸਹਿਬਾਏ ਇਰਫ਼ਾਂ ਕੇ।*
*ਕਹਾਂ ਵੁਹ ਤਾਲਬੇ ਅਫਸੁਰਦਾ-ਇ ਅੰਗੂਰ ਰਹਿਤੇ ਹੈਂ।*
*ਮੁਨਾਸਬ ਹੈ ਕਿ ਅਬ ਤਰਕਿ ਮਏ ਅੰਗੂਰ ਕਰ ਸ਼ਾਹਾ।*
*ਹਮਾਰੇ ਜਾਮ ਸੇ ਥੋੜ੍ਹੀ ਸੀ, ਅਫ ਮੰਨਜ਼ੂਰ ਕਰ ਸ਼ਾਹਾ।*

ਭਾਵ ਗੁਰੂ ਬਾਬੇ ਨਾਨਕ ਨੇ ਬਾਬਰ ਨੂੰ ਉੱਤਰ ਦਿੱਤਾ, "ਸ਼ਾਹਾ! ਸਾਡੇ ਪਾਸ ਜੋ ਖ਼ੁਮਾਰੀ ਦੇਣ ਵਾਲੀ ਵਸਤੂ ਹੈ, ਉਹ ਪ੍ਰਭੂ ਨਾਮ ਹੈ ਜਿਸ ਨਾਲ ਬਿਨਾ ਪੀਤਿਆਂ ਹੀ ਐਸਾ ਨਸ਼ਾ ਚੜ੍ਹਦਾ ਹੈ ਜਿਹੜਾ ਕਦੇ ਨਹੀਂ ਉਤਰਦਾ। ਸਾਡੇ ਪਾਸ ਨਾਮ ਤੇ ਆਤਮ ਗਿਆਨ ਦੇਣ ਵਾਲੇ ਅਤੇ ਸਰੀਰ ਨੂੰ ਖ਼ੁਮਾਰੀ ਦੇਣ ਵਾਲੇ ਨਸ਼ੇ ਦੇ ਮਟਕੇ ਭਰੇ ਪਏ ਹਨ। ਐ ਅੰਗੂਰਾਂ ਵਿੱਚੋਂ ਕੱਢੀ ਸ਼ਰਾਬ ਦੇ ਚਾਹਵਾਨ ਬਾਬਰ ਜੇਕਰ ਤੂੰ ਇਹ ਸ਼ਰਾਰਤ ਵਾਲਾ ਪਾਣੀ ਪੀਣਾ ਛੱਡ ਦੇਵੇਂ ਤਾਂ ਹਮੇਸ਼ਾ ਲਈ ਮਸਤੀ ਵਿੱਚ ਰਹੇਂਗਾ।

ਪ੍ਰਭੂ ਨਾਮ ਦਾ ਨਸ਼ਾ ਮੈਂ ਅਤੇ ਤੂੰ ਦਾ ਭੇਦ ਮਿਟਾ ਦਿੰਦਾ ਹੈ, ਗੁਰੂ ਗਿਆਨ ਦਾ ਪ੍ਰਕਾਸ਼ ਕਰਕੇ ਹਿਰਦੇ ਨੂੰ ਸਰ-ਸਬਜ਼ ਤੇ ਹਰਾ ਭਰਾ ਕਰ ਦਿੰਦਾ ਹੈ। ਉਹ 'ਮਨ ਜੀਤੈ ਜਗ ਜੀਤ' ਵਾਲੀ ਹਾਲਤ ਬਖ਼ਸ਼ ਕੇ ਸਫ਼ਲਤਾ ਪੂਰਬਕ ਸੰਸਾਰ ਤੋਂ ਤੋਰਦਾ ਹੀ ਨਹੀਂ ਸਗੋਂ ਅਮਰ ਕਰ ਦਿੰਦਾ ਹੈ। ਇਸ ਦੇ ਉਲਟ ਸ਼ਰਾਬ ਦਾ ਨਸ਼ਾ ਥੋੜ੍ਹੇ ਸਮੇਂ ਪਿੱਛੋਂ ਜਦੋਂ ਉੱਤਰ ਜਾਂਦਾ ਹੈ ਤਾਂ ਸਰੀਰ ਨੂੰ ਤੋੜ ਲਾ ਦਿੰਦਾ ਹੈ। ਬੰਦੇ ਨੂੰ ਭੋਗੀ, ਰੋਗੀ ਅਤੇ ਵਿਕਾਰੀ ਬਣਾ ਕੇ ਰੱਬ ਨਾਲੋਂ ਤੋੜ ਕੇ ਚੌਰਾਸੀ ਦੇ ਗੇੜ 'ਚ ਪਾ ਦਿੰਦਾ ਹੈ।

SIKHBOOKCLUB.COM

ਬਾਬੇ ਨਾਨਕ ਅਤੇ ਬਾਬਰ ਦੇ ਵਿਚਕਾਰ ਹੋ ਰਿਹਾ ਸੁਰਾ (ਸ਼ਰਾਬ) ਸੰਬੰਧੀ ਵਾਰਤਾਲਾਪ ਸਮੇਂ ਸੁਰਾਂ ਦਾ ਬਾਦਸ਼ਾਹ ਰਬਾਬੀ ਭਾਈ ਮਰਦਾਨਾ ਵੀ ਹਾਜ਼ਰ ਸੀ। ਇਸ ਤੋਂ ਇਲਾਵਾ ਮਰਦਾਨੇ ਨੇ ਸ਼ਰਾਬੀਆਂ ਦੇ ਰੰਗ-ਢੰਗ ਹੋਰ ਵੀ ਬੜੇ ਦੇਖੇ ਅਤੇ ਸੁਣੇ ਹੋਣਗੇ। ਜਿਵੇਂ ਏਮਨਾਬਾਦ ਸ਼ਹਿਰ ਦੇ ਬਾਹਰ ਸੰਤਾਂ-ਮਹਾਤਮਾ ਦੀ ਇੱਕ ਟੋਲੀ ਗੁਰੂ ਨਾਨਕ ਦੇਵ ਜੀ ਨੂੰ ਮਿਲੀ ਸੀ। ਉਹ ਅੰਨ ਨਾ ਮਿਲਣ ਕਾਰਨ ਭੁੱਖੇ ਸਨ। ਗੁਰੂ ਜੀ ਕੋਲ ਭੁੱਖ ਦੀ ਗੱਲ ਕੀਤੀ ਤਾਂ ਸਾਹਿਬਾਂ ਨੇ ਆਖਿਆ, "ਸ਼ਹਿਰ ਵਿੱਚ ਇੱਕ ਘਰ ਵਿਆਹ ਹੈ। ਜਾਉ ਉੱਥੇ ਖਾਣਾ ਮਿਲ ਸਕਦਾ ਹੈ"। ਜਦੋਂ ਇਹ ਵਿਆਹ ਵਾਲੇ ਘਰ ਪਹੁੰਚੇ ਤਾਂ ਅੱਗੋਂ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋਇਆਂ ਨੇ ਪਹਿਲਾਂ ਇਨ੍ਹਾਂ ਨੂੰ ਬੁਰਾ ਭਲਾ ਬੋਲਿਆ ਅਤੇ ਪਿੱਛੋਂ ਕੁੱਟ-ਮਾਰ ਵੀ ਕੀਤੀ। ਸੰਸਾਰੀ ਨਸ਼ਾ ਬੰਦੇ ਦੇ ਦਿਮਾਗ ਨੂੰ ਕੋਝਾ ਕਰ ਕੇ ਉਸ ਦੀ ਮੱਤ ਮਾਰ ਦਿੰਦਾ ਹੈ। ਫਿਰ ਉਹ ਊਲ-ਜਲੂਲ ਬਕਦਾ ਹੈ, ਖਰਮਸਤੀ ਕਰਦਾ ਹੈ ਅਤੇ ਨੀਮ ਬੇਹੋਸ਼ੀ ਵਾਲੀ ਹਾਲਤ ਕਾਰਨ ਨਾ ਤਾਂ ਉਸ ਨੂੰ ਆਪਣੀ ਅਤੇ ਨਾਂ ਹੀ ਪਰਾਏ ਦੀ ਪਛਾਣ ਰਹਿੰਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਦ੍ਰਿਸ਼ਟੀ ਹੋਣ 'ਤੇ ਕਲਯੁਗੀ ਜੀਵਾਂ ਦੇ ਉਧਾਰ ਲਈ ਭਾਈ ਮਰਦਾਨਾ ਜੀ ਨੇ ਬਾਣੀ ਉਚਾਰਨ ਕੀਤੀ।

ਪਹਿਲੇ ਸਲੋਕ ਵਿੱਚ ਅੰਕਿਤ ਕੀਤਾ ਹੈ, "ਇਸ ਕਲਯੁਗ ਦੇ ਸਮੇਂ ਅੰਦਰ ਜਿਸ ਨੂੰ ਕਲਾ ਦਾ ਯੁੱਗ ਵੀ ਕਿਹਾ ਜਾਂਦਾ ਹੈ। ਮਨੁੱਖੀ ਮਨ ਕਾਮ ਅਤੇ ਸ਼ਰਾਬ ਦੇ ਨਸ਼ੇ ਵਿੱਚ ਗ੍ਰਸਤਿਆ ਪਿਆ ਹੈ। ਅਰਥਾਤ ਮਨੁੱਖੀ ਸੋਚ ਮਾਨੋ ਸ਼ਰਾਬ ਕੱਢਣ ਵਾਲਾ ਭਾਂਡਾ ਹੈ, ਮਨ ਭਾਂਡੇ 'ਚੋਂ ਸ਼ਰਾਬ ਕੱਢ ਕੱਢ ਪਿਆ ਰਿਹਾ ਹੈ ਅਤੇ ਪੀਤੀ ਸ਼ਰਾਬ ਕਾਮ ਵਾਸ਼ਨਾ ਪੈਦਾ ਕਰ ਰਹੀ ਹੈ। ਮਨ ਅੰਦਰ ਉਪਜ ਰਿਹਾ ਗੁੱਸਾ ਮਾਨੋ ਸ਼ਰਾਬ ਪੀਣ ਵਾਲੀ ਕਟੋਰੀ ਹੈ ਅਤੇ ਇਹ ਕਟੋਰੀ ਮੋਹ ਨਾਲ ਇਤਨੀ ਭਰੀ ਹੋਈ ਹੈ ਕਿ ਇਸ ਵਿੱਚੋਂ ਅਹੰਕਾਰ ਹਰ ਸਮੇਂ ਉਛੱਲ ਰਿਹਾ ਹੈ। ਪੀਣ ਵਾਲਿਆਂ ਦੀ ਮਹਿਫ਼ਲ ਲੋਭੀ ਅਤੇ ਭੈੜੀਆਂ ਆਦਤਾਂ ਵਾਲਿਆਂ ਨਾਲ ਭਰਪੂਰ ਹੁੰਦੀ ਹੈ ਅਤੇ ਨਸ਼ਾ ਪੀ ਪੀ ਕੇ ਖੱਜਲ-ਖੁਆਰ ਕਰਦੀ ਹੈ। ਅਗਲੀਆਂ ਤੁਕਾਂ ਵਿੱਚ ਸਮਝਾਉਂਦੇ ਹਨ ਕਿ ਚੰਗਾ ਜੀਵਨ ਬਣਾਉਣ ਲਈ ਸ਼ਰਾਬ ਦੇ ਲਾਹਣ ਤਿਆਰ ਕਰਨ ਦੀ ਥਾਂ ਚੰਗੀ ਸੋਚ ਅਤੇ ਸ਼ੁੱਭ ਕਰਨੀ ਅਪਣਾਉ। ਸ਼ਰਾਬ ਦੀ ਤਿਆਰੀ ਕਰਨ ਲਈ ਗੁੜ ਦੀ ਵਰਤੋਂ ਵਾਂਗ ਸਰੀਰ ਰੂਪੀ ਭਾਂਡੇ ਵਿੱਚ ਸੱਚੇ ਨਾਮ ਦਾ ਗੁੜ ਪਾਉ। ਪ੍ਰਭੂ ਦਾ ਨਾਮ ਜੋ ਸੱਚਾ ਹੈ, ਉਸ ਨੂੰ ਅਸਲੀ ਸ਼ਰਾਬ ਸਮਝੋ। ਪੇਟ ਭਰਨ ਲਈ ਜਿਵੇਂ ਮੰਡੇ ਚਾਹੀਦੇ ਹਨ ਇਸੇ ਤਰ੍ਹਾਂ ਉੱਚੇ-ਸੁੱਚੇ ਜੀਵਨ ਲਈ ਵਧੀਆ ਗੁਣ ਧਾਰਨ ਕਰੋ, ਘਿਉ ਨਾਲ ਮੰਡੇ ਚੋਪੜਨ ਨਾਲ ਜਿਵੇਂ ਉਹ ਨਰਮ ਹੋ ਜਾਂਦੇ ਹਨ ਤਿਵੇਂ ਉਨ੍ਹਾਂ ਵਾਂਗ ਸੀਲ ਸੁਭਾਅ ਬਣਾਉ ਅਤੇ ਹਯਾ (ਸ਼ਰਮ) ਤੁਹਾਡੇ ਮਨ ਵਿੱਚ ਹੋਵੇ, ਜਿਵੇਂ ਖਾਣੇ ਵਿੱਚ ਮਾਸ ਨੂੰ ਜ਼ਰੂਰੀ ਸਮਝਦੇ ਹੋਂ। ਹੇ ਨਾਨਕ! ਜੇਕਰ ਕੋਈ ਗੁਰਮੁਖ ਬਣ ਕੇ ਐਸੇ ਉੱਤਮ ਗੁਣ ਧਾਰਨ ਕਰ ਲਵੇ ਤਾਂ ਉਸ ਦੇ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ।

ਦੂਜੇ ਸਲੋਕ ਰਾਹੀਂ ਉਪਦੇਸ਼ ਦੇ ਰਹੇ ਹਨ ਕਿ ਸ਼ਰਾਬੀ ਦਾ ਸਰੀਰ ਮਾਨੋ ਸ਼ਰਾਬ ਦੇ ਲਾਹਣ ਵਾਲੇ ਭਾਂਡੇ ਦੀ ਨਿਆਈਂ ਹੈ। ਸ਼ਰਾਬੀਆਂ ਦੀ ਮਹਿਫ਼ਲ ਆਪੇ ਨੂੰ ਮੁੱਖ ਰਖਦੀ ਹੈ ਅਤੇ ਸ਼ਰਾਬ ਦੀ ਪ੍ਰਾਪਤੀ ਲਈ ਮਨ ਵਿੱਚ ਹਰ ਸਮੇਂ ਭਟਕਣਾ ਅਤੇ ਚਿੰਤਾ ਲੱਗੀ ਰਹਿੰਦੀ ਹੈ। ਇਸ ਖ਼ਾਹਿਸ਼ ਦੀ ਪੂਰਤੀ ਲਈ ਝੂਠ ਦਾ ਸਹਾਰਾ ਲਿਆ ਜਾਂਦਾ ਹੈ, ਪਰ ਜੀਵਨ ਅੰਦਰ ਇਹ ਕੂੜ ਕ੍ਰਿਆ ਬੰਦੇ ਨੂੰ ਜਮਦੂਤਾਂ ਦੇ ਵੱਸ ਪਾ ਦਿੰਦੀ ਹੈ। ਹੇ ਨਾਨਕ! ਨਸ਼ਾ ਲੈਣ ਲਈ ਅਜਿਹੀ ਸ਼ਰਾਬ ਵਿਕਾਰਾਂ ਦਾ ਖ਼ਜ਼ਾਨਾ ਹੀ ਬਣਦੀ ਹੈ ਅਤੇ ਇਹ ਵਾਸ਼ਨਾ ਕਦੇ ਖ਼ਤਮ ਨਹੀਂ ਹੁੰਦੀ। ਪਹਿਲੇ ਸਲੋਕ ਦੇ ਸ਼ਬਦਾਂ ਨੂੰ ਦੁਹਰਾਉਂਦਿਆਂ ਸਮਝਾਇਆ ਹੈ ਕਿ ਬੰਦੇ! ਪ੍ਰਭੂ ਦੇ ਨਾਮ ਦਾ ਗਿਆਨ ਗੁੜ ਖਾਣ ਸਮਾਨ ਹਿਰਦੇ ਵਿੱਚ ਟਿਕਾ। ਮੰਡੇ (ਰੋਟੀਆਂ) ਖਾਣ ਵਾਂਗ ਉਸ ਰੱਬ ਦੀ ਸਿਫਤ-ਸਲਾਹ ਗਾ ਅਤੇ ਮਾਸ ਦੇ ਖਾਣੇ ਵਾਂਗ ਪ੍ਰਭੂ ਦੇ ਡਰ ਦੀ ਖਿੱਚ ਮਨ ਵਿੱਚ ਰੱਖ। ਹੇ ਨਾਨਕ! ਐਸਾ ਭੋਜਨ ਜੋ ਸੱਚੇ ਨਾਮ ਨਾਲ ਭਰਪੂਰ ਹੋਵੇ ਉਸ ਨੂੰ ਜੀਵਨ ਦਾ ਆਧਾਰ ਬਣਾ।

ਤੀਜੇ ਸਲੋਕ 'ਚ ਉਚਾਰਨ ਕੀਤਾ ਹੈ ਕਿ ਇਹ ਸਰੀਰ ਸ਼ਰਾਬ ਦੇ ਨਸ਼ੇ ਨਾਲ ਲਾਹਣ ਵਾਂਗ ਅਸ਼ੁੱਧ ਭਾਵ ਕੂੜ ਨਾਲ ਭਰਿਆ ਹੋਇਆ ਆਪ ਹੁਦਰਾ ਹੋ ਕੇ ਚਲਦਾ ਹੈ, ਪਰ ਪਰਮਾਤਮਾ ਨੇ ਇਸ ਸਰੀਰ ਅੰਦਰ ਅੱਤ ਅਮੋਲਕ ਰਤਨਾਂ ਰੂਪੀ ਅੰਮ੍ਰਿਤ ਟਿਕਾਇਆ ਹੋਇਆ ਹੈ। ਇਹ ਅੰਮ੍ਰਿਤ ਸਤਿ ਸੰਗਤ ਕਰਨ ਨਾਲ ਅਤੇ ਗੁਰਮੁਖਾਂ ਦੇ ਮਿਲਾਪ ਕਾਰਨ ਉਦੈ ਹੋ ਜਾਂਦਾ ਹੈ ਜਿਸ ਨੂੰ ਪੀਣ ਨਾਲ ਵਿਸ਼ੇ-ਵਿਕਾਰ ਖ਼ਤਮ ਜੋ ਜਾਂਦੇ ਹਨ। ਫਿਰ ਮਾਲਕ ਨਾਲ ਐਸੀ ਲਿਵ ਜੁੜ ਜਾਂਦੀ ਹੈ ਕਿ ਬੰਦਾ ਜੀਵਨ ਬਾਜ਼ੀ ਜਿੱਤ ਕੇ ਅਮਰ ਪਦ ਪ੍ਰਾਪਤ ਕਰ ਲੈਂਦਾ ਹੈ।

## ਸਲੋਕਾਂ ਦਾ ਤੱਤ ਸਾਰ

ਕਲਯੁਗੀ ਬੰਦਿਆਂ ਦੇ ਸਰੀਰ ਰੂਪੀ ਘੜੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨਾਲ ਸ਼ਰਾਬ ਦੇ ਮਟਕੇ ਵਾਂਗ ਭਰੇ ਹੋਏ ਹਨ। ਹੋਰ ਤਾਂ ਹੋਰ ਇਨ੍ਹਾਂ ਦੇ ਖਾਣੇ-ਦਾਣੇ ਵੀ ਵਿਸ਼ਿਆਂ, ਵਿਕਾਰਾਂ ਅਤੇ ਕੂੜ ਕ੍ਰਿਆਵਾਂ ਨਾਲ ਭਰਪੂਰ ਹਨ। ਜਿਸ ਕਾਰਨ ਸ਼ਰਮ ਅਤੇ ਧਰਮ ਖੰਭ ਲਾ ਕੇ ਉੱਡ ਗਏ ਹਨ। ਮਨਮੁੱਖ ਹੋ ਕੇ ਇਹ ਪਾਪ ਅਤੇ ਕੁਕਰਮ ਕਰ ਰਹੇ ਹਨ। ਭਾਈ ਮਰਦਾਨਾ ਜੀ ਨੇ ਰੱਬੀ ਬਾਣੀ ਰਾਹੀਂ ਸਮਝਾਇਆ ਹੈ ਕਿ ਸਾਡੇ ਵੱਡਮੁੱਲੇ ਜੀਵਨ ਅੰਦਰ ਆਤਮਿਕ ਕਲਿਆਣ ਹਿਤ ਸ਼ੁੱਭ ਅਮਲ ਸਾਡੇ ਸਰੀਰ ਰੂਪੀ ਭਾਂਡੇ ਵਿੱਚ ਵਸ ਜਾਣ, ਸਚਾਈ ਸਾਡੇ ਜੀਵਨ ਦਾ ਭੋਜਨ ਹੋਵੇ ਅਤੇ ਪ੍ਰਭੂ ਦਾ ਨਾਮ ਭਜਨ ਬੰਦਗੀ ਹੋਵੇ ਅਤੇ ਸ਼ਰਾਬ ਦੇ ਨਸ਼ੇ ਦੀ ਥਾਂ ਨਾਮ ਦਾ ਨਸ਼ਾ ਹੋਵੇ, ਨੇਕੀ ਤੇ ਨਿਮਰਤਾ ਸਾਡਾ ਖਾਣਾ, ਭਲਮਾਣਸੀ ਘਿਉ ਵਾਂਗ ਅਤੇ ਲੱਜਾ ਮਾਸ ਦੀ ਥਾਂ ਲੈ ਲਵੇ। ਰੋਗ ਸੋਗ ਪੈਦਾ ਕਰਨ ਵਾਲੇ ਸ਼ਰਾਬ ਦੇ ਨਸ਼ੇ ਦੀ ਥਾਂ ਪ੍ਰਭੂ ਦੇ ਨਾਮ ਦੀ ਖ਼ੁਮਾਰੀ ਚੜ੍ਹ ਜਾਵੇ। ਅਸੀਂ ਗੁਰਮੁਖ ਬਣ ਕੇ ਸਤਿ

SIKHBOOKCLUB.COM

ਸੰਗਤ ਕਰੀਏ ਜਿੱਥੇ ਵਾਹਿਗੁਰੂ ਦੇ ਨਾਮ ਦਾ ਅੰਮ੍ਰਿਤ ਰੂਪੀ ਪਿਆਲਾ ਪ੍ਰਭੂ ਪ੍ਰੀਤ ਪੈਦਾ ਕਰਦਾ ਹੈ। ਗੁਰੂ ਨਾਨਕ ਦੇ ਸਿੱਖ-ਸੇਵਕ ਬਣ ਜਾਈਏ ਤਾਂ ਕਿ ਸਾਡੇ ਜੀਵਨ ਦਾ ਨਿਸ਼ਾਨਾ ਪ੍ਰਭੂ ਮਿਲਾਪ ਪੂਰਾ ਹੋ ਜਾਵੇ।

ਗੁਰੂ ਸਾਹਿਬ ਦੇ ਬਾਣੀ ਦੇ ਬੋਲ ਹਨ:

*ਗੁਰੁ ਸਿਖੁ ਗੁਰੂ ਹੈ ਏਕੋ ਏਕੋ ਗੁਰ ਉਪਦੇਸੁ ਚਲਾਏ॥*
*ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥ (444)*

ਭਾਈ ਮਰਦਾਨਾ ਜੀ ਗੁਰਬਾਣੀ ਰਚੇਤਾ ਹੋਣ ਕਰ ਕੇ ਸਿੱਖੀ ਦੇ ਪਰਮ ਹੰਸ ਬਣ ਗਏ। ਜਿਸ ਤਰ੍ਹਾਂ ਸਮੁੰਦਰ ਵਿੱਚ ਬੇਅੰਤ ਸਿੱਪੀਆਂ ਪਾਣੀ 'ਤੇ ਤਰਦੀਆਂ ਰਹਿੰਦੀਆਂ ਹਨ। ਪਰ ਜਦੋਂ ਵਰਖਾ ਹੋਣ ਸਮੇਂ ਸ੍ਵਾਂਤੀ ਬੂੰਦ ਸਿੱਪੀ ਦੇ ਮੂੰਹ ਵਿੱਚ ਪੈ ਜਾਂਦੀ ਹੈ ਤਾਂ ਉਸ ਵਿੱਚ ਮੋਤੀ ਬਣ ਜਾਂਦਾ ਹੈ। ਇਹ ਮੋਤੀ ਬੜਾ ਹੀ ਕੀਮਤੀ ਹੁੰਦਾ ਹੈ। ਆਯੁਰਵੈਦਿਕ ਵਾਲੇ ਇਸ ਨੂੰ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ ਵਿੱਚ ਵਰਤਦੇ ਹਨ। ਹੰਸਾਂ ਦਾ ਖਾਣਾ ਵੀ ਕੇਵਲ ਮੋਤੀ ਹੀ ਹੈ। ਖੋਜੀਆਂ ਨੇ ਅੰਕਿਤ ਕੀਤਾ ਹੈ ਕਿ ਹੰਸ ਮੋਤੀ ਖਾ ਕੇ ਕੁਝ ਸਮੇਂ ਪਿੱਛੋਂ ਇਸ ਨੂੰ ਜਦੋਂ ਬਾਹਰ ਕੱਢ ਦਿੰਦਾ ਹੈ ਉਹ ਲਾਲ ਅਖਵਾਉਂਦਾ ਹੈ ਜੋ ਬਹੁਤ ਹੀ ਕੀਮਤੀ, ਅਨਮੋਲ, ਅਸਚਰਜ ਅਤੇ ਅਲੌਕਿਕ ਹੁੰਦਾ ਹੈ। ਗੁਰਬਾਣੀ ਦੇ ਸ਼ਬਦ ਅੰਮ੍ਰਿਤਮਈ, ਮਾਣਕ ਮੋਤੀ, ਜੀਵਨ ਜੋਤੀ ਹੀਰੇ, ਜਵਾਹਰਾਤ, ਲਾਲਾਂ ਅਤੇ ਰਤਨਾ ਦੀ ਨਿਆਈਂ ਹਨ। ਇਨ੍ਹਾਂ ਸ਼ਬਦਾਂ ਦੀ ਸੰਗਤ ਰੱਬ ਦੇ ਰਾਹ ਤੇ ਤੋਰਨ ਵਾਲੀ, ਰੰਗ-ਰੱਤਿਆਂ ਦੀ ਸੰਗਤ ਕਰਵਾਉਣ ਵਾਲੀ, ਗਿਆਨ ਦਾ ਪ੍ਰਕਾਸ਼ ਕਰ ਕੇ ਉਸ ਨਾਲ ਜੋੜਨ ਵਾਲੀ ਹੈ। ਜਿਨ੍ਹਾਂ ਵੀ ਇਸ ਇਲਾਹੀ ਬਾਣੀ ਨੂੰ ਰਚਿਆ ਉਨ੍ਹਾਂ ਦੀ ਕਥਾ ਅੱਤ ਨਿਆਰੀ, ਮਹਾਂ ਪਿਆਰੀ ਅਤੇ ਨਾਮ ਰਸ ਦੀ ਖੁਮਾਰੀ ਵਾਲੀ ਹੈ। ਐਸੇ ਪਰਉਪਕਾਰੀ ਪਰਵਾਨੇ ਅਤੇ ਦੀਵਾਨੇ ਭਾਵੇਂ ਸਰੀਰ ਕਰ ਕੇ ਚਲੇ ਗਏ। ਪਰ ਉਹਨਾਂ ਦੇ ਮਸਤਾਨੇ ਬੋਲ ਮਸ਼ਾਲ ਵਾਂਗ ਰੋਸ਼ਨ ਹਨ। ਉਨ੍ਹਾਂ ਦੀ ਦੀਵਾਨਗੀ ਵੀ ਅਟੱਲ ਹੈ। ਇਸ ਲਈ ਰਬਾਬੀ ਭਾਈ ਮਰਦਾਨਾ ਜੀ ਦਾ ਨਾਮ ਵੀ ਸਦਾ ਲਈ ਰੋਸ਼ਨ ਮੁਨਾਰੇ ਵਾਂਗ ਸੰਸਾਰ 'ਤੇ ਚਮਕ ਰਿਹਾ ਹੈ ਅਤੇ ਰਹੇਗਾ। ਪਰ ਇਹ ਸਾਰੀ ਰਹਿਮਤ ਗੁਰੂ ਨਾਨਕ ਦੇਵ ਜੀ ਦੀ ਹੈ। ਗੁਰਬਾਣੀ ਦੇ ਬੋਲ ਹਨ :

*ਜਾ ਕਉ ਮਿਹਰ ਮਿਹਰ ਮਿਹਰਵਾਨਾ॥*
*ਸੋਈ ਮਰਦੁ ਮਰਦੁ ਮਰਦਾਨਾ॥ (1084)*

SIKHBOOKCLUB.COM

# ਪੁਸਤਕ ਪ੍ਰਮਾਣ


ਗਯਾਨੀ ਮਹਿੰਦਰ ਸਿੰਘ ਰਤਨ, ਭਾਈ ਬਾਲੇ ਵਾਲੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ। ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ।

ਭਾਈ ਸਾਹਿਬ ਵੀਰ ਸਿੰਘ (1998) ਭਾਈ ਮਰਦਾਨਾ। ਭਾਈ ਵੀਰ ਸਿੰਘ ਸਾਹਿਤ ਸਦਨ, ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ, ਪ੍ਰਕਾਸ਼ਕ ਬੇਦੀ ਆਰਟ ਪ੍ਰਿੰਟਰਜ਼, ਨਵੀਂ ਦਿੱਲੀ

ਭਾਈ ਪੈੜਾ ਮੋਖਾ (1882 ਬਿਕ੍ਰਮੀ) ਮੁਖ ਲਿਖਤ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ।

ਭਾਈ ਕਾਨ੍ਹ ਸਿੰਘ ਨਾਭਾ (1962) ਗੁਰਮਤ ਮਾਰਤੰਡ ਭਾਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ।

ਗਿਆਨੀ ਗਿਆਨ ਸਿੰਘ (1970) ਤਵਾਰੀਖ ਗੁਰੂ ਖ਼ਾਲਸਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਗੰਡਾ ਸਿੰਘ (1946) ਸਿੱਖ ਇਤਿਹਾਸ ਬਾਰੇ। ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਤ੍ਰਿਲੋਚਨ ਸਿੰਘ (1972) ਜੀਵਨ ਚਰਿਤ੍ਰ ਗੁਰੂ ਨਾਨਕ ਦੇਵ ਜੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।

ਸ਼ਮਸ਼ੇਰ ਸਿੰਘ ਅਸ਼ੋਕ (1995) ਮਿਰਾਸੀਆਂ ਦਾ ਪਿਛੋਕੜ ਤੇ ਭਾਈ ਮਰਦਾਨਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ।

ਬਲਬੀਰ ਸਿੰਘ (1980) ਲੰਮੀ ਨਦਰਿ, ਖ਼ਾਲਸਾ ਸਮਾਚਾਰ ਅੰਮ੍ਰਿਤਸਰ।

ਮਹਿੰਦਰ ਕੌਰ ਗਿੱਲ (2010) ਭਾਈ ਮਰਦਾਨਾ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਕੁਲਦੀਪ ਸਿੰਘ ਸੂਰੀ (2013) ਭਾਈ ਮਰਦਾਨਾ। ਪ੍ਰਕਾਸ਼ਕ ਸਿੰਘ ਬ੍ਰਦਰਜ਼ ਅੰਮ੍ਰਿਤਸਰ।

ਗੁਰਦੇਵ ਸਿੰਘ ਪੰਦੋਹਲ (2008) ਗੁਰੂ ਘਰ ਦੇ ਸ਼ਰਧਾਲੂ। ਮੀਰ, ਸੰਗਮ ਪਬਲੀਕੇਸ਼ਨ ਸਮਾਣਾ।

ਰਣਜੀਤ ਸਿੰਘ ਖੜਗ (2010) ਨਾਨਕ ਸਾਇਰ ਇਵ ਕਹਿਆ। ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।


SIKHBOOKCLUB.COM

ਤੇਜਿੰਦਰ ਸਿੰਘ (2002) ਗੁਰਮਤਿ ਸੰਗੀਤ ਪ੍ਰਕਾਸ਼।ਪ੍ਰਕਾਸ਼ ਸਿੰਘ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ

ਪਰਮਜੋਤ ਸਿੰਘ, ਕਿਨਿ ਬਿਧਿ ਕੀਰਤਨ ਗਾਏ ਜੀਉ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-21

ਅਮਨਪ੍ਰੀਤ ਕੌਰ (2008) ਪੰਜਾਬ ਦਾ ਸੰਗੀਤ ਜਗਤ ਪਬਲਿਸਰਜ਼ ਲੋਕ ਗੀਤ, ਪ੍ਰਕਾਸ਼ਨ ਚੰਡੀਗੜ੍ਹ।

ਸੁਰਪ੍ਰੀਤ ਸਹਿਗਲ (2005) ਸੰਗੀਤ ਤੇ ਸੰਗੀਤਕਾਰ। ਸੰਗਮ ਪਬਲੀਕੇਸ਼ਨ, ਸਮਾਣਾ।

ਜਸਵੰਤ ਸਿੰਘ ਨੇਕੀ (2011) ਅਸਲ ਵਿਦਿਆ। ਪ੍ਰਕਾਸ਼ਕ ਸੁਕ੍ਰਿਤ ਟਰਸਟ 3454, ਫੇਜ਼ 2, ਦੁੱਗਰੀ, ਲੁਧਿਆਣਾ।

SIKHBOOKCLUB.COM

